ਸਾਹਿਤ, ਕਲਾ ਅਤੇ ਸਭਿਆਚਾਰ ਦਾ ਅੰਤਰਰਾਸ਼ਟਰੀ ਤ੍ਰੈਮਾਸਿਕ

*SHABAD is an International Quarterly of Literature, Art and Culture*

# ਸ਼ਬਦ

**ਸਾਲ : ਚੌਦਵਾਂ** **ਪੁ : ਲੜੀ : ਪਚਵੰਜਾ** **ਜੁਲਾਈ-ਸਤੰਬਰ, 2011**

*ਸੰਪਾਦਕ*

**ਹਰਜੀਤ ਅਟਵਾਲ**

67, Hillside Road, Southall

Middlesex , England. UB1 2PE

Ph. : 020-85780393

Mobile : 07782-265726

e mail: harjeetatwal@yahoo.co.uk

**ਹਰਮਹਿੰਦਰ ਚਹਿਲ**

7305, Sterling Grove Dr.

Springfield VA 22150 U.S.A.

Email : Chahals57@Yahoo.com

Ph. 001-703-362-3239

*ਵਿਸ਼ੇਸ਼ ਸਹਿਯੋਗ :*

**ਪ੍ਰੇਮ ਮਾਨ**

+ 001-860-983-5002

*Managing Editor*

***Shiv, Vinod Kumar***

**ਭਾਰਤ ਵਿਚ ਰਚਨਾਵਾਂ ਅਤੇ ਚੰਦਾ ਭੇਜਣ ਲਈ ਪਤਾ**

984, Model House, Near Surinder Welding Works, Jalandhar-144003

Mobile No. + 94649-34106

**e mail: saifsm20 @ yahoo.com**

***ਚੰਦਾ :*** 15 ਪੌਂਡ ਸਾਲਾਨਾ, 40 ਡਾਲਰ ਸਾਲਾਨਾ, 100 ਰੁ: ਸਾਲਾਨਾ

***ਲਾਈਫ ਮੈਂਬਰਸ਼ਿਪ :*** ਪੰਜ ਹਜ਼ਾਰ ਰੁਪਏ

ਭਾਰਤ ਵਿਚ ਚੈੱਕ, ਬੈਂਕ ਡਰਾਫਟ 'ਤੇ ਕੇਵਲ ਸ਼ਿਵ

(Shiv) ਲਿਖਿਆ ਹੋਣਾ ਚਾਹੀਦਾ ਹੈ।

ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕਿਸੇ ਵੀ ਕਾਨੂੰਨੀ ਝਗੜੇ ਲਈ ਲੇਖਕ ਆਪ ਜ਼ੁੰਮੇਵਾਰ ਹੋਵੇਗਾ।

## ਮੇਰਾ ਪੰਨਾ

ਸੰਤੁਲਨ ਕੁਦਰਤ ਦਾ ਇਕ ਅਹਿਮ ਨਿਯਮ ਹੈ। ਇਹ ਨਿਯਮ ਆਦਮੀ ਉਪਰ ਵੀ ਲਾਗੂ ਹੁੰਦਾ ਹੈ। ਆਦਮੀ ਦੇ ਜੀਵਨ ਦਾ ਗ੍ਰਾਫ ਕਦੇ ਵੀ ਸਿੱਧਾ ਨਹੀਂ ਚਲਦਾ। ਇਹ ਹੇਠ-ਉੱਤੇ, ਆਲੇ ਦੁਆਲੇ ਘੁੰਮਦਾ ਜਾਂਦਾ ਹੈ ਭਾਵ ਕਿ ਸਾਡਾ ਜੀਵਨ ਕਦੇ ਵੀ ਇਕੋ ਜਿਹਾ ਨਹੀਂ ਹੁੰਦਾ। ਇਹ ਉਤਰਾ-ਚੜ੍ਹਾਅ, ਮੋੜ-ਘੋੜ ਦਾ ਮੁਜੱਸਮਾ ਹੈ। ਕਦੇ ਖ਼ੁਸ਼ੀ ਕਦੇ ਗ਼ਮ। ਵੈਸੇ ਤਾਂ ਇਹ ਵੀ ਸੱਚ ਹੈ ਕਿ ਜੇ ਬੰਦੇ ਦਾ ਜੀਵਨ ਇਕੋ ਜਿਹਾ ਹੁੰਦਾ ਤਾਂ ਇਸ ਨੂੰ ਜੀਉਣ ਵਿਚ ਉਹ ਮਜ਼ਾ ਨਾ ਹੁੰਦਾ ਜੋ ਹੁਣ ਹੈ। ਇਹ ਵੀ ਸੱਚ ਹੈ ਕਿ ਬਹੁਤੇ ਲੋਕਾਂ ਦੇ ਹਿੱਸੇ ਵਿਚ ਖ਼ੁਸ਼ੀ ਨਾਲੋਂ ਗ਼ਮ ਦਾ ਅਨੁਪਾਤ ਜ਼ਰਾ ਵੱਡਾ ਹੁੰਦਾ ਹੈ। ਇਸੇ ਲਈ ਸਾਹਿਤ ਵਿਚ ਗ਼ਮ ਹੀ ਜ਼ਿਆਦਾ ਚਿਤਰਿਆ ਮਿਲਦਾ ਹੈ। ਇਹ ਗ਼ਮ ਕਈ ਵਾਰ ਕੁਦਰਤ ਦਿੰਦੀ ਹੈ ਤੇ ਕਈ ਵਾਰ ਸਾਡੇ ਆਪਣੇ ਵੀ ਦੇ ਦਿੰਦੇ ਹਨ। ਇਹਨਾਂ ਗ਼ਮਾਂ ਵਿਚੀਂ ਲੰਘਦਿਆਂ ਸਾਨੂੰ ਤਲਖ ਅਨੁਭਵ ਮਿਲਦੇ ਹਨ। ਜੀਵਨ ਜੀਉਣ ਦੇ ਸੋਮਿਆਂ ਦੇ ਫੈਲਾਅ ਨਾਲ ਜਿਵੇਂ ਜਿਵੇਂ ਅਨੁਭਵ ਦਾ ਦਾਇਰਾ ਵੱਡਾ ਹੋ ਰਿਹਾ ਹੈ ਉਵੇਂ ਉਵੇਂ ਇਹ ਤਲਖੀਆਂ ਵੀ ਜ਼ਿਆਦਾ ਕਾਟ ਕਰਨ ਲਗੀਆਂ ਹਨ। ਆਦਮੀ ਉਪਰ ਪਏ ਦੁੱਖ ਉਸ ਦੇ ਜੀਵਨ ਵਿਚ ਖੜੋਤ ਵੀ ਲਿਆ ਦਿੰਦੇ ਹਨ ਤੇ ਕਈ ਵਾਰ ਉਸ ਨੂੰ ਪਿਛਾਂਹ ਵੀ ਲੈਜਾ ਸੁੱਟਦੇ ਹਨ ਪਰ ਇਹ ਸਦੀਵੀ ਨਹੀਂ ਹੁੰਦੇ। ਆਦਮੀ ਇਸ ਔਖੇ ਵਕਤ ਵਿਚੋਂ ਨਿਕਲ ਤਾਂ ਆਉਂਦਾ ਹੈ ਪਰ ਇਹ ਅਨੁਭਵ ਉਸ ਦਾ ਸਾਰੀ ਉਮਰ ਪਿੱਛਾ ਕਰਦੇ ਰਹਿੰਦੇ ਹਨ। ਇਹ ਤਲਖ ਅਨੁਭਵ ਹੋਰਨਾਂ ਨਾਲ ਸਾਂਝੇ ਕਰਦਾ ਕਰਦਾ ਬੰਦਾ ਲੇਖਕ ਬਣ ਜਾਂਦਾ ਹੈ ਤੇ ਲੇਖਕ ਸਾਰੀ ਉਮਰ ਇਹਨਾਂ ਅਨੁਭਵਾਂ ਦਾ ਹੀ ਤਬਸਰਾ ਕਰਦਾ ਜਾਂਦਾ ਹੈ। ਕਈ ਤਜਰਬੇ ਅਜਿਹੇ ਵੀ ਹੁੰਦੇ ਹਨ ਕਿ ਲੇਖਕ ਵੀ ਉਸ ਨੂੰ ਸਾਹਿਤ ਵਿਚ ਨਹੀਂ ਉਲਥਾ ਸਕਦੇ। ਇਹ ਤਜਰਬੇ ਸੱਚ ਤੋਂ ਵੀ ਵੱਡੇ ਹੋ ਜਾਂਦੇ ਹਨ। ਕੁਝ ਤਜਰਬਿਆਂ ਨੂੰ ਬੰਦਾ ਆਪਣੇ ਆਪ ਤੋਂ ਵੀ ਛੁਪਾ ਕੇ ਰਖਦਾ ਹੈ ਤੇ ਮਨ ਦੇ ਹਨੇਰੇ ਕੋਨਿਆਂ ਵਿਚ ਸੁੱਟ ਦਿੰਦਾ ਹੈ। ਅਸੀਂ 'ਸ਼ਬਦ' ਰਾਹੀਂ ਪੰਜਾਬੀ ਲੇਖਕਾਂ ਦੇ ਮਨਾਂ ਦੇ ਹਨੇਰੇ ਕੋਨਿਆਂ ਵਿਚ ਪਏ ਤਲਖ ਤਜਰਬਿਆਂ ਨੂੰ ਕਾਗਜ਼ ਉਪਰ ਲਿਆਉਣ ਦੀ ਕੋਸ਼ਿਸ਼ ਕਰ ਰਹੇ ਹਾਂ। ਪੰਜਾਬੀ ਪਾਠਕ ਨੂੰ ਕੁਝ ਅਜਿਹੀਆਂ ਤਲਖੀਆਂ ਦੇ ਰੂਬਰੂ ਕਰ ਰਹੇ ਹਾਂ ਜਿਹੜੀਆਂ ਉਸ ਨੂੰ ਆਮ ਸਾਹਿਤ ਵਿਚ ਸ਼ਾਇਦ ਪੜ੍ਹਨ ਲਈ ਨਾ ਮਿਲਦੀਆਂ ਹੋਣ। ਇਹਨਾਂ ਲੇਖਾਂ ਵਿਚੋਂ ਕੁਝ ਰਚਨਾਵਾਂ ਬਹੁਤ ਹੀ ਸੰਖੇਪ ਤੇ ਸੱਟਲ ਹਨ, ਮਨੁੱਖੀ ਸੰਵੇਦਨਾ ਉਪਰ ਸਿੱਧਾ ਵਾਰ ਕਰਨ ਵਾਲੀਆਂ। ਇਹ ਵੀ ਸੰਭਵ ਹੈ ਕਿ ਇਹਨਾਂ ਤਲਖੀਆਂ ਵਿਚੋਂ ਬਹੁਤ ਸਾਰੇ ਪਾਠਕਾਂ ਨੂੰ ਆਪਣਾ ਆਪ ਲੱਭੇ। ਸਾਡੇ ਲਈ ਬਹੁਤ ਮਾਣ ਦੀ ਗੱਲ ਹੈ ਕਿ ਦੇਸ਼ ਵਿਦੇਸ਼ ਵਸਦੇ ਲੇਖਕਾਂ ਨੇ ਸਾਡੀ ਬੇਨਤੀ ਮੰਨਦਿਆਂ ਆਪਣੇ ਅਨੁਭਵ ਪੰਜਾਬੀ ਪਾਠਕ ਨਾਲ ਸਾਂਝੇ ਕੀਤੇ ਹਨ। ਹੁਣ ਪੰਜਾਬੀ ਪਾਠਕਾਂ ਵੱਲੋਂ ਇਸ ਵਿਸ਼ੇਸ਼ ਅੰਕ ਬਾਰੇ ਹੁੰਗਾਰੇ ਦੀ ਉਡੀਕ ਰਹੇਗੀ।

**-ਅਦਾਰਾ ਸ਼ਬਦ**

# ਮੇਰੇ ਹਿੱਸੇ ਦੀ ਸਾੜ੍ਹਸਤੀ/ਮੇਜਰ ਮਾਂਗਟ

ਕਦੇ ਕਦੇ ਜੀਵਨ ਵਿੱਚ ਅਜਿਹਾ ਵੀ ਸਮਾਂ ਆਉਂਦਾ ਹੈ, ਜਦੋਂ ਬੰਦੇ ਨੂੰ ਮਹਿਸੂਸ ਹੁੰਦਾ ਹੈ, ਜਿਵੇਂ ਉਹ ਆਪਣੀ ਹੀ ਲਾਸ਼ ਮੋਢਿਆਂ ਤੇ ਚੁੱਕੀ ਤੁਰਿਆ ਜਾ ਰਿਹਾ ਹੋਵੇ। ਇਹੋ ਜਿਹੇ ਵਕਤ ਦੀ ਕੁਠਾਲੀ ਦਾ ਭਾਂਬੜ ਜਾਂ ਤਾਂ ਮਨੁੱਖ ਨੂੰ ਰਾਖ ਕਰ ਦਿੰਦਾ ਹੈ ਤੇ ਜਾਂ ਫੇਰ ਉਹ ਇਸ 'ਚੋਂ ਨਿੱਕਲ ਕੇ ਸੋਨਾ ਬਣ ਸਕਦਾ ਹੈ। ਇਸ ਮੰਦੇ ਵਕਤ ਨੇ ਮੈਨੂੰ ਵੀ ਸਾੜ ਕੇ ਸੁਆਹ ਕਰ ਦਿੱਤਾ ਸੀ। ਉਦੋਂ ਮੈਂ ਕਈ ਵਾਰੀ ਆਤਮ ਹੱਤਿਆ ਕਰਨ ਦੀ ਸੋਚੀ, ਪਰ ਅੰਦਰਲੀ ਕੋਈ ਸ਼ਕਤੀ ਵੰਗਾਰਦੀ 'ਤਕੜਾ ਹੋ ਤੇ ਲੜਨਾ ਸਿੱਖ'। ਮੇਰਾ ਪਰਿਵਾਰ ਟੁੱਟਣ ਕਿਨਾਰੇ ਸੀ। ਸਕੇ ਸੰਬੰਧੀ ਸਭ ਸਾਥ ਛੱਡ ਗਏ ਸਨ। ਖਾਣ ਪੀਣ ਦੀਆਂ ਮਹਿਫਲਾਂ ਸਜਾਉਣ ਵਾਲੇ ਅਖੌਤੀ ਦੋਸਤ ਛੂ ਮੰਤਰ ਹੀ ਨਹੀਂ ਹੋਏ ਸਗੋਂ ਉਨ੍ਹਾਂ ਦੇ ਛੁਰੇ ਵੀ ਮੇਰੀ ਪਿੱਠ ਤੇ ਵਰਨ ਲੱਗੇ ਸਨ। ਚੱਲੋ ਇੱਕ ਗੱਲ ਤਾਂ ਚੰਗੀ ਹੋਈ ਕਿ ਦੋਸਤਾਂ ਦੀ ਪਰਖ ਹੋ ਗਈ। ਮੈਂ ਵੀ ਮੁੜ ਕੇ ਉਨ੍ਹਾਂ ਵੱਲ ਮੂੰਹ ਨਹੀਂ ਕੀਤਾ। ਉਹ ਮੇਰਾ ਮਜ਼ਾਕ ਉਡਾਉਂਦੇ, ਗੱਲਾਂ ਬਣਾਉਂਦੇ, ਮੈਨੂੰ ਸਹਿਕਦੇ ਨੂੰ ਮਾਨਸਿਕ ਤੌਰ ਤੇ ਅਤੇ ਸਰੀਰਿਕ ਤੌਰ ਤੇ ਮਾਰਨ ਦੀਆਂ ਸਕੀਮਾਂ ਘੜਦੇ। ਹੁਣ ਜਦੋਂ 'ਅਦਾਰਾ ਸ਼ਬਦ' ਨੇ ਮੈਨੂੰ ਇਨ੍ਹਾਂ ਤਲਖੀਆਂ ਨੂੰ ਕਲਮਬੱਧ ਕਰਨ ਲਈ ਕਿਹਾ ਹੈ ਤਾਂ ਲੱਗਦਾ ਹੈ ਕਿ ਮੈਂ ਉਸੇ ਅੱਗ ਵਿੱਚੋਂ ਫੇਰ ਨਿੱਕਲ ਰਿਹਾ ਹੋਵਾਂ।

ਇਹ ਸਮਾਂ 1993 ਵਿੱਚ ਸ਼ੁਰੂ ਹੋਇਆ। ਮੈਨੂੰ ਕਨੇਡਾ ਵਿੱਚ ਆਏ ਨੂੰ ਉਦੋਂ ਸਿਰਫ ਤਿੰਨ ਸਾਲ ਹੋਏ ਸਨ। ਅਸੀਂ ਹੁਣ ਤਿੰਨ ਮੈਂਬਰ ਸਾਂ ਮੈਂ, ਮੇਰੀ ਪਤਨੀ ਅਤੇ ਮੇਰਾ ਬੇਟਾ। ਅਸੀਂ ਆਪਣੇ ਪਰਿਵਾਰਾਂ ਨੂੰ ਕਨੇਡਾ ਮੰਗਵਾਉਣਾ ਚਾਹੁੰਦੇ ਸੀ ਤੇ ਉਨ੍ਹਾਂ ਦੀ ਯਾਦ ਵਿੱਚ ਤੜਫਦੇ ਰਹਿੰਦੇ ਸਾਂ। ਇੱਕ ਦਿਨ ਕਨੇਡਾ ਸਰਕਾਰ ਨੇ ਐਲਾਨ ਕਰ ਦਿੱਤਾ ਕਿ ਇਸ ਤਰੀਕ ਤੋਂ ਬਾਅਦ ਅਪਲਾਈ ਕੀਤੇ ਪਰਿਵਾਰਕ ਕੇਸਾਂ ਵਿੱਚ, ਅਠਾਰਾਂ ਸਾਲਾਂ ਤੋਂ ਵੱਡੇ ਭੈਣ ਭਰਾ ਕਨੇਡਾ ਨਹੀਂ ਆ ਸਕਣਗੇ। ਪਰ ਮੇਰੇ ਤਾਂ ਦੋਨੋਂ ਭਰਾ ਅਠਾਰਾਂ ਸਾਲਾਂ ਤੋਂ ਵੱਡੇ ਸਨ। ਸਾਡੇ ਸਮਾਜ ਵਿੱਚ ਤਾਂ ਇੱਕ ਮੁੰਡਾ ਕੁੜੀ ਬਾਹਰਲੇ ਦੇਸ਼ ਭੇਜਿਆ ਹੀ ਤਾਂ ਜਾਂਦਾ ਹੈ ਕਿ ਉਹ ਦੂਸਰਿਆਂ ਦਾ ਕੁੱਝ ਕਰ ਸਕੇ। ਮੇਰੇ ਪਰਿਵਾਰ ਨੂੰ ਵੀ ਮੇਰੇ ਤੋਂ ਅਜਿਹੀ ਹੀ ਆਸ ਸੀ। ਪਰ ਸਾਡੇ ਕੋਲ ਤਾਂ ਇਮੀਗਰੇਸ਼ਨ ਦੀ ਐਨੀ ਫੀਸ ਭਰਨ ਲਈ ਪੈਸੇ ਨਹੀਂ ਸਨ। ਮੈਂ ਆਪਣੀ ਇਹ ਸਮੱਸਿਆ ਆਪਣੇ ਇੱਕ ਦੋਸਤ ਨਾਲ ਸਾਂਝੀ ਕੀਤੀ ਅਤੇ ਉਸ ਨੇ ਝੱਟ ਮੈਨੂੰ ਆਪਣੇ ਅਕਾਊਂਟ 'ਚੋਂ ਕਢਾ ਕੇ ਲੋੜੀਂਦੇ ਪੈਸੇ ਦਿੱਤੇ। ਉਸ ਦਿਨ ਅਪਲਾਈ ਕਰਨ ਦਾ ਆਖਰੀ ਦਿਨ ਸੀ, ਜਿਸ ਕਰਕੇ ਮੇਰਾ ਪਰਿਵਾਰ ਅੱਜ ਕਨੇਡਾ ਵਿੱਚ ਹੈ।

ਜਦੋਂ ਮੇਰੇ ਪਰਿਵਾਰ ਦੇ ਕਨੇਡਾ ਆਉਣ ਦਾ ਸਮਾਂ ਨੇੜੇ ਆਉਣ ਲੱਗਾ ਤਾਂ ਸਾਨੂੰ ਇਹ ਫਿਕਰ ਲੱਗਾ ਕਿ ਐਨੇ ਬੰਦਿਆਂ ਨੇ ਹੁਣ ਰਹਿਣਾ ਕਿੱਥੇ ਹੈ ? ਅੱਠ ਬੰਦਿਆਂ ਨੂੰ ਤਾਂ ਕਿਸੇ ਨੇ ਕਿਰਾਏ ਤੇ ਵੀ ਨਹੀਂ ਸੀ ਰੱਖਣਾ। ਅਸੀਂ ਘਰ ਲੈਣ ਦੀ ਸੋਚੀ। ਤੇ ਘਰ ਵੇਖਣ ਲੱਗੇ। ਕਾਫੀ ਭੱਜ ਨੱਸ ਬਾਅਦ ਆਖਿਰ ਇੱਕ ਘਰ ਲੈ ਲਿਆ ਤੇ ਮਾਰਟਗੇਜ ਵੀ ਹੋ ਗਈ। ਬੱਸ ਮਾੜਾ ਸਮਾਂ ਵੀ ਉਦੋਂ ਹੀ ਸ਼ੁਰੂ ਹੋਇਆ। ਜਦੋਂ ਘਰ ਦੀ ਕਲੋਜ਼ਿੰਗ ਸੀ ਉਸੇ ਦਿਨ ਮੇਰੀ ਪਤਨੀ ਦਾ ਕੰਮ ਚਲਿਆ ਗਿਆ। ਉਨ੍ਹਾਂ ਦਿਨਾਂ ਵਿੱਚ ਸਾਨੂੰ 12% ਵਿਆਜ ਤੇ ਜੋ ਮਾਰਟਗੇਜ ਮਿਲੀ ਉਸ ਨਾਲ ਮੇਰੀ ਤਾਂ ਸਾਰੀ ਤਨਖਾਹ ਉਸੇ ਵਿੱਚ ਜਾਣ ਲੱਗੀ। ਜੋ ਸਾਡੇ ਕੋਲ ਥੋੜ੍ਹਾ ਬਹੁਤ ਨਕਦ ਪੈਸਾ ਸੀ, ਉਹ ਅਸੀਂ ਘਰ ਲਈ ਡਾਊਨ ਪੇਮੈਂਟ ਦੇ ਚੁੱਕੇ ਸਾਂ। ਘਰ ਦੇ ਬਿੱਲ ਅਦਾ ਕਰਨ ਲਈ ਸਾਡੇ ਕੋਲ ਹੋਰ ਕੋਈ ਆਮਦਨ ਨਹੀਂ ਸੀ। ਇਹ ਅਜਿਹੇ ਦਿਨ ਸਨ ਜਦੋਂ ਸਾਡੇ ਕੋਲ ਗ੍ਰੌਸਰੀ



ਲਿਆਉਣ ਲਈ ਵੀ ਪੈਸੇ ਨਾ ਹੁੰਦੇ। ਕਈ ਵਾਰ ਤਾਂ ਅਸੀਂ ਘਰ ਵਿੱਚੋਂ ਭਾਨ ਇਕੱਠੀ ਕਰਕੇ ਬੱਚੇ ਲਈ ਦੁੱਧ ਲਿਆਏ। ਇੱਕ ਵਾਰ ਮੇਰੇ ਬੇਟੇ ਦੇ ਜਨਮਦਿਨ ਸਮੇਂ ਸਾਡੇ ਕੋਲ ਕੋਈ ਵੀ ਪੈਸਾ ਨਹੀਂ ਸੀ। ਕਾਰ ਵਿੱਚ ਤੇਲ ਪਵਾਉਣ ਵੇਲੇ ਸਾਨੂੰ ਸਮੱਸਿਆ ਖੜੀ ਹੋ ਜਾਂਦੀ। ਫੇਰ ਸਾਡੇ ਬਿੱਲ ਪਿੱਛੇ ਜਾਣ ਲੱਗੇ। ਕਈ ਕੰਪਨੀਆਂ ਦੀ ਅਦਾਇਗੀ ਰੁਕਣ ਕਾਰਨ ਉਨ੍ਹਾਂ ਦੇ ਫੋਨ ਸਾਨੂੰ ਸਤਾਉਣ ਲੱਗੇ। ਏਸ ਮੌਕੇ ਘਰ ਨੂੰ ਬਚਾਈ ਰੱਖਣ ਲਈ ਅਸੀਂ ਕੁੱਝ ਉਧਾਰ ਫੜਿਆ ਪਰ ਉਸ ਨੂੰ ਮੋੜਨ ਲਈ ਸਾਡੇ ਕੋਲ ਕੋਈ ਆਮਦਨ ਨਾ ਆਈ। ਅਸੀਂ ਤਾਂ ਬਹੁਤ ਕਸੂਤੇ ਫਸ ਗਏ ਸੀ।

ਇੱਕ ਦਿਨ ਪਿੰਡੋਂ ਛੋਟੇ ਭਰਾ ਦਾ ਫੋਨ ਆਇਆ ਕਿ 'ਸਾਨੂੰ ਵੀਜ਼ਾ ਮਿਲ ਗਿਆ ਹੈ' ਪਰ ਮੈਂ ਚੁੱਪ ਹੋ ਗਿਆ। ਮੈਨੂੰ ਆਸ ਨਹੀਂ ਸੀ ਕਿ ਏਨੀ ਜਲਦੀ ਵੀਜ਼ਾ ਮਿਲ ਜਾਵੇਗਾ। ਉਹ ਮੇਰੇ ਕੋਲੋਂ ਟਿਕਟਾਂ ਦੀ ਵੀ ਆਸ ਰੱਖਦੇ ਸਨ, ਪਰ ਮੇਰੀ ਨਾ ਨੁੱਕਰ ਦੇਖ ਫੇਰ ਉਨ੍ਹਾਂ ਖੁਦ ਹੀ ਖਰੀਦ ਲਈਆਂ। ਏਧਰ ਮੈਂ ਉਨ੍ਹਾਂ ਲਈ ਬੈੱਡ ਬਿਸਤਰੇ ਅਤੇ ਲੋੜੀਂਦਾ ਸਾਮਾਨ ਇਕੱਤਰ ਕਰਨ ਲੱਗਿਆ। ਕਰਜ਼ਾ ਹੋਰ ਚੜਦਾ ਜਾ ਰਿਹਾ ਸੀ। ਅਸੀਂ ਫੇਰ ਵੀ ਹੌਸਲੇ ਨਾਲ ਜੀ ਰਹੇ ਸਾਂ। ਸਾਡੇ ਏਸੇ ਘਰ ਵਿੱਚ ਸਾਹਿਤਕ ਮੀਟਿੰਗਾਂ ਹੁੰਦੀਆਂ ਰਹੀਆਂ, ਲੇਖਕ ਵੀ ਜੁੜਦੇ ਰਹੇ। ਏਥੇ ਰਹਿੰਦਿਆਂ ਹੀ ਮੈਂ ਕਿਤਾਬ 'ਕੂੰਜਾਂ ਦੀ ਮੌਤ' ਪੂਰੀ ਕੀਤੀ। ਪੰਜਾਬੀ ਕਲਮਾਂ ਦੇ ਕਾਫਲੇ ਦਾ ਜਨਮ ਵੀ ਇਸੇ ਘਰ ਵਿੱਚ ਹੋਇਆ। ਕਈ ਨਾਮਵਰ ਲੇਖਕ ਵੀ ਇਸ ਘਰ ਆਉਂਦੇ ਰਹੇ। ਪਰ ਹੁਣ ਇਹ ਘਰ ਹੌਲੀ ਹੌਲੀ ਸਾਡੇ ਹੱਥਾਂ ਵਿੱਚੋਂ ਤਿਲਕਦਾ ਜਾ ਰਿਹਾ ਸੀ।

ਆਖਿਰ ਇੱਕ ਦਿਨ ਸਾਡਾ ਪਰਿਵਾਰ ਵੀ ਪਹੁੰਚ ਗਿਆ। ਘਰ ਦੀਆਂ ਤੰਗੀਆਂ ਤੁਰਸ਼ੀਆਂ ਉਨ੍ਹਾਂ ਤੋਂ ਕਿੰਨੀ ਕੁ ਦੇਰ ਲਕੋਈਆਂ ਜਾ ਸਕਦੀਆਂ ਸਨ। ਫੇਰ ਅਸੀਂ ਕੁੱਝ ਦੇਰ ਵਕਤ ਲੰਘਾਉਣ ਲਈ ਸੈਕਿੰਡ ਮਾਰਟਗੇਜ ਲੈ ਲਈ। ਇੱਕ ਹੋਰ ਕਿਸ਼ਤ ਆਉਣੀ ਸ਼ੁਰੂ ਹੋ ਗਈ। ਮੈਂ ਸੋਚਦਾ ਸੀ ਕਿ ਚੱਲੋ ਮੇਰੇ ਭਰਾ ਆ ਗਏ ਹਨ ਜਦੋਂ ਕੰਮ ਮਿਲ ਗਿਆ ਮੇਰੀ ਮੱਦਦ ਕਰਨਗੇ। ਪਰ ਉਨ੍ਹਾਂ ਨੂੰ ਲੱਗਣ ਲੱਗਿਆ ਕਿ ਅਸੀਂ ਜਾਣ ਕੇ ਅਜਿਹਾ ਕਰਦੇ ਹਾਂ। ਉਹ ਅਕਸਰ ਕਹਿੰਦੇ, 'ਥੋਡੀ ਤਿੰਨ ਸਾਲ ਦੀ ਕਮਾਈ ਕਿੱਥੇ ਗਈ।' ਘਰ ਖਰੀਦਣ ਵਾਲੀ ਗੱਲ ਤਾਂ ਸੁਣਦੇ ਹੀ ਨਹੀਂ ਸੀ। ਉਨ੍ਹਾਂ ਨੂੰ ਕੰਮ ਵੀ ਲੱਭ ਦਿੱਤੇ ਤਾਂ ਉਹ ਕਹਿਣ ਲੱਗੇ ਅਸੀਂ ਨਹੀਂ ਕੋਈ ਖਰਚ ਬਗੈਰਾ ਦੇਣਾ, ਤੁਸੀਂ ਸਾਨੂੰ ਸੱਦਿਆ ਹੈ ਖਰਚਾ ਵੀ ਤੁਸੀਂ ਹੀ ਕਰੋ। ਨਾਲੇ ਥੋਡੇ ਘਰ ਦਾ ਖਰਚਾ ਅਸੀਂ ਕਿਉਂ ਕਰੀਏ। ਘਰ ਵਿੱਚ ਆਰਥਿਕ ਤੰਗੀ ਕਾਰਨ ਲੜਾਈ ਵਧਣ ਲੱਗੀ। ਇੱਕ ਦਿਨ ਤਾਂ ਮੇਰੇ ਵਿਚਕਾਰਲੇ ਭਰਾ ਨੇ ਸ਼ਰਾਬ ਪੀ ਕੇ ਘਰ ਆਏ ਉਸੇ ਬੰਦੇ ਨੂੰ ਕੁੱਟ ਦਿੱਤਾ ਗਿਆ ਜਿਸ ਨੇ ਸਾਰੇ ਪਰਿਵਾਰ ਦੀ ਫੀਸ ਭਰਨ ਲਈ ਪੈਸੇ ਦਿੱਤੇ ਸਨ। ਮੇਰਾ ਹੁਣ ਰਿਸ਼ਤਿਆਂ ਤੋਂ ਜਿਵੇਂ ਵਿਸ਼ਵਾਸ ਉੱਠਦਾ ਜਾ ਰਿਹਾ ਸੀ। ਤੇ ਮੇਰੇ ਸਬਰ ਦਾ ਪਿਆਲਾ ਕਿਸੇ ਸਮੇਂ ਵੀ ਛਲਕ ਸਕਦਾ ਸੀ।

ਇਸ ਘਰ ਵਿੱਚ ਮੇਰੇ ਬਾਪੂ ਜੀ ਹੀ ਸਨ ਜੋ ਸਾਰੀ ਸਥਿਤੀ ਨੂੰ ਸਮਝ ਰਹੇ ਸਨ। ਤੇ ਉਹ ਹਰ ਪੱਖੋਂ ਸਾਡੀ ਮੱਦਦ ਵੀ ਕਰਦੇ। ਉਨ੍ਹਾਂ ਵੀ ਥੋੜ੍ਹਾ ਬਹੁਤਾ ਕੰਮ ਲੱਭ ਲਿਆ ਸੀ। ਪਰ ਘਰ ਵਿੱਚ ਇਹ ਵੀ ਕਲੇਸ਼ ਪੈਣ ਲੱਗਿਆ ਕਿ ਅਸੀਂ ਬਾਪੂ ਜੀ ਦਾ ਪੈਸਾ ਕਿਉਂ ਖਾਅ ਰਹੇ ਹਾਂ। ਇੱਕ ਦਿਨ ਬਾਪੂ ਜੀ ਨੇ ਕਿਹਾ ਕਿ ਮੇਰੇ ਮਹਿਕਮੇਂ ਤੋਂ ਚਿੱਠੀ ਆਈ ਹੈ, ਹੁਣ ਮੇਰੀ ਛੁੱਟੀ ਹੋਰ ਨਹੀਂ ਵਧਣੀ ਤੇ ਮੈਨੂੰ ਭਾਰਤ ਜਾਣਾ ਹੀ ਪੈਣਾ ਹੈ। ਮੈਂ ਰਿਟਾਇਰਮੈਂਟ ਲੈ ਕੇ ਫੇਰ ਵਾਪਿਸ ਆ ਜਾਵਾਂਗਾ। ਮੈਂ ਉਨ੍ਹਾਂ ਦੀ ਗੱਲ ਟਾਲ ਨਾ ਸਕਿਆ। ਇਹ ਉਹ ਦਿਨ ਸਨ ਜਦੋਂ ਮੇਰੀ ਪਤਨੀ ਗਰਭਵਤੀ ਸੀ ਤੇ ਉਹ ਕੋਈ ਕੰਮ ਲੱਭਣ ਦੇ ਵੀ ਯੋਗ ਵੀ ਨਹੀਂ ਸੀ। ਪਰ ਅਸੀਂ ਔਖੇ ਸੌਖੇ ਉਨ੍ਹਾਂ ਦੇ ਭਾਰਤ ਜਾਣ ਦਾ ਪ੍ਰਬੰਧ ਕਰ ਦਿੱਤਾ। ਇਸ ਸਮੇਂ ਤੱਕ ਮੇਰੀ ਪਤਨੀ ਦੇ ਕਈ ਗਹਿਣੇ

ਵਿੱਕ ਚੁੱਕੇ ਸਨ।

ਮੇਰੇ ਪਿਤਾ ਜੀ ਭਾਰਤ ਵਿੱਚ ਸਾਈਕਲ ਚਲਾਉਣ ਦੇ ਬਹੁਤ ਸ਼ੌਕੀਨ ਸਨ। ਉਹ ਚਾਲੀ ਚਾਲੀ ਕਿਲੋਮੀਟਰ ਸਫਰ ਸਾਈਕਲ ਤੇ ਹੀ ਤਹਿ ਕਰ ਲੈਂਦੇ। ਮੈਨੂੰ ਉਨ੍ਹਾਂ ਦੀ ਇਹ ਆਦਤ ਦਾ ਪਤਾ ਸੀ। ਜਾਣ ਤੋਂ ਪਹਿਲਾਂ ਅਸੀਂ ਉਨ੍ਹਾਂ ਨੂੰ ਬਿਠਾ ਕੇ ਕਿਹਾ ਸੀ, "ਬਾਪੂ ਜੀ ਭਾਰਤ ਜਾਕੇ ਸਾਈਕਲ ਨਾ ਚਲਾਇਉ ਉੱਥੇ ਆਵਾਜਾਈ ਠੀਕ ਨਹੀ ਹੈ।" ਉਨ੍ਹਾਂ ਸਾਨੂੰ ਹਾਂ ਵੀ ਕਰ ਦਿੱਤੀ ਪਰ ਉੱਥੇ ਜਾ ਕੇ ਖੁਦ ਨੂੰ ਨਹੀਂ ਰੋਕ ਸਕੇ। ਜਿਸ ਦਿਨ ਉਨ੍ਹਾਂ ਦੀ ਉਡਾਣ ਸੀ ਉਹ ਵਾਰ ਵਾਰ ਆਪਣੇ ਕਮਰੇ ਵਿੱਚ ਜਾਂਦੇ ਤੇ ਬਾਹਰ ਆਉਂਦੇ ਰਹੇ ਜਿਵੇਂ ਭਾਰਤ ਜਾਣ ਨੂੰ ਉਨ੍ਹਾਂ ਦਾ ਮਨ ਨਹੀਂ ਸੀ ਕਰ ਰਿਹਾ। ਅਸੀਂ ਫੇਰ ਸਾਰੇ ਜਾਣੇ ਉਨ੍ਹਾਂ ਨੂੰ ਭਾਰਤ ਲਈ ਜਹਾਜ਼ ਚੜ੍ਹਾ ਆਏ।

ਉਨ੍ਹਾਂ ਦੇ ਭਾਰਤ ਜਾਣ ਤੋਂ ਬਾਅਦ ਸਾਡੇ ਘਰ ਦਾ ਮਹੌਲ ਹੋਰ ਵੀ ਵਿਗੜਨ ਲੱਗਿਆ। ਛੋਟੇ ਭਰਾ ਤੇ ਮਾਂ ਘਰ ਵਿੱਚ ਇੱਕ ਅਲੱਗ ਧਿਰ ਬਣ ਗਏ। ਉਹ ਅਹਿਸਾਸ ਕਰਵਾਉਣ ਲੱਗੇ ਕਿ ਮਾਂ ਬਾਪ ਵੀ ਉਹਨਾਂ ਦੇ ਹਨ, ਭਾਰਤ ਵਾਲਾ ਘਰ ਵੀ ਅਤੇ ਜ਼ਮੀਨ ਜਾਇਦਾਦ ਵੀ। ਅਸੀਂ ਹੁਣ ਉਨ੍ਹਾਂ ਲਈ ਵਿਰੋਧੀ ਧਿਰ ਸਾਂ। ਉਹ ਸੋਚਦੇ ਕਿ ਕਨੇਡਾ ਵਾਲਾ ਸਾਡਾ ਘਰ ਸੀ ਤੇ ਭਾਰਤ ਵਾਲਾ ਉਨ੍ਹਾਂ ਦਾ। ਜਦੋਂ ਖਰਚਾ ਮੰਗਦਾ ਤਾਂ ਉਹ ਮੈਨੂੰ ਆਖਦੇ, "ਤੂੰ ਜਦੋਂ ਭਾਰਤ ਰਹਿੰਦਾ ਸੀ, ਪੜ੍ਹਦਾ ਸੀ, ਅਸੀਂ ਤੇਰੇ ਤੋਂ ਖਰਚਾ ਮੰਗਿਆ ਸੀ ? ਹੁਣ ਤੂੰ ਕਿਉਂ ਮੰਗਦਾ ਏ ? ਨਾਲੇ ਸਾਡੀ ਮਾਂ ਏਥੇ ਤੇਰਾ ਜੁਆਕ ਸਾਂਭਣ ਨਹੀਂ ਆਈ। ਕਿਤੇ ਇਹ ਨਾ ਸੋਚੀਂ ਕਿ ਘਰ ਵਾਲੀ ਨੂੰ ਕੰਮ ਦੁਆ ਕੇ ਜੁਆਕ ਮਾਂ ਕੋਲ ਛੱਡ ਦਊਂ।" ਫੇਰ ਜਦੋਂ ਮੈਂ ਭਾਰਤ ਗਿਆ ਤਾਂ ਮੈਨੂੰ ਘਰ ਦੀ ਚਾਬੀ ਵੀ ਨਹੀਂ ਸੀ ਦਿੱਤੀ ਗਈ। ਉਦੋਂ ਛੋਟਾ ਭਰਾ ਵੀ ਮੇਰੇ ਨਾਲ ਗਿਆ ਹੋਇਆ ਸੀ ਜੋ ਮੈਨੂੰ ਅੱਖੋਂ ਪਰੋਖੇ ਕਰ ਘਰ ਨੂੰ ਤਾਲਾ ਲਾ ਦਿੰਦਾ। ਮੇਰੇ ਲਈ ਜ਼ਿਹਨੀ ਤੌਰ ਤੇ ਇਹ ਬਹੁਤ ਦੁਖਦ ਸਮਾਂ ਸੀ ਜਦੋਂ ਸਾਰੇ ਰਿਸ਼ਤੇ ਹਾਸ਼ੀਏ ਤੇ ਆ ਗਏ ਸਨ।

ਕਨੇਡਾ ਵਾਲੇ ਘਰ ਵਿੱਚ ਭਰਾਵਾਂ ਵੱਲੋਂ ਸ਼ਰਾਬ ਕੱਢੀ ਅਤੇ ਪੀਤੀ ਜਾਣ ਲਗੀ। ਸਾਰੇ ਬਿੱਲ ਦੁੱਗਣੇ ਹੋ ਗਏ। ਸਾਡਾ ਲੱਕ ਹੋਰ ਟੁੱਟ ਗਿਆ। ਕਾਰਪਿੱਟ ਸ਼ਰਾਬੀ ਬੂਟਾਂ ਦੀ ਦਗੜ ਦਗੜ ਹੇਠ ਅੰਤਾਂ ਦਾ ਗੰਦਾ ਹੋ ਗਿਆ। ਪਰ ਸਾਡੇ ਕੋਲ ਇਸ ਨੂੰ ਬਦਲਾਉਣ ਦੀ ਸਮਰੱਥਾ ਨਹੀਂ ਸੀ। ਘਰੇ ਪੀਣ ਲਈ ਦੁੱਧ ਜਾਂ ਆਟਾ ਨਾ ਹੁੰਦਾ ਤੇ ਮੇਰਾ ਬੱਚਾ ਭੁੱਖਾ ਮਰ ਰਿਹਾ ਹੁੰਦਾ ਪਰ ਦੂਸਰੇ ਪਾਸੇ ਮੀਟ ਰਿੱਝ ਰਿਹਾ ਹੁੰਦਾ, ਸ਼ਰਾਬ ਦੇ ਦੌਰ ਵਿੱਚ ਕੰਨ ਪਾੜਵਾਂ ਸੰਗੀਤ ਚੱਲ ਰਿਹਾ ਹੁੰਦਾ। 'ਕੂੰਜਾਂ ਦੀ ਮੌਤ' ਕਿਤਾਬ ਤੋਂ ਬਾਅਦ ਮੇਰਾ ਲਿਖਣਾ ਪੜ੍ਹਨਾ ਠੱਪ ਹੋ ਗਿਆ ਤੇ ਮਨ ਬੇਹੱਦ ਪ੍ਰੇਸ਼ਾਨੀਆਂ ਵਿੱਚ ਘਿਰ ਗਿਆ। ਹੋਰ ਪੇਮੈਂਟਾਂ ਵੀ ਰੁਕਣ ਲੱਗੀਆਂ ਤੇ ਪਰੇਸ਼ਾਨ ਕਰਨ ਵਾਲੇ ਵਧ ਗਏ। ਫੇਰ ਇੱਕ ਦਿਨ ਬਿਜਲੀ ਤੇ ਗੈਸ ਵੀ ਕੱਟੇ ਗਏ।

ਰਿਸ਼ਤਿਆਂ ਦਾ ਸੰਗਲ ਅਜੇ ਵੀ ਪੈਖੜ ਬਣ ਕੇ ਮੇਰੇ ਪੈਰੀਂ ਪਿਆ ਹੋਇਆ ਸੀ। ਇਨ੍ਹਾਂ ਹੀ ਦਿਨਾਂ ਵਿੱਚ ਮੈਨੂੰ ਇੱਕ ਭਰਾ ਦੀ ਸ਼ਾਦੀ ਕਰਨ ਭਾਰਤ ਜਾਣਾ ਪਿਆ। ਅਗਰ ਇਹ ਸ਼ਾਦੀ ਉਸ ਵਕਤ ਨਾ ਹੁੰਦੀ ਤਾਂ ਇਹ ਮੰਗਣੀ ਟੁੱਟਣੀ ਯਕੀਨੀ ਸੀ। ਇਸ ਵਿਆਹ ਵਿੱਚ ਹੋਰ ਕੋਈ ਵੀ ਸ਼ਾਮਲ ਨਾ ਹੋਇਆ। ਮੈਨੂੰ ਸਾਰੀਆਂ ਜਿੰਮੇਵਾਰੀਆਂ ਇਕੱਲੇ ਨੂੰ ਹੀ ਨਿਭਾਉਣੀਆਂ ਪਈਆਂ। ਉਸ ਸ਼ਾਦੀ ਤੋਂ ਬਾਅਦ ਜਾਂ ਮੇਰੇ ਬਾਪੂ ਜੀ ਦੇ ਭਾਰਤ ਜਾਣ ਤੋਂ ਬਾਅਦ ਵੀ ਘਰ ਦਾ ਮਹੌਲ ਠੀਕ ਨਾ ਹੋਇਆ। ਮੇਰੇ ਬਾਪੂ ਜੀ ਇੱਕ ਚੰਗੇ ਨੇਕ, ਮਿਹਨਤੀ ਅਤੇ ਸਾਊ ਇਨਸਾਨ ਸਨ, ਉਨ੍ਹਾਂ ਦੇ ਜਾਣ ਨਾਲ ਸਾਡਾ ਪਰਿਵਾਰ ਖੱਖੜੀਆਂ ਖੱਖੜੀਆਂ ਹੋ ਗਿਆ।

ਜੇ ਮੇਰੀ ਪਤਨੀ ਗਰਭਵਤੀ ਸੀ ਤਾਂ ਕਿਸੇ ਨੂੰ ਕੀ ? ਉਸ ਨੂੰ ਇਨਫੈਕਸ਼ਨ ਹੋ ਗਈ ਤੇ



ਉਹ ਅੰਦਰੂਨੀ ਪੀੜ ਨਾਲ ਤੜਫ ਰਹੀ ਸੀ। 17 ਮਾਰਚ, 1994 ਦੀ ਰਾਤ ਨੂੰ ਤੜਕੇ ਫੋਨ ਦੀ ਘੰਟੀ ਵੱਜੀ। ਮੇਰੀ ਭੂਆ ਦਾ ਲੜਕਾ ਬੋਲ ਰਿਹਾ ਸੀ ਕਿ ਉਸ ਨੂੰ ਜੋ ਇੰਡੀਆ ਤੋਂ ਫੋਨ ਆਇਆ ਸੀ, ਉਹ ਮੇਰੇ ਨਾਲ ਸਾਂਝਾ ਕਰ ਰਿਹਾ ਸੀ ਕਿ "ਮਾਮਾ ਜੀ ਦਾ ਇੰਡੀਆ ਵਿੱਚ ਐਕਸੀਡੈਂਟ ਹੋ ਗਿਆ ਹੈ, ਸੱਟਾਂ ਕਾਫੀ ਹਨ ਪਰ ਉਦਾਂ ਉਹ ਠੀਕ ਹਨ।" ਮੇਰਾ ਜਿਸਮ ਕੰਬ ਰਿਹਾ ਸੀ। ਉਹ ਹੀ ਗੱਲ ਹੋ ਗਈ ਸੀ, ਜਿਸਦਾ ਡਰ ਸੀ।

ਮੇਰੇ ਬਾਪੂ ਜੀ ਇਕੱਲੇ ਲੁਧਿਆਣੇ ਦਿਆਨੰਦ ਹਸਪਤਾਲ ਵਿੱਚ ਬੇਹੋਸ਼ ਪਏ ਸਨ। ਕਰਨੈਲ ਆਖ ਰਿਹਾ ਸੀ ਕਿ "ਮਾਮੀ ਜੀ ਨੂੰ ਤੁਰੰਤ ਇੰਡੀਆ ਭੇਜ ਦੇਵੋ। ਤੇ ਤੁਹਾਡੇ ਵਿੱਚੋਂ ਵੀ ਇੱਕ ਜਾਣਾ ਚਲੇ ਜਾਵੋ।" ਉਸ ਵਕਤ ਘਰ ਦੀ ਹਾਲਤ ਬਹੁਤ ਭੈੜੀ ਸੀ। ਸਾਡੇ ਕੋਲ ਤਾਂ ਗ੍ਰੌਸਰੀ ਜੋਗੇ ਵੀ ਪੈਸੇ ਨਹੀਂ ਸਨ। ਪਰ ਮੈਂ ਸਾਰਿਆਂ ਨਾਲ ਗੱਲ ਸਾਂਝੀ ਕੀਤੀ। ਇੱਕ ਰਿਸ਼ਤੇਦਾਰ ਅੰਕਲ ਪਾਸੋਂ ਤੇ ਕਿਸੇ ਦੋਸਤ ਪਾਸੋਂ ਪੈਸੇ ਉਧਾਰ ਮੰਗ ਕੇ ਮੈਂ ਆਪਣੀ ਮਾਤਾ ਤੇ ਵਿਚਕਾਰਲੇ ਭਰਾ ਨੂੰ ਭਾਰਤ ਤੋਰ ਦਿੱਤਾ। ਇਸ ਬਿਪਤਾ ਨੇ ਸਾਨੂੰ ਹੋਰ ਸਭ ਕੁੱਝ ਭੁੱਲਾ ਦਿੱਤਾ।

ਇਹ ਮੇਰੀ ਜ਼ਿੰਦਗੀ ਦੇ ਸਭ ਤੋਂ ਕਠਨ ਦਿਨ ਸਨ। ਵਿਚਕਾਰਲਾ ਭਰਾ ਸਾਰੇ ਰਾਹ ਜਹਾਜ਼ ਵਿੱਚ ਸ਼ਰਾਬ ਪੀਂਦਾ ਗਿਆ। ਉਹ ਜਦੋਂ ਦਿੱਲੀ ਉੱਤਰਿਆ ਉਸ ਨੂੰ ਕੋਈ ਹੋਸ਼ ਨਹੀਂ। ਮੇਰੀ ਮਾਂ ਉਸ ਨੂੰ ਮਸਾਂ ਲੈ ਕੇ ਪਿੰਡ ਪਹੁੰਚੀ। ਉਹ ਸ਼ਰਾਬ ਪੀ ਕੇ ਹੀ ਹਸਪਤਾਲ ਜਾਂਦਾ ਤੇ ਉੱਥੇ ਇੱਕ ਗੇੜਾ ਹਸਪਤਾਲ ਮਾਰ ਫੇਰ ਪੀਣੀ ਸ਼ੁਰੂ ਕਰ ਦਿੰਦਾ। ਕਾਰਨ ਇਹ ਦੱਸਦਾ ਕਿ ਬਾਪੂ ਜੀ ਦੀ ਇਹ ਹਾਲਤ ਮੇਰੇ ਤੋਂ ਦੇਖੀ ਨਹੀਂ ਜਾਂਦੀ। ਉਹ ਆਪਣੀ ਆਦਤ ਅਨੁਸਾਰ ਖ਼ਬਰ ਲੈਣ ਆਇਆਂ ਦੀ ਵੀ ਬੇਇੱਜ਼ਤੀ ਕਰ ਦਿੰਦਾ। ਤੇ ਲੋਕ ਉਸ ਤੋਂ ਡਰਦੇ ਪਿੱਛੇ ਹਟਣ ਲੱਗੇ। ਉਹ ਫੋਨ ਤੇ ਮੈਨੂੰ ਵੀ ਗਾਲਾਂ ਕੱਢਦਾ ਰਹਿੰਦਾ। ਮੈਂ ਇਸ ਵਕਤ ਅਜਿਹੀ ਕਸੂਤੀ ਕੁੜਿੱਕੀ ਵਿੱਚ ਫਸ ਗਿਆ। ਮੇਰੀ ਪਤਨੀ ਇਨਫੈਕਸ਼ਨ ਕਾਰਨ ਹਸਪਤਾਲ ਚਲੇ ਗਈ। ਅੰਦਰ ਬੱਚੇ ਨੂੰ ਵੀ ਇਨਫੈਕਸ਼ਨ ਹੋ ਗਈ ਸੀ। ਦੋਹਾਂ ਦੀ ਜਾਨ ਖਤਰੇ ਵਿੱਚ ਸੀ ਤੇ ਓਧਰ ਮੇਰੇ ਬਾਪੂ ਜੀ ਮਰ ਰਹੇ ਸਨ। ਉੱਥੇ ਮੇਰੀ ਮਾਂ ਤੇ ਭਰਾ ਸਨ ਪਰ ਜੇ ਮੈਂ ਵੀ ਚਲਾ ਜਾਂਦਾ ਏਥੇ ਕੋਈ ਵੀ ਨਹੀਂ ਸੀ, ਮੇਰੇ ਨਿੱਕੇ ਜਿਹੇ ਬੇਟੇ ਤੋਂ ਬਗੈਰ। ਛੋਟੇ ਭਰਾ ਨੂੰ ਮੇਰੀ ਕਿਸੇ ਸਮੱਸਿਆ ਵਿੱਚ ਕੋਈ ਦਿਲਚਸਪੀ ਨਹੀਂ ਸੀ। ਮੈਂ ਏਨਾ ਟੁੱਟਿਆ ਕਿ ਇੱਕ ਦਿਨ ਗੁਰਦੁਵਾਰੇ ਜਾ ਕੇ ਮੇਰੀਆਂ ਭੁੱਬਾਂ ਹੀ ਨਿੱਕਲ ਗਈਆਂ ਕਿ 'ਹੇ ਪ੍ਰਮਾਤਮਾ ਜੇ ਤੂੰ ਕਿਤੇ ਹੈਂ ਤਾਂ ਮੇਰੇ ਬਾਪੂ ਜੀ ਨੂੰ ਬਚਾ ਲੈ'। ਪਰ ਅਜਿਹੇ ਕ੍ਰਿਸ਼ਮੇਂ ਕਦੋਂ ਹੁੰਦੇ ਨੇ।

ਬਾਪੂ ਜੀ ਦੇ ਹਾਦਸੇ ਬਾਰੇ ਹੋਰ ਪਤਾ ਲੱਗਿਆ ਕਿ ਹਾਦਸੇ ਵਾਲਾ ਦਿਨ ਉਨ੍ਹਾਂ ਦੀ ਰਿਟਾਇਰਮੈਂਟ ਦਾ ਦਿਨ ਸੀ। ਉਹ ਮੰਡੀ ਗੋਬਿੰਦਗੜ੍ਹ 'ਪਨਸੀਡ' ਮਹਿਕਮੇ ਵਿੱਚ ਨੌਕਰੀ ਕਰਦੇ ਸਨ। ਤੇ ਕਨੇਡਾ ਤੋਂ ਆ ਕੇ ਉਹ ਇਸੇ ਸ਼ਹਿਰ ਕਿਰਾਏ ਤੇ ਰਹਿੰਦੇ ਸਨ। ਕਦੀ ਕਦਾਈਂ ਉਹ ਪਿੰਡ ਵੀ ਚਲੇ ਜਾਂਦੇ। ਉਨ੍ਹਾਂ ਦੇ ਮਹਿਕਮੇ ਵਾਲਿਆਂ ਨੇ ਰਿਟਾਇਰਮੈਂਟ ਵਾਲੇ ਦਿਨ ਜਸ਼ਨ ਦੀਆਂ ਤਿਆਰੀਆਂ ਕੀਤੀਆਂ ਹੋਈਆਂ ਸਨ। ਬੈਂਡ ਵਾਜੇ ਨਾਲ ਉਨ੍ਹਾਂ ਨੂੰ ਵਿਦਾਇਗੀ ਦਿੱਤੀ ਜਾਣੀ ਸੀ। ਆਪਣੀਆਂ ਇਹ ਹੀ ਤਿਆਰੀਆਂ ਵਿੱਚ ਜੁਟੇ ਉਹ ਖੰਨੇ ਕਿਸੇ ਕੰਮ ਲਈ ਗਏ। ਸੋਚਿਆ ਹੋਣੈ ਕਿ 'ਨਾਲ ਹੀ ਤਾਂ ਹੈ ਸਾਈਕਲ ਤੇ ਹੀ ਜਾ ਆਉਂਦਾ ਹਾਂ'। ਇਸੇ ਗੱਲੋਂ ਤਾਂ ਅਸੀਂ ਉਨ੍ਹਾਂ ਨੂੰ ਰੋਕਿਆ ਸੀ।

ਬੱਸ ਜਿਸ ਦਾ ਡਰ ਸੀ ਉਹ ਹੀ ਹੋਇਆ। ਮਛਰੇ ਹੋਏ ਅਮੀਰਜ਼ਾਦੇ ਜੋ ਟ੍ਰਾਂਸਪੋਟਰ ਸਨ ਜਿਨ੍ਹਾਂ ਦੀ ਲਾਪ੍ਰਵਾਹੀ ਨਾਲ ਚਲਾਈ ਜਾ ਰਹੀ ਕਾਰ ਉਨ੍ਹਾਂ ਨੂੰ ਟਕਰਾ ਗਈ ਸੀ। ਉਨ੍ਹਾਂ ਦਾ ਸਿਰ ਸੜਕ ਤੇ ਵੱਜ ਲਹੂ ਲੁਹਾਨ ਹੋ ਗਿਆ। ਪਰ ਗੱਡੀ ਮਾਰਨ ਵਾਲੇ ਉਨ੍ਹਾਂ ਨੂੰ ਤੜਫਦਾ ਛੱਡ ਦੌੜ ਗਏ। ਕਿਸੇ ਚੰਗੇ ਪੁਲੀਸ ਵਾਲੇ ਨੇ ਪਿੱਛਾ ਕਰਕੇ ਉਨ੍ਹਾਂ ਨੂੰ ਘੇਰਿਆ ਕਿ 'ਤੁਸੀਂ ਬੰਦਾ

ਦਰਜ਼ ਦਿੱਤਾ ਹੈ'। ਤਾਂ ਉਹ ਡਰਦੇ ਮੁੜ ਆਏ। ਬਾਪੂ ਜੀ ਨੂੰ ਲੱਤਾਂ ਬਾਹਾਂ ਤੋਂ ਚੁੱਕ ਕਾਰ ਵਿੱਚ ਸੁੱਟ ਲਿਆ ਗਿਆ। ਉਸ ਵਕਤ ਉਨ੍ਹਾਂ ਦੀਆਂ ਤਿੰਨ ਪੱਸਲੀਆਂ ਟੁੱਟੀਆਂ ਹੋਈਆਂ ਸਨ ਜੋ ਉਨ੍ਹਾਂ ਦੇ ਜਿਸਮ ਵਿੱਚ ਧਸ ਗਈਆਂ। ਖੰਨੇ ਹਸਪਤਾਲ ਵਿੱਚ ਉਨ੍ਹਾਂ ਦੇ ਗਰੁੱਪ ਦਾ ਲਹੂ ਨਾ ਮਿਲਣ ਕਾਰਨ ਉਨ੍ਹਾਂ ਨੂੰ ਦਾਖਲ ਹੀ ਨਾ ਕੀਤਾ ਗਿਆ ਤੇ ਸਮਰਾਲੇ ਭੇਜ ਦਿੱਤਾ ਗਿਆ। ਪਰ ਲਾਪਰਵਾਹ ਡਾਕਟਰਾਂ ਫੋਨ ਕਰਕੇ ਸਮਰਾਲੇ ਹਸਪਤਾਲ ਬਲੱਡ ਗਰੁੱਪ ਹੋਣ ਬਾਰੇ ਪੁੱਛਣ ਦੀ ਵੀ ਖੇਚਲ ਨਾ ਕੀਤੀ। ਜਦੋਂ ਸਮਰਾਲੇ ਗਏ ਤਾਂ ਅੱਗੋਂ ਉਨ੍ਹਾਂ ਵੀ ਇਹ ਹੀ ਕਹਿ ਲੁਧਿਆਣੇ ਦੇ ਦਿਆਨੰਦ ਹਸਪਤਾਲ ਭੇਜ ਦਿੱਤਾ। ਉਦੋਂ ਤੱਕ ਉਨ੍ਹਾਂ ਦਾ ਬਹੁਤ ਖ਼ੂਨ ਵਹਿ ਚੁੱਕਾ ਸੀ। ਪੂਰੇ ਗਿਆਰਾਂ ਘੰਟੇ ਬਾਅਦ ਉਨ੍ਹਾਂ ਨੂੰ ਦਾਖਲ ਕੀਤਾ ਗਿਆ। ਅਜਿਹੀ ਅਣਗਹਿਲੀ ਦੇਖ ਕੇ ਤਾਂ ਲੱਗਦਾ ਹੈ ਕਿ ਵਾਕਿਆ ਹੀ ਅਸੀਂ ਕਨੇਡਾ ਵਰਗੇ ਮੁਲਕ, ਸਵਰਗ ਵਿੱਚ ਰਹਿ ਰਹੇ ਹਾਂ। ਏਥੇ ਕਦੀ ਵੀ ਇਸ ਤਰ੍ਹਾਂ ਨਹੀਂ ਵਾਪਰ ਸਕਦਾ।

ਅੱਗੇ ਸੁਣੋ, ਕਾਰ ਮਾਰਨ ਵਾਲੇ ਹੁਣ ਤੱਕ ਪੁਲੀਸ ਨੂੰ ਚੜ੍ਹਾਵਾ ਚੜਾ ਚੁੱਕੇ ਸਨ। ਪੁਲੀਸ ਨੇ ਸੁਨੇਹਾ ਦੇ ਕੇ ਮੇਰੇ ਚਾਚੇ ਨੂੰ ਪਿੰਡੋਂ ਬੁਲਾਇਆ ਤੇ ਹਦਾਇਤ ਕੀਤੀ ਕਿ 'ਭਰਾ ਤੇਰੇ ਨੇ ਬਚਣਾ ਤਾਂ ਹੈ ਨੀ। ਤਿੰਨ ਚਾਰ ਲੱਖ ਰੁਪਈਆ ਲੱਗ ਸਕਦਾ ਹੈ। ਤੂੰ ਕਾਰ ਵਾਲਿਆਂ ਨਾਲ ਸਮਝੌਤਾ ਕਰ ਲੈ ਤੇ ਹਸਪਤਾਲ ਦਾ ਖਰਚਾ ਉਹ ਹੀ ਦੇ ਦੇਣਗੇ।' ਚਾਚਾ ਆਪਣੇ ਹੀ ਭਰਾ ਨਾਲ ਧੋਖਾ ਕਰਕੇ ਕਾਰ ਮਾਰਨ ਵਾਲਿਆਂ ਨਾਲ ਰਲ ਗਿਆ ਸੀ। ਪਤਾ ਨਹੀਂ ਉਨ੍ਹਾਂ ਵਿੱਚ ਕੀ ਸਮਝੌਤਾ ਹੋਇਆ ਪਰ ਉਨ੍ਹਾਂ ਇਕੱਠਿਆਂ ਸ਼ਰਾਬ ਪੀਤੀ। ਇਸ ਸਮਝੌਤੇ ਵਿੱਚ ਮੇਰੀ ਹੀ ਭੂਆ ਦਾ ਮੁੰਡਾ ਵਿਚੋਲਗੀ ਕਰਦਾ ਰਿਹਾ। ਪਤਾ ਨਹੀਂ ਕੀ ਲੈਣ ਦੇਣ ਹੋਇਆ, ਮੇਰੇ ਚਾਚੇ ਨੇ ਥਾਣੇ ਵਿੱਚ ਬਿਆਨ ਦੇ ਦਿੱਤਾ ਕਿ ਹਾਦਸੇ ਵਕਤ ਮੇਰੇ ਭਰਾ ਨੇ ਸ਼ਰਾਬ ਪੀਤੀ ਹੋਈ ਸੀ। ਉਸੇ ਦਾ ਕਸੂਰ ਹੈ, ਕਾਰ ਵਾਲਿਆਂ ਦਾ ਕੋਈ ਕਸੂਰ ਨਹੀਂ। ਜਦ ਕਿ ਸਾਰੇ ਜਾਣਦੇ ਸਨ ਕਿ ਮੇਰੇ ਬਾਪੂ ਜੀ ਤਾਂ ਸ਼ਰਾਬ ਨਹੀਂ ਪੀਂਦੇ ਸਨ। ਇਹ ਤਾਂ ਉਸ ਦੇਵਤਾ ਸਰੂਪ ਇਨਸਾਨ ਨਾਲ ਸਰਾਸਰ ਧੋਖਾ ਸੀ।

ਜਦੋਂ ਅਸੀਂ ਕੇਸ ਕਰਨ ਦੀ ਕੋਸ਼ਿਸ਼ ਕਰ ਰਹੇ ਸੀ ਤਾਂ ਪੁਲੀਸ ਵਾਹ ਨਹੀਂ ਸੀ ਜਾਣ ਦੇ ਰਹੀ। ਆਖਿਰ ਪੁਲੀਸ ਨੂੰ ਮੰਨਣਾ ਪਿਆ ਕਿ ਸਾਡੇ ਚਾਚੇ ਨੇ ਅੰਦਰਖਾਤੇ ਰਾਜ਼ੀਨਾਮਾ ਕਰ ਲਿਆ ਹੈ। ਜਦੋਂ ਅਸੀਂ ਚਾਚੇ ਦੇ ਬਿਆਨ ਦੀ ਕਾਪੀ ਥਾਣੇ ਤੋਂ ਕਢਵਾਈ ਤਾਂ ਚਾਚਾ ਝੁਪੱਟ ਮਾਰ ਕੇ ਖੋਹਣ ਪਿਆ। ਹੋਰ ਤਾਂ ਹੋਰ ਉਸ ਨੇ ਤਾਂ ਆਪਣੇ ਭਰਾ ਦਾ ਲੁਧਿਆਣੇ ਪਿਆ ਇੱਕ ਪਲਾਟ ਵੇਚਣ ਲਈ ਫਰਜ਼ੀ ਮੁਖਤਿਆਰਨਾਮਾ ਬਣਾਉਣ ਦੀ ਵੀ ਕੋਸ਼ਿਸ਼ ਕੀਤੀ ਸੀ।

ਇਨ੍ਹਾਂ ਦਿਨਾਂ ਵਿੱਚ ਸਮਾਂ ਮੇਰੇ ਲਈ ਸੂਲਾਂ ਦਾ ਬਿਸਤਰ ਬਣਿਆ ਰਿਹਾ। ਮੈਂ ਰੋਜ਼ ਫੋਨ ਕਰਕੇ ਬਾਪੂ ਜੀ ਦਾ ਪਤਾ ਕਰਦਾ। ਸਭ ਆਖਦੇ ਕਿ ਠੀਕ ਹੋ ਰਹੇ ਨੇ। ਕਦੇ ਆਖਦੇ ਕਿ ਅੱਜ ਹੱਥ ਹਿਲਾਇਆ ਸੀ ਜਾਂ ਅੱਖਾਂ ਖੋਹਲੀਆਂ ਸਨ। ਅਸੀਂ ਸੋਚ ਰਹੇ ਸਾਂ ਕਿ ਸਾਡੀਆਂ ਦੁਆਵਾਂ ਸ਼ਾਇਦ ਕੰਮ ਆ ਰਹੀਆਂ ਨੇ। ਜਦੋਂ ਵੀ ਫੋਨ ਦੀ ਘੰਟੀ ਵੱਜਦੀ ਤਾਂ ਸਾਡੇ ਸਾਹ ਸੂਤੇ ਜਾਂਦੇ। ਬੱਸ ਆਖਿਰ ਉਹ ਦਿਨ ਵੀ ਆ ਗਿਆ ਜਿਸਦਾ ਤੌਖਲਾ ਸੀ। ਤੜਕੇ ਫੋਨ ਦੀ ਘੰਟੀ ਵੱਜੀ। ਵਿਚਕਾਰਲੇ ਭਰਾ ਨੇ ਏਨਾ ਹੀ ਕਿਹਾ, 'ਬਾਪੂ ਜੀ ਦੀ ਡੈੱਥ ਹੋ ਗਈ ਹੈ'। ਮੇਰੀਆਂ ਧਾਹਾਂ ਨਿੱਕਲ ਗਈਆਂ ਛੋਟਾ ਭਰਾ ਵੀ ਰੋਣ ਲੱਗਿਆ। ਪਤਨੀ ਇਨਫੈਕਸ਼ਨ ਨਾਲ ਜੂਝ ਰਹੀ ਸੀ। ਕਿਸੇ ਵਕਤ ਵੀ ਬੱਚੇ ਨੂੰ ਬਚਾਉਣ ਲਈ ਸਰਜਰੀ ਕਰਨੀ ਪੈ ਸਕਦੀ ਸੀ। ਬਾਪੂ ਜੀ ਜਾ ਚੁੱਕੇ ਸਨ। ਹੁਣ ਮੈਂ ਪਤਨੀ ਤੇ ਪੈਦਾ ਹੋਣ ਵਾਲੇ ਬੱਚੇ ਨੂੰ ਬਚਾਉਣਾ ਸੀ। ਮੈਨੂੰ ਪਤਾ ਸੀ ਕਿ ਲੋਕ ਕਹਿਣਗੇ ਕਿ ਪਤਨੀ ਨੂੰ ਬਚਾਉਣ ਖਾਤਰ ਪਿਉ ਦੇ ਸਸਕਾਰ ਤੇ ਨਹੀਂ ਗਿਆ। ਪਰ ਮੇਰਾ ਤਾਂ ਸਭ ਕਾਸੇ ਤੋਂ ਵਿਸ਼ਵਾਸ ਉੱਠ ਗਿਆ ਸੀ। ਮੈਂ ਉਸੇ ਵਕਤ ਹੋਰ ਉਧਾਰ ਫੜ੍ਹ ਛੋਟੇ ਭਰਾ ਨੂੰ ਵੀ



ਭਾਰਤ ਭੇਜ ਦਿੱਤਾ। ਉਧਰ ਮੇਰੇ ਪਿਤਾ ਦਾ ਜਿਸਮ ਮੱਚ ਰਿਹਾ ਹੋਵੇਗਾ ਤੇ ਏਧਰ ਮੈਂ ਜੀਉਂਦੇ ਜੀ ਹੀ ਮੁਸ਼ਕਲਾਂ ਦੇ ਸਿਵੇ ਵਿੱਚ ਮੱਚ ਰਿਹਾ ਸਾਂ।

ਅਫਸੋਸ ਕਰਨ ਵਾਲੇ ਆਉਂਦੇ ਰਹੇ। ਭਾਰਤ ਵਿੱਚ ਬਾਪੂ ਜੀ ਦੇ ਅਸਤ ਵੀ ਪਾ ਆਏ। ਪਰ ਵਿਚਕਾਰਲੇ ਭਰਾ ਦਾ ਉਹ ਹੀ ਹਾਲ ਰਿਹਾ। ਉਸ ਨੇ ਸਸਕਾਰ ਵਾਲੇ ਦਿਨ ਵੀ ਪੀਤੀ ਹੋਈ ਸੀ ਤੇ ਭੋਗ ਵਾਲੇ ਦਿਨ ਵੀ। ਲੋਕ ਦੱਸਦੇ ਸੀ ਕਿ ਏਨਾ ਇਕੱਠ ਜੁੜਿਆ ਉਨ੍ਹਾਂ ਕਦੀ ਨਹੀਂ ਸੀ ਦੇਖਿਆ। ਪਰ ਇਸ ਇਕੱਠ ਵਿੱਚ ਉਨ੍ਹਾਂ ਦਾ ਉਹ ਪੁੱਤਰ ਹਾਜਰ ਨਹੀਂ ਸੀ ਜਿਸ ਨੂੰ ਉਨ੍ਹਾਂ ਜਨਮ ਦਿੱਤਾ, ਪੜ੍ਹਾਇਆ ਲਿਖਾਇਆ ਤੇ ਪਾਲਣ ਪੋਸ਼ਣ ਕਰ ਕਨੇਡਾ ਭੇਜਿਆ। ਮੇਰੇ ਬਾਪੂ ਜੀ ਦਾ ਅੰਤਮ ਸਸਕਾਰ 13 ਅਪਰੈਲ, 1994 ਨੂੰ ਵਿਸਾਖੀ ਵਾਲੇ ਦਿਨ ਹੋਇਆ ਤੇ ਮੇਰੀ ਜੰਮਣ ਸਾਰ ਇਨਫੈਕਸ਼ਨ ਨਾਲ ਗ੍ਰਸੀ ਬੱਚੀ ਦਾ ਜਨਮ 6 ਮਈ, 1994 ਨੂੰ। ਜਿਸ ਦਿਨ ਅਸੀਂ ਆਪਣੀ ਨੰਨੀ ਜਿਹੀ ਬੱਚੀ ਨੂੰ ਹਸਪਤਾਲੋਂ ਘਰ ਲੈ ਕੇ ਆਏ ਤਾਂ ਬਿੱਲ ਨਾ ਅਦਾ ਕਰਨ ਕਰਕੇ ਸਾਡੇ ਘਰ ਦੀ ਬਿਜਲੀ ਫੇਰ ਕੱਟੀ ਹੋਈ ਸੀ। ਪਹਿਲਾਂ ਤਾਂ ਅਸੀਂ ਜੀ ਭਰ ਕੇ ਰੋਏ ਕਿ ਕੇਹੋ ਜਿਹਾ ਮਾੜਾ ਸਮਾਂ ਹੈ। ਜੀ ਕਰਦਾ ਸੀ ਖੁਦਕਸ਼ੀ ਕਰ ਲਈਏ ਤੇ ਮੈਂ ਖੁਦਕਸ਼ੀ ਕਰਨ ਦੇ ਨਵੇਂ ਨਵੇਂ ਤਰੀਕੇ ਸੋਚਦਾ।

ਮੇਰਾ ਬੱਚਾ ਸਾਡੀਆਂ ਸਾਰੀਆਂ ਮੁਸ਼ਕਲਾਂ ਤਾੜਦਾ ਰਹਿੰਦਾ। ਉਸ ਦੇ ਮਨ ਤੇ ਪਤਾ ਨਹੀਂ ਕੀ ਪ੍ਰਭਾਵ ਪੈ ਰਿਹਾ ਹੋਵੇਗਾ। ਹੁਣ ਕਰਜ਼ਾ ਦੇਣ ਵਾਲੇ ਸਾਨੂੰ ਸਤਾਉਣ ਲੱਗੇ। ਪਰ ਸਾਡੇ ਕੋਲ ਤਾਂ ਮੋੜਨ ਲਈ ਕੁੱਝ ਵੀ ਨਹੀਂ ਸੀ। ਮੈਂ ਜਿੱਥੇ ਕੰਮ ਕਰਦਾ ਸੀ ਉੱਥੋਂ ਕੁੱਝ ਕੰਪਨੀਆਂ ਨੇ ਮੇਰੀ ਤਨਖਾਹ ਕੁਰਕਣੀ ਸ਼ੁਰੂ ਕਰ ਦਿੱਤੀ। ਲੋਕ ਮੇਰੀਆਂ ਗੱਲਾਂ ਕਰਕੇ ਮਜ਼ਾਕ ਉਡਾਉਂਦੇ। ਦੋਸਤ ਮੇਰੀ ਮਾਨਸਿਕਤਾ ਨੂੰ ਤੇ ਮਜ਼ਬੂਰੀ ਨਾ ਸਮਝਦੇ ਹੋਏ ਮੇਰੀਆਂ ਗੱਲਾਂ ਬਣਾਉਣ ਦੇ ਨਾਲ ਮੇਰੀ ਕਿਰਦਾਰ ਕੁਸ਼ੀ ਵੀ ਕਰਨ ਲੱਗੇ। ਮੇਰਾ ਦੋਸਤ ਬਲਰਾਜ ਗਰੇਵਾਲ ਇੱਕ ਦਿਨ ਕਹਿੰਦਾ ਕਿ "ਮੇਜਰ ਅਜਿੱਹੇ ਕੁੱਤੇ ਬੰਦਿਆਂ ਨੂੰ ਦੋਸਤ ਆਖਦਾ ਏਂ ਜਿਹੜੇ ਔਖੇ ਸਮੇਂ ਤੇਰੇ ਨਾਲ ਇਹ ਵਿਵਹਾਰ ਕਰ ਰਹੇ ਨੇ। ਮੁਸ਼ਕਲਾਂ ਇਨਸਾਨਾਂ ਤੇ ਹੀ ਆਉਂਦੀਆਂ ਨੇ। ਤਕੜਾ ਹੋ ਤੇ ਘਟੀਆ ਬੰਦਿਆਂ ਦਾ ਖਹਿੜਾ ਛੱਡ ਨਹੀਂ। ਜੇ ਬਚ ਗਿਆ ਇਹ ਮਾਰ ਦੇਣਗੇ। ਏਥੇ ਕਰਜ਼ੇ ਹੇਠੋਂ ਨਿੱਕਲਣ ਦੇ ਸਾਰੇ ਰਸਤੇ ਨੇ। ਲੋਕਾਂ ਦੀ ਪਰਵਾਹ ਛੱਡ ਤੇ ਬੈਂਕਰਪਸੀ ਕਰ ਦੇ।" ਪਰ ਮੈਂ ਅਜਿਹਾ ਕੁੱਝ ਨਾ ਕੀਤਾ।

ਮੇਰਾ ਪਰਿਵਾਰ ਬਾਪੂ ਜੀ ਨੂੰ ਕਿਓਟ ਕੇ ਵਾਪਸ ਕਨੇਡਾ ਆ ਗਿਆ। ਮੈਂ ਸਾਰਾ ਕੁੱਝ ਵੀਡੀਉ ਫਿਲਮ ਵਿੱਚ ਇੱਕ ਵਾਰ ਜੀ ਕਰੜਾ ਕਰਕੇ ਮਸਾਂ ਦੇਖ ਸਕਿਆ। ਮੇਰੇ ਬਾਪੂ ਜੀ ਦੀ ਲਾਸ਼ ਜਿਸ ਤਰ੍ਹਾਂ ਗੁੱਛਾ ਮੁੱਛਾ ਕਰ ਕਾਰ ਦੇ ਟਰੰਕ ਵਿੱਚ ਰੱਖ ਕੇ ਲਿਆਂਦੀ ਗਈ ਸੀ, ਉਸ ਤੋਂ ਅੱਗੇ ਮੇਰੇ ਤੋਂ ਅਜੇ ਤੱਕ ਇਹ ਫਿਲਮ ਨਾ ਦੇਖੀ ਗਈ। ਅੱਜ ਵੀ ਇਸ ਵੀਡੀਉ ਤੋਂ ਮੈਨੂੰ ਭੈਅ ਆਉਂਦਾ ਹੈ ਜਿਵੇਂ ਕੋਈ ਫਨੀਅਰ ਨਾਗ ਮੇਰੇ ਤੇ ਝਪਟਣ ਵਾਲਾ ਹੋਵੇ। ਹੁਣ ਜਦੋਂ ਲੈਣਦਾਰਾਂ ਦੇ ਫੋਨ ਆਉਂਦੇ ਤਾਂ ਮੇਰੇ ਭਰਾ ਚੁੱਕ ਲੈਂਦੇ। ਤੇ ਉਸ ਵਿਅਕਤੀ ਨੂੰ ਸਾਡੇ ਖਿਲਾਫ ਚੰਗੀ ਤਰ੍ਹਾਂ ਭੁਗਤਣ ਦੀਆਂ ਤਾਕੀਦਾਂ ਕਰਦੇ। ਕਈ ਵਾਰ ਉਹ ਸਾਡੇ ਫੋਨ ਰਿਕਾਰਡ ਵੀ ਕਰ ਲੈਂਦੇ। ਫੇਰ ਅਜਿਹਾ ਅਕਸਰ ਹੀ ਹੋਣ ਲੱਗਿਆ। ਤੇ ਲੜ੍ਹਾਈ ਦੇ ਕਾਰਨ ਵੀ ਉਹ ਹੀ, ਕਿ ਮੇਰੀ ਪਤਨੀ ਕਾਰ ਕਿਉਂ ਚਲਾਉਂਦੀ, ਤੀਵੀਂਆਂ ਨੂੰ ਤਾਂ ਸਿਰਫ ਘਰੇ ਹੀ ਬੈਠਣਾ ਚਾਹੀਦਾ ਹੈ। ਇਸ ਗੱਲ ਪਿੱਛੇ ਤਾਂ ਉਹ ਉਸੇ ਦਿਨ ਲੜ ਪਏ ਸੀ ਜਿਸ ਦਿਨ ਮੈਂ ਪਹਿਲੀ ਵਾਰ ਨਵੇਂ ਆਇਆਂ ਨੂੰ ਨਿਆਗਰਾ ਫਾਲ ਦਿਖਾਉਣ ਲੈ ਗਿਆ। ਉਨ੍ਹਾਂ ਦੀ ਮੰਗ ਤੇ ਉਨ੍ਹਾਂ ਨੂੰ ਪਿਲਾਈ ਤੇ ਨਾਲ ਆਪ ਵੀ ਪੀ ਲਈ। ਗੱਡੀ ਤਾਂ ਪਤਨੀ ਨੇ ਹੀ ਚਲਾਉਣੀ ਸੀ ਪਰ ਉਨ੍ਹਾਂ ਨੂੰ ਇਹ ਗੱਲ ਚੰਗੀ ਨਹੀਂ

ਸੀ ਲੱਗੀ। ਕਦੇ ਉਹ ਕਹਿੰਦੇ, "ਉਹ ਤੇਰੇ ਨਾਲ ਗ੍ਰੌਸਰੀ ਲੈਣ ਕਿਉਂ ਜਾਂਦੀ ਹੈ।" ਜਾਂ ਕਹਿੰਦੇ ਕਿ ਜੇ ਬੀਬੀ ਨਾਲ ਹੁੰਦੀ ਹੈ ਤਾਂ ਤੇਰੀ ਘਰ ਵਾਲੀ ਕਾਰ 'ਚ ਅੱਗੇ ਕਿਉਂ ਬੈਠਦੀ ਹੈ। ਤੜਕੇ ਕਿਉਂ ਨੀ ਉੱਠਦੀ, ਟੀ ਵੀ ਕਿਉਂ ਦੇਖਦੀ ਹੈ। ਮੈਂ ਸਮਝਾ ਸਮਝਾ ਕੇ ਥੱਕ ਜਾਂਦਾ ਕਿ ਇਹ ਦਕੀਆਨੂਸੀ ਸੋਚ ਏਥੇ ਨਹੀਂ ਚੱਲ ਸਕਦੀ। ਕਿ ਤੀਵੀਂ ਘੁੰਡ ਕੱਢਕੇ ਰੱਖੇ, ਪੈਰੀਂ ਹੱਥ ਲਾਵੇ ਜਾਂ ਮਰਦ ਦੇ ਪੈਰ ਦੀ ਜੁੱਤੀ ਬਣ ਕੇ ਹੀ ਰਹੇ। ਪਰ ਤਦੇ ਉਹ ਆਖਦੇ ਕਿ ਮੈਂ ਘਰ ਵਾਲੀ ਦੇ ਥੱਲੇ ਲੱਗਿਆ ਹੋਇਆ ਹਾਂ। ਸ਼ਾਇਦ ਉਹ ਸੋਚਦੇ ਹੋਣ ਕਿ ਇਹ ਰਿਸ਼ਤਾ ਤੁੜਾ ਕੇ ਉਹ ਮੇਰਾ ਹੋਰ ਵਿਆਹ ਕਿਸੇ ਪਲਾਸਟਿਕ ਦੀ ਗੁੱਡੀ ਨਾਲ ਕਰਵਾ ਲਿਆਉਣਗੇ ਜਿਸ ਨੂੰ ਮਰਜ਼ੀ ਨਾਲ ਤੋੜਿਆ ਮਰੋੜਿਆ ਜਾ ਸਕਦਾ ਹੋਵੇ।

ਇੱਕ ਦਿਨ ਸਾਡੇ ਟ੍ਰੈਵਿਲ ਏਜੰਟ ਦਾ (ਜਿਸ ਨੇ ਬਾਪੂ ਜੀ ਦੀ ਭਾਰਤ ਦੀ ਟਿਕਟ ਬਣਾਈ ਸੀ) ਫੋਨ ਆਇਆ ਕਿ ਬਾਪੂ ਜੀ ਨੇ ਇੱਕ ਪਾਸੇ ਦਾ ਸਫਰ ਨਹੀਂ ਸੀ ਕੀਤਾ ਤੇ ਉਸ ਨੇ ਕੋਸ਼ਿਸ਼ ਕਰਕੇ ਅੱਧੀ ਟਿਕਟ ਮੁੜਵਾ ਦਿੱਤੀ ਹੈ। ਇਹ ਟਿਕਟ ਅਸੀਂ ਉਧਾਰ ਪੈਸੇ ਫੜ ਕੇ ਲਈ ਸੀ ਪਰ ਮੇਰਾ ਛੋਟਾ ਭਰਾ ਬਗੈਰ ਸਾਨੂੰ ਦੱਸੇ ਮੇਰੇ ਇੱਕ ਹੋਰ ਰਿਸ਼ਤੇਦਾਰ ਨਾਲ ਜਾ ਏਜੰਟ ਤੋਂ ਪੈਸੇ ਫੜ ਲਿਆਇਆ ਤੇ ਸਾਨੂੰ ਦੱਸਿਆ ਵੀ ਨਾ। ਮੇਰੀ ਘਰ ਵਾਲੀ ਨੂੰ ਵੀ ਬਹੁਤ ਗੁੱਸਾ ਆਇਆ ਕਿ ਉਨ੍ਹੇ ਅਜਿਹਾ ਕਿਉਂ ਕੀਤਾ ਹੈ। ਅੱਗੋਂ ਉਹ ਭੜਕ ਪਏ ਕਿ ਤੀਵੀਂ ਅੱਗੇ ਕਿਵੇਂ ਬੋਲੇ। ਉਨ੍ਹਾਂ ਮੇਰੀ ਪਤਨੀ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ ਤੇ ਉਸ ਦੀ ਗੁੱਤ ਪਕੜ ਲਈ। ਉਸ ਵਕਤ ਮੇਰੀ ਨਵਜਨਮੀ ਬੇਟੀ ਉਸ ਦੀ ਗੋਦ ਵਿੱਚ ਸੀ। ਕੁੱਝ ਵੀ ਵਾਪਰ ਸਕਦਾ ਸੀ। ਫੇਰ ਮੇਰੇ ਗੁੱਸੇ ਨੇ ਸ਼ਿਖਰ ਛੋਹੀ ਕਿ ਹੁਣ ਕਾਹਦੇ ਰਿਸ਼ਤੇ ਨਾਤੇ ਰਹਿ ਗਏ। ਤੇ ਮੈਂ ਪੁਲੀਸ ਨੂੰ ਕਾਲ ਕੀਤਾ। ਪੁਲੀਸ ਆਈ। ਉਨ੍ਹਾਂ ਦੇਖਿਆ ਕਿ ਬੱਚਾ ਤਾਂ ਸੁਰੱਖਿਅਤ ਹੈ। ਉਹ ਉਨ੍ਹਾਂ ਦੋਹਾਂ ਨੂੰ ਪਕੜ ਕੇ ਲੈ ਗਈ। ਦੂਸਰੇ ਦਿਨ ਉਨ੍ਹਾਂ ਨੂੰ ਅਪਰਾਧੀ ਸਮਝ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਸਾਡਾ ਰਿਸ਼ਤੇਦਾਰ ਉਹ ਹੀ ਬੰਦਾ ਜ਼ਮਾਨਤ ਦੇ ਕੇ ਛੁਡਾ ਲਿਆਇਆ ਜੋ ਉਨ੍ਹਾਂ ਨੂੰ ਅਕਸਰ ਸਾਡੇ ਖਿਲਾਫ ਭੜਕਾਉਂਦਾ ਰਹਿੰਦਾ ਸੀ। ਬਲਦੀ ਤੇ ਤੇਲ ਪਾਉਣ ਦਾ ਕੰਮ ਸਾਡੇ ਹੋਰ ਵੀ ਕਈ ਰਿਸ਼ਤੇਦਾਰਾਂ ਤੇ ਸਕੇ ਸੰਬੰਧੀਆਂ ਨੇ ਕੀਤਾ ਸੀ।

ਇਨ੍ਹਾਂ ਬੰਦਿਆਂ ਨੂੰ ਸ਼ਾਇਦ ਮੇਰੇ ਨਾਲ ਕੋਈ ਅੰਦਰੂਨੀ ਈਰਖਾ ਹੋਵੇ ਜਾਂ ਉਹ ਮੈਨੂੰ ਨੀਵਾਂ ਦਿਖਾਉਣਾ ਚਾਹੁੰਦੇ ਹੋਣ। ਉਹ ਮੇਰੇ ਹੀ ਪਰਿਵਾਰ ਨੂੰ ਮੇਰੇ ਖਿਲਾਫ ਮੋਹਰੇ ਬਣਾ ਕੇ ਵਰਤਣ ਲੱਗੇ। ਕਦੇ ਆਖਦੇ ਸਾਰੇ ਵੈੱਲਫੇਅਰ ਤੇ ਚਲੋ। ਕਦੇ ਆਖਦੇ ਕਿ ਸ਼ਰਾਬ ਤਾਂ ਸਾਰੇ ਕੱਢਦੇ ਨੇ, ਉਹ ਥੋਨੂੰ ਕਿਉਂ ਰੋਕਦਾ ਹੈ, ਬਗੈਰਾ ਬਗੈਰਾ। ਕਦੇ ਕਹਿੰਦੇ ਇਸ ਨੇ ਥੋਡੀ ਦਸ ਸਾਲ ਦੀ ਜਿੰਮੇਵਾਰੀ ਲਈ, ਕੁੱਛ ਨਾ ਦਿਉ। ਸਰਕਾਰ ਏਹਦਾ ਘਰ ਖੋਹ ਲਵੇਗੀ, ਫੇਰ ਏਹਨੂੰ ਪਤਾ ਲੱਗੂ। ਪਰ ਮੈਂ ਤਾਂ ਇਹ ਘਰ ਬਗੈਰ ਕੋਈ ਨਵਾਂ ਪੈਸਾ ਲਏ ਬਗੈਰ ਭਰਾਵਾਂ ਦੇ ਨਾਂ ਬਰਾਬਰ ਕਰਾਉਣਾ ਚਾਹੁੰਦਾ ਸੀ। ਪਰ ਉਹ ਮੇਰੀ ਪਤਨੀ ਨੂੰ ਵਿੱਚ ਨਹੀਂ ਰੱਖਣਾ ਚਾਹੁੰਦੇ ਸਨ। ਹੁਣ ਕਚਹਿਰੀ ਵਿੱਚ ਤਰੀਕਾਂ ਪੈਣ ਲੱਗੀਆਂ ਤੇ ਅਸੀਂ ਦੁਸ਼ਮਣਾਂ ਵਾਂਗ ਇੱਕ ਦੂਜੇ ਦੇ ਸਾਹਮਣੇ ਹੁੰਦੇ। ਉਹ ਲੋਕਾਂ ਨੂੰ ਆਖਦੇ ਕਿ ਦੇਖੋ ਸਾਡੇ ਭਰਾ ਨੇ ਸਾਨੂੰ ਪੁਲੀਸ ਬੁਲਾ ਕੇ ਘਰੋਂ ਕਢਵਾ ਦਿੱਤਾ ਹੈ। ਉਦੋਂ ਮੇਰੇ ਦੋਸਤਾਂ ਨੇ ਮੇਰਾ ਮਜ਼ਾਕ ਉਡਾਕੇ ਤੇ ਗੱਲਾਂ ਬਣਾ ਕੇ ਖੂਬ ਨਜ਼ਾਰੇ ਲਏ। ਬਹੁਤਿਆਂ ਲਈ ਤਾਂ ਮੇਰੇ ਘਰ ਲੱਗੀ ਅੱਗ ਇਹ ਬਸੰਤਰ ਸੀ। ਮੈਂ ਆਪਣਾ ਪਿਉ ਤੇ ਪਰਿਵਾਰ ਤਾਂ ਗੁਆ ਸੀ ਲਿਆ ਹੁਣ ਮੇਰੇ ਲਈ ਸਭ ਤੋਂ ਵੱਡੀ ਚਿੰਤਾ ਮੇਰੇ ਘਰ ਦੀ ਛੱਤ ਗੁਆਚ ਜਾਣ ਦੀ ਸੀ।

ਕਨੇਡਾ ਵਿੱਚ ਇਹ ਮੰਦਵਾੜਾ ਬਹੁਤ ਦੇਰ ਚੱਲਿਆ। ਲੋਕਾਂ ਦੇ ਕੰਮ ਚਲੇ ਗਏ।



ਬਹੁਤਿਆਂ ਦੇ ਘਰ ਚਲੇ ਗਏ। ਕਈ ਕਈ ਘਰਾਂ ਦੇ ਮਾਲਿਕ ਕੰਗਾਲ ਹੋ ਗਏ ਤੇ ਸੜਕਾਂ ਤੇ ਆ ਗਏ। ਅਸੀਂ ਵੀ ਇਸ ਮੰਦਵਾੜੇ ਦੀ ਚੱਕੀ ਵਿੱਚ ਬੁਰੀ ਤਰ੍ਹਾਂ ਪਿਸ ਰਹੇ ਸਾਂ। ਦਿਨ ਰਾਤ ਕੁਲੈਕਸਨ ਏਜੰਸੀਆਂ ਦੇ ਫੋਨ ਆਉਣ ਲੱਗੇ। ਇਹ ਲੋਕ ਬਹੁਤ ਕਮੀਨੇ ਹੁੰਦੇ ਅਤੇ ਅੰਤ ਦੀ ਗੰਦੀ ਭਾਸ਼ਾ ਵਰਤਦੇ। ਇਨ੍ਹਾਂ ਦਾ ਕੰਮ ਤਾਂ ਤੁਹਾਨੂੰ ਵੱਧ ਤੋਂ ਵੱਧ ਮਾਨਸਿਕ ਤੌਰ ਤੇ ਪਰੇਸ਼ਾਨ ਕਰਨਾ ਹੁੰਦਾ ਹੈ। ਮੈਂ ਤਾਂ ਏਨ੍ਹਾਂ ਦੇ ਘਟੀਆ ਬੋਲਾਂ ਨਾਲ ਹਰ ਵਕਤ ਪਰੁੰਨਿਆ ਰਹਿੰਦਾ।

ਕੰਮ ਤੇ ਪਹਿਲਾਂ ਹੀ ਮੇਰੀ ਤਨਖਾਹ ਕੁਰਕੀ ਜਾ ਰਹੀ ਸੀ ਹੁਣ ਜਦੋਂ ਵੀ ਕੋਈ ਫੋਨ ਦੀ ਘੰਟੀ ਖੜਕਦੀ ਤਾਂ ਮੇਰਾ ਲਹੂ ਪਾਣੀ ਬਣ ਜਾਂਦਾ। ਅਸੀਂ ਨਿੱਘਰਦੇ ਹੀ ਜਾ ਰਹੇ ਸਾਂ। ਏਵੇਂ ਅਸੀਂ ਸਾਲ ਕੁ ਖਿੱਚ ਧੂ ਕੇ ਲੰਘਾਇਆ। ਕਰਜ਼ਾ ਉਤਾਰਨ ਲਈ ਪਤਨੀ ਦੇ ਸਾਰੇ ਹੀ ਗਹਿਣੇ ਵਿਕ ਗਏ। ਸ਼ਗਨਾਂ ਦੇ ਹਾਰ ਦਾ ਬਚਿਆ ਧਾਗਾ ਵੇਖ ਵੇਖ ਉਹ ਰੋਣ ਲੱਗ ਜਾਂਦੀ। ਮੈਂ ਹੌਂਸਲਾ ਦਿੰਦਾ ਕਿ ਕੋਈ ਨਾ ਗਹਿਣੇ ਫੇਰ ਬਣ ਜਾਣਗੇ। ਜਿਸ ਦਿਨ ਉਸ ਨੇ ਗਹਿਣੇ ਵੇਚ ਕੇ ਇੱਕ ਕਰਜ਼ੇ ਦੀ ਛੋਟੀ ਜਿਹੀ ਕਿਸ਼ਤ ਉਤਾਰੀ ਭੈੜੇ ਸਮੇਂ ਨੇ ਉਦੋਂ ਵੀ ਸਾਡੇ ਤੇ ਜ਼ਾਲਮਾਨਾ ਵਾਰ ਕੀਤਾ। ਸਾਡੀ ਕਾਰ ਵਿੱਚ ਕਿਸੇ ਹੋਰ ਦੀ ਕਾਰ ਆ ਟਕਰਾਈ। ਮੇਰੀ ਬੱਚੀ ਜੋ ਕਾਰ ਸੀਟ ਵਿੱਚ ਬੈਠੀ ਦੁੱਧ ਪੀਂਦੀ ਸੀ, ਉਸ ਦੇ ਦੁੱਧ ਵਾਲੀ ਸ਼ੀਸ਼ੀ ਕਾਰ ਦਾ ਸ਼ੀਸ਼ਾ ਟੁੱਟ ਕੇ ਬਾਹਰ ਜਾ ਡਿੱਗੀ। ਉਦੋਂ ਮੇਰੀ ਪਤਨੀ ਰਸ਼ਪਿੰਦਰ ਕਾਰ ਚਲਾਉਂਦੀ ਸੀ। ਜਦੋਂ ਮੈਨੂੰ ਕੰਮ ਤੇ ਇਸ ਹਾਦਸੇ ਦੀ ਖ਼ਬਰ ਮਿਲੀ ਤਾਂ ਮੈਂ ਬਹੁਤ ਡਰ ਗਿਆ। ਹਾਦਸੇ ਵਾਲੀ ਥਾਂ ਤੋਂ ਐਂਬੂਲੈਂਸ ਉਨ੍ਹਾਂ ਨੂੰ ਲਿਜਾ ਚੁੱਕੀ ਸੀ ਤੇ ਕਾਰ ਚਕਨਾਚੂਰ ਹੋ ਗਈ ਸੀ। ਮੈਂ ਹਸਪਤਾਲ ਪਹੁੰਚਿਆ ਤਾਂ ਉਹ ਦੋਵੇਂ ਠੀਕ ਠਾਕ ਸਨ। ਮੈਂ ਸ਼ੁਕਰ ਕੀਤਾ ਕਿ ਚਲੋ ਕਾਰ ਦਾ ਕੀ ਹੈ ਹੋਰ ਲੈ ਲਵਾਂਗੇ।

ਆਖਿਰ ਸਾਡੇ ਘਰ ਦੀ ਕਿਸ਼ਤ ਟੁੱਟ ਗਈ। ਅਸੀਂ ਬੈਂਕ ਦੇ ਤਰਲੇ ਕੀਤੇ ਕਿ ਸਾਨੂੰ ਸੈਕਿੰਡ ਮਾਰਟਗੇਜ਼ ਦੇ ਦੇਵੇ। ਘਰ 'ਚ ਸਾਡਾ 25 ਹਜ਼ਾਰ ਡਾਲਰ ਡਾਊਨ ਸੀ ਪਰ ਉਨ੍ਹਾਂ ਸਾਡੀ ਇੱਕ ਨਾ ਸੁਣੀ। ਹੁਣ ਤਾਂ ਸਾਡੇ ਕੋਲ ਵੇਚਣ ਲਈ ਵੀ ਕੁੱਝ ਨਹੀਂ ਸੀ ਬਚਿਆ। ਦੋਸਤਾਂ ਨੇ ਪਿੱਠ ਵਿੱਚ ਛੁਰੇ ਮਾਰਨੇ ਉਸੇ ਤਰ੍ਹਾਂ ਜਾਰੀ ਰੱਖੇ। ਉਹ ਮੇਰਾ ਮਜ਼ਾਕ ਉਡਾਉਂਦੇ। ਗੱਲਾਂ ਗੱਲਾਂ ਵਿੱਚ ਭਾਰਤ ਤੋਂ ਆਏ ਲੇਖਕਾਂ ਕੋਲ ਮੇਰੇ ਕਰਜ਼ਈ, ਬੇਈਮਾਨ ਜਾਂ ਕੰਗਾਲ ਹੋਣ ਦਾ ਗੁੱਡਾ ਬੰਨਦੇ। ਮੈਂ ਵੀ ਸਾਰਿਆਂ ਦੀ ਦੋਸਤੀ ਨੂੰ ਖੂਹ ਖਾਤੇ ਸੁੱਟ ਦਿੱਤਾ ਕਿ ਦਫਾ ਹੋਣ। ਹੁਣ ਮੇਰੀ ਸ਼ਾਨ ਦੇ ਖਿਲਾਫ ਕੀਤੀਆਂ ਗੱਲਾਂ ਮੈਨੂੰ ਸਤਾਉਂਦੀਆਂ ਨਹੀਂ ਸੀ। ਹੁਣ ਤਾਂ ਮੈਂ ਜ਼ਿੰਦਗੀ ਮੌਤ ਦੀ ਲੜਾਈ ਲੜ ਰਿਹਾ ਸੀ। ਇਕੱਲ੍ਹਾ ਹੀ ਨੰਗੇ ਧੜ।

ਮੇਰੇ ਦੋ ਬੱਚਿਆਂ ਨੂੰ ਪੀਣ ਲਈ ਦੁੱਧ ਤੇ ਖਾਣ ਲਈ ਭੋਜਨ ਦੇਣਾ ਹੀ ਮੇਰੇ ਲਈ ਸਭ ਤੋਂ ਵੱਡੀ ਲੜਾਈ ਰਹਿ ਗਈ ਸੀ। ਦੂਸਰਾ ਮੇਰਾ ਜ਼ੋਰ ਏਸ ਗੱਲ ਤੇ ਸੀ ਕਿ ਜੋ ਮਰਜ਼ੀ ਹੋ ਜਾਵੇ ਸਾਡਾ ਤਲਾਕ ਨਹੀਂ ਹੋਣਾ ਚਾਹੀਦਾ। ਨਹੀਂ ਤਾਂ ਮੇਰੇ ਬੱਚੇ ਰੁਲ ਜਾਣਗੇ ਤੇ ਸਮਾਜਿਕ ਗਿਰਝਾਂ ਸਾਡੀ ਬੋਟੀ ਬੋਟੀ ਖਾਅ ਜਾਣਗੀਆਂ। ਉਨ੍ਹੀਂ ਦਿਨੀਂ ਅਮਰੀਕਾ ਤੋਂ ਇੱਕ ਲੇਖਕ ਆਇਆ ਜੋ ਮੇਰੇ ਵਰਗੇ ਹਾਲਾਤਾਂ 'ਚੋਂ ਹੀ ਲੰਘਿਆ ਸੀ। ਉਸ ਨੇ ਕਿਹਾ ਮੇਰੇ ਤੇ ਵੀ ਜਦੋਂ ਅਜਿਹੇ ਹਾਲਾਤ ਆਏ ਸਨ ਤਾਂ ਮੇਰੀ ਮਾਨਸਿਕਤਾ ਵੀ ਏਸ ਤਰ੍ਹਾਂ ਦੀ ਬਣ ਗਈ ਸੀ ਕਿ ਵੱਧ ਤੋਂ ਵੱਧ ਮੌਤ ਹੀ ਆ ਜਾਊ ਹੋਰ ਕੀ ਹੋ ਜਾਊ। ਮੌਤ ਆਊ ਤਾਂ ਸਾਰੇ ਦੁੱਖਾਂ ਤੋਂ ਛੁਟਕਾਰਾ ਮਿਲ ਜਾਊ। ਇਹ ਉਸਦਾ ਵਾਕ ਮੇਰੀ ਲੜ੍ਹਾਈ ਦਾ ਆਖਰੀ ਹਥਿਆਰ ਬਣ ਗਿਆ। ਹੁਣ ਜੇ ਕਿਸੇ ਦਾ ਧਮਕੀਆਂ ਭਰਿਆ ਫੋਨ ਆਉਂਦਾ ਜਾਂ ਕੋਈ ਮਾਨਸਿਕ ਤੌਰ ਤੇ ਪਰੇਸ਼ਾਨ ਕਰਦਾ ਤਾਂ ਮੈਂ ਸੋਚਣ ਲੱਗਦਾ ਕੀ ਹੋ ਜਾਊ, ਵੱਧ ਤੋਂ ਵੱਧ ਮੌਤ ਹੀ ਆ ਜਾਊ ਤੇ ਖਹਿੜਾ ਛੁੱਟੂ।

ਇਸ ਹਾਲਤ ਵਿੱਚ ਬੰਦਾ ਕਿਸੇ ਦਾ ਕਤਲ ਵੀ ਕਰ ਸਕਦਾ ਹੈ ਜਾਂ ਆਪਣੀ ਜਾਨ

ਵੀ ਲੈ ਸਕਦਾ ਹੈ ਤੇ ਸਮੂਹਿਕ ਕਤਲੇਆਮ ਵੀ ਕਰ ਸਕਦਾ ਹੈ। ਮੈਨੂੰ ਖਤਰਨਾਕ ਅਲਸਰ ਹੋ ਗਿਆ, ਬਲੱਡ ਪ੍ਰੈਸ਼ਰ ਹਾਈ ਰਹਿਣ ਲੱਗਿਆ ਤੇ ਉਦਾਸੀ ਰੋਗ ਘਰ ਕਰ ਗਿਆ। ਪਰ ਮੈਨੂੰ ਸਮਝਣ ਵਾਲਾ ਕੋਈ ਨਹੀਂ ਸੀ। ਲੇਖਕਾਂ ਨੇ ਤੇ ਉਨ੍ਹਾਂ ਦੀ ਉਸ ਸੰਸਥਾ ਨੇ ਜੋ ਮੇਰੇ ਹੀ ਘਰੇ ਬਣੀ ਸੀ ਮੇਰੇ ਲਈ ਸਾਰੇ ਬੂਹੇ ਢੋਹ ਲਏ। ਤੇ ਹੁਣ ਜਦੋਂ ਮੈਂ ਠੀਕ ਠਾਕ ਹਾਂ ਤੇ ਮੈਂ ਵੀ ਸਭ ਲਈ ਆਪਣੇ ਘਰ ਦੇ ਬੂਹੇ ਢੋਹ ਲਏ ਹਨ। ਉਨ੍ਹਾਂ ਲਈ ਤਾਂ ਹੁਣ ਇਹ ਕਦੇ ਨਹੀਂ ਖੁੱਲ੍ਹਣਗੇ ਜਿਨ੍ਹਾਂ ਮੁਸ਼ਕਲ ਵੇਲੇ ਮੈਨੂੰ ਮਿਲਣ ਵਿੱਚ ਵੀ ਹਤਕ ਸਮਝੀ ਸੀ। ਜੇ ਉਹ ਵੱਡੇ ਲੇਖਕ ਹੋਣਗੇ ਤਾਂ ਹੋਣ ਮੈਨੂੰ ਵੀ ਕੋਈ ਪਰਵਾਹ ਨਹੀਂ। ਹਾਂ ਜੇ ਕੋਈ ਚੰਗਾ ਦੋਸਤ ਜਾਂ ਲੇਖਕ ਕਦੇ ਮੇਰੇ ਘਰ ਆਵੇਗਾ ਤਾਂ ਅਸੀਂ ਹੱਥੀਂ ਛਾਵਾਂ ਕਰਾਂਗੇ।

ਜਦੋਂ ਮੈਂ ਕੰਮ ਤੋਂ ਆਉਂਦਾ ਤਾਂ ਮਨ ਦਹਿਲਦਾ ਕਿ ਅੱਜ ਬੈਂਕ ਵਾਲਿਆਂ ਪਾਵਰ ਆਫ ਸੇਲ ਦਾ ਫੱਟਾ ਲਾ ਦਿੱਤਾ ਹੋਵੇਗਾ। ਸੈਕਿੰਡ ਮਾਰਟਗੇਜ਼ ਵਾਲਾ ਭਾਰਤੀ ਬੰਦਾ ਤਾਂ ਕਈ ਵਾਰ ਬੂਹਾ ਭੰਨ ਕੇ ਸਾਨੂੰ ਗਾਲਾਂ ਕੱਢ ਗਿਆ ਸੀ ਪਰ ਹੁਣ ਅਸੀਂ ਬੂਹਾ ਹੀ ਨਹੀਂ ਸੀ ਖੋਹਲਦੇ। ਇਨ੍ਹਾਂ ਦਿਨਾਂ ਵਿੱਚ ਮੈਂ ਦੇਖਿਆ ਕਿ ਕਿਵੇਂ ਵਕੀਲ, ਰੀਅਲ ਸਟੇਟ ਏਜੰਟ, ਬੈਂਕਾਂ ਦੇ ਮਨੈਜਰ ਰਲ ਕੇ ਕਿਵੇਂ ਇੱਕ ਮਾਫੀਏ ਵਜੋਂ ਗੁੰਡਿਆਂ ਦੇ ਰੂਪ ਵਿੱਚ ਕੰਮ ਕਰਦੇ ਹਨ। ਮੈਂ ਬਹੁਤ ਕੋਸ਼ਿਸ਼ ਕੀਤੀ ਕਿ ਘਰ ਵਿਕ ਜਾਂਦਾ ਜਾਂ ਬੇਸਮੈਂਟ ਹੀ ਕਿਰਾਏ ਤੇ ਚੜ੍ਹ ਜਾਂਦੀ ਪਰ ਅਜਿਹਾ ਕੁੱਝ ਨਾ ਹੋਇਆ। ਸਾਡਾ ਰੀਅਲ ਸਟੇਟ ਏਜੰਟ ਜੋ ਸਾਡੇ ਸੈਕਿੰਡ ਮਾਰਟਗੇਜ ਵਾਲੇ ਨਾਲ ਤੇ ਬੈਂਕ ਦੇ ਮੈਨੇਜਰ ਨਾਲ ਮਿਲਿਆ ਹੋਇਆ ਸੀ, ਉਹ ਏਸ ਦਾਅ ਤੇ ਸੀ ਕਿ ਬੈਂਕ ਘਰ ਪਾਵਰ ਆਫ ਸੇਲ ਤੇ ਲਾ ਦਵੇ ਤਾਂ ਉਹ ਅੱਧੀ ਕੀਮਤ ਤੇ ਖਰੀਦ ਲਵੇ। ਆਖਿਰ ਇਸੇ ਤਰ੍ਹਾਂ ਹੋਇਆ। ਉਸ ਦਿਨ ਇਹ ਢਾਣੀ ਆਈ। ਮੈਂ ਕਾਰਪਿਟ ਬਦਲਣ ਲਈ ਪਹਿਲਾ ਕਾਰਪੱਟ ਉਖਾੜ ਰਿਹਾ ਸੀ, ਇਨ੍ਹਾਂ ਮੈਨੂੰ ਏਨਾ ਪਰੇਸ਼ਾਨ ਕੀਤਾ ਕਿ ਘਰ ਦੀ ਵਿੱਕਰੀ ਲਈ ਸਾਈਨ ਕਰਵਾ ਲਏ। ਉਹ ਵੀ ਅੱਧੀ ਕੀਮਤ ਤੇ। ਮੈਂ ਘਰ ਦਾ ਜੰਜਾਲ ਆਪਣੇ ਗਲੋਂ ਲਾ ਕੇ ਸੁੱਟ ਦਿੱਤਾ। ਇਸ ਸੌਦੇ ਵਿੱਚ ਮੈਨੂੰ ਇੱਕ ਲੱਖ ਡਾਲਰ ਦਾ ਘਾਟਾ ਪਿਆ। ਮੇਰੀ ਪਤਨੀ ਬੇਘਰ ਹੋ ਕੇ ਬਹੁਤ ਰੋਈ। ਉਹ ਕਹਿ ਰਹੀ ਸੀ, ਕਿ ਬੱਸ ਹੁਣ ਅਸੀਂ ਖਤਮ ਹੋ ਗਏ ਹਾਂ। ਮੁੜ ਕਦੀ ਆਪਣਾ ਘਰ ਨਹੀਂ ਲੈ ਸਕਾਂਗੇ। ਬੱਚੇ ਸਹਿਮੇ ਬੈਠੇ ਸਨ। ਸ਼ਾਇਦ ਦੂਸਰੇ ਦਿਨ ਦਿਵਾਲੀ ਸੀ।

ਸਾਡਾ ਕਰੈਡਿਟ ਤਾਂ ਰੁਲ਼ ਚੁੱਕਾ ਸੀ। ਹੁਣ ਸਾਨੂੰ ਕਿਰਾਏ ਤੇ ਵੀ ਕੋਈ ਥਾਂ ਨਹੀਂ ਸੀ ਦਿੰਦਾ। ਆਖਿਰ ਸਾਨੂੰ ਇੱਕ ਗੰਦੀ ਜਿਹੀ ਅਪਾਰਟਮੈਂਟ ਮਿਲ ਗਈ ਜਿਸ ਵਿੱਚ ਕਾਕਰੋਚਾਂ ਦੀ ਦੌੜ ਲੱਗੀ ਰਹਿੰਦੀ ਸੀ। ਕਿਵੇਂ ਨਾ ਕਿਵੇਂ ਦਿਨ ਤਾਂ ਕੱਟਣੇ ਹੀ ਸਨ। ਨਾਲੇ ਆਖਰੀ ਹਥਿਆਰ ਮੇਰੇ ਕੋਲ ਸੀ ਕਿ ਵੱਧ ਤੋਂ ਵੱਧ ਕੀ ਹੋ ਜੂ, ਮੌਤ ਹੀ ਆ ਜੂ। ਹੁਣ ਮਰਨ ਤੋਂ ਮੈਨੂੰ ਬਿਲਕੁੱਲ ਡਰ ਲੱਗਣੋਂ ਹਟ ਗਿਆ ਸੀ। ਸਗੋਂ ਮੌਤ ਤਾਂ ਇੱਕ ਮੁਕਤੀ ਜਾਂ ਖੂਬਸੂਰਤ ਨੀਂਦ ਜਾਪਣ ਲੱਗੀ ਸੀ। ਪਰ ਉੱਥੇ ਜਾ ਕੇ ਮੇਰੀ ਪਤਨੀ ਨੂੰ ਕੰਮ ਮਿਲ ਗਿਆ। ਫੇਰ ਅਸੀਂ ਕਾਰ ਵੀ ਲੈ ਲਈ। ਕੁਝ ਦੇਰ ਬਾਅਦ ਚੰਗੀ ਬੇਸਮੈਂਟ ਲੱਭ ਲਈ। ਪਰਿਵਾਰ ਜੋ ਸਾਡਾ ਸਾਰਾ ਕੁੱਝ ਵਿਕਾ ਕੇ ਕਰਜ਼ਈ ਕਰ ਦੌੜ ਗਿਆ ਸੀ ਮੁੜ ਫੇਰ ਉਸ ਨੂੰ ਸਾਡਾ ਹੇਜ਼ ਜਾਗਣ ਲੱਗਾ। ਪਤਨੀ ਨੇ ਕੋਰਟ 'ਚ ਜਾ ਕੇ ਕੇਸ ਵਾਪਿਸ ਲੈ ਲਿਆ। 1997 ਵਿੱਚ ਸਾਡੇ ਘਰ ਇੱਕ ਹੋਰ ਬੱਚੀ ਨੇ ਜਨਮ ਲਿਆ। ਮਨ ਦੀ ਸ਼ਾਂਤੀ ਹੌਲੀ ਹੌਲੀ ਪਰਤਣ ਲੱਗੀ। ਅਸੀਂ ਦਿਨ ਰਾਤ ਮਿਹਨਤ ਕਰ ਬੈਂਕਾਂ ਕੰਪਨੀਆਂ ਤੇ ਲੋਕਾਂ ਦੇ ਕਰਜ਼ੇ ਉਤਾਰੇ ਜਿਨ੍ਹਾਂ ਸਾਡਾ ਨੱਕ ਵਿੱਚ ਦਮ ਕੀਤਾ ਹੋਇਆ ਸੀ। ਇੱਕ ਵਾਰ ਫੇਰ ਅਸੀਂ ਤਿੰਨੋਂ ਭਰਾ ਇੱਕ ਘਰ ਵਿੱਚ ਇਕੱਠੇ ਰਹਿਣ ਲੱਗੇ। ਫੇਰ ਕੁੱਝ ਦੇਰ ਬਾਅਦ ਮੇਰਾ ਸਹੁਰਾ ਪਰਿਵਾਰ ਵੀ ਆ ਗਿਆ। ਸਾਡਾ ਕੰਮ ਦੂਜਿਆਂ ਨੂੰ ਸਪੌਂਸਰ ਕਰਨਾ ਤੇ ਨੌਕਰੀਆਂ ਦੁਆਉਣਾ ਤੇ ਉਨ੍ਹਾਂ ਨੂੰ



ਸਾਂਭਣ ਦਾ ਸੀ ਜੋ ਅਸੀਂ ਲੱਗੇ ਰਹੇ। ਫੇਰ ਅਸੀਂ ਦੋਹਾਂ ਡ੍ਰਾਈਵਿੰਗ ਇਨਸਟਕਟਰ ਦਾ ਕੋਰਸ ਕੀਤਾ। ਇੱਕ ਨਵੀਂ ਕਾਰ ਹੋਰ ਕਢਾ ਲਈ ਤੇ ਸਕੂਲ ਚੰਗਾ ਚੱਲ ਪਿਆ। ਮੈਂ ਕਹਾਣੀਆਂ ਫੇਰ ਤੋਂ ਲਿਖੀਆਂ ਤੇ ਕਿਤਾਬ 'ਤ੍ਰਿਸ਼ੰਕੂ' ਛਪਵਾਈ। ਸਾਲ 2000 ਤਕ ਅਸੀਂ ਮੁੜ ਪੈਰਾਂ ਸਿਰ ਹੋ ਗਏ ਤੇ ਫੇਰ ਤੋਂ ਆਪਣਾ ਘਰ ਲੈ ਲਿਆ।

ਹੁਣ ਸਾਲ 2011 ਹੈ। ਇਹ ਪਿਛਲੇ ਦਸ ਸਾਲ ਅਸੀਂ ਬਹੁਤ ਸੁੱਖ ਅਰਾਮ ਦੇ ਕੱਟੇ ਹਨ। ਕੋਈ ਕਰਜ਼ਾ ਸਿਰ ਨਹੀਂ ਤੇ ਨਾ ਹੀ ਕੋਈ ਤੰਗੀ ਹੈ। ਹੁਣ ਮੈਂ ਲਗਾਤਾਰ ਲਿਖ ਰਿਹਾ ਹਾਂ ਤੇ ਬੱਚੇ ਪੜ੍ਹ ਰਹੇ ਨੇ। ਮੇਰਾ ਬੇਟਾ ਯੂਨੀਵਰਸਿਟੀ ਜਾਂਦਾ ਹੈ ਤੇ ਦੋਵੇਂ ਬੱਚੀਆਂ ਸਕੂਲ। ਮੈਂ ਏਅਰ ਕਨੇਡਾ ਵਿੱਚ ਕੰਮ ਕਰਦਾ ਹਾਂ ਤੇ ਮੇਰਾ ਡਰਾਈਵਿੰਗ ਸਕੂਲ ਵੀ ਚੰਗਾ ਚੱਲਦਾ ਹੈ। ਮੇਰੀ ਮਾਂ ਅਤੇ ਪਰਿਵਾਰ ਹੁਣ ਸਾਰੇ ਖ਼ੁਸ਼ੀ ਖ਼ੁਸ਼ੀ ਮਿਲਦੇ ਨੇ ਭਾਵੇਂ ਅਸੀਂ ਅਲੱਗ ਅਲੱਗ ਰਹਿੰਦੇ ਹਾਂ।

ਪਰ ਮੇਰੇ ਬਾਪੂ ਜੀ ਦੀ ਘਾਟ ਮੈਨੂੰ ਦਿਲ 'ਚ ਖੁੱਭੇ ਕੰਡੇ ਵਾਂਗ ਮਹਿਸੂਸ ਹੁੰਦੀ ਹੈ। ਹਰ ਰੋਜ਼ ਮੈਨੂੰ ਮੇਰੇ ਬਾਪੂ ਜੀ ਦੇ ਸੁਪਨੇ ਆਉਂਦੇ ਨੇ। ਕਦੇ ਕਦੇ ਉਹ ਪਹਿਲਾ ਘਰ ਯਾਦ ਆਉਂਦਾ ਜਿਸ ਵਿੱਚ ਮੇਰੇ ਬਾਪੂ ਜੀ ਆਏ ਸਨ। ਮੈਂ ਉਸ ਘਰ ਨੂੰ ਵੇਖ ਵੀ ਆਉਂਦਾ ਹਾਂ ਜਿੱਥੇ ਮੇਰੇ ਬਾਪੂ ਜੀ ਦੀ ਯਾਦ ਬੰਦ ਹੈ। ਪਰ ਦੋਸਤੋ ਇਹ ਸਮਾਂ ਮੇਰੇ ਲਈ ਅਗਨ ਕੁਠਾਲੀ ਸੀ ਜਿਸ ਨੇ ਮੇਰੀਆਂ ਅੱਖਾਂ 'ਚ ਪਾਰਖੂ ਲੈਂਨਜ਼ ਜੜ ਦਿੱਤੇ।

ਸਮਾਂ ਹੁਣ ਸਹਿਜ ਚੱਲ ਰਿਹਾ ਹੈ ਤੇ ਸਭ ਕੁੱਝ ਠੀਕ ਠਾਕ ਹੈ। ਬਹੁਤੇ ਲੋਕ ਆਖਦੇ ਨੇ ਕਿ ਮੈਂ ਬਹੁਤ ਰੁੱਖਾ ਹੋ ਗਿਆ ਹਾਂ, ਕਿਸੇ ਨੂੰ ਘਰ ਨਹੀਂ ਸੱਦਦਾ, ਫੋਨਾਂ ਦਾ ਉੱਤਰ ਵੀ ਨਹੀਂ ਦਿੰਦਾ, ਤੇ ਕਿਸੇ ਨੂੰ ਮਿਲ ਗਿਲ ਵੀ ਕੇ ਖ਼ੁਸ਼ ਨਹੀਂ। ਪਰ ਉਹ ਮੇਰੇ ਅੰਦਰਲੀਆਂ ਤਲਖੀਆਂ ਨੂੰ ਨਹੀਂ ਜਾਣਦੇ ਤੇ ਨਾ ਹੀ ਕਦੇ ਉਨ੍ਹਾਂ ਮੇਰੀ ਮਾਨਸਿਕਤਾ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਕਈ ਵਾਰੀ ਦੁੱਧ ਦਾ ਜਲਿਆ ਲੱਸੀ ਨੂੰ ਵੀ ਫੂਕਾਂ ਮਾਰ ਮਾਰ ਪੀਂਦਾ ਹੈ। ਮੇਰੀ ਨਾਨੀ ਪੰਜਾਬ ਕੌਰ ਜਦੋਂ ਅਜਿਹੇ ਕਠਿਨ ਸਮੇਂ 'ਚੋਂ ਕਿਸੇ ਨੂੰ ਲੰਘਦਿਆਂ ਦੇਖਦੀ ਤਾਂ ਆਖਿਆ ਕਰਦੀ ਸੀ, "ਭਾਈ ਇਹ ਤਾਂ ਕੋਈ ਗ੍ਰੌਹ ਦਾ ਗੇੜ ਐ...ਇਹ ਜੈ ਖਾਣੀ ਸਾੜਸਤੀ ਜਿਸ ਤੇ ਆ ਜਾਵੇ ਕਿਸੇ ਦਾ ਕੁੱਝ ਨੀ ਛੱਡਦੀ... ਭੁੱਖ ਨੰਗ ਤੇ ਲੋਥਾਂ ਦੇ ਢੇਰ ਵਿਛ ਜਾਂਦੇ ਨੇ। ਜੇ ਬੰਦੇ ਏਹਦੇ 'ਚੋਂ ਲੰਘ ਜਾਵੇ ਤਾਂ ਭਾਈ ਸੋਨਾ ਬਣ ਜਾਂਦਾ ਹੈ।" ਦੋਸਤੋ ਇਹ ਮੌਤ ਦਾ ਤਾਂਡਵ ਮੈਂ ਵੀ ਵੇਖਿਆ ਹੈ। ਮੈਨੂੰ ਇੱਕ ਦਿਨ ਆਪਣੀ ਨਾਨੀ ਦੇ ਬੋਲ ਯਾਦ ਆਏ। ਮੈਂ ਮਹਾਨ ਕੋਸ਼ ਵਿੱਚੋਂ ਸਾੜ੍ਹਸਤੀ ਦੇ ਅਰਥ ਪੜ੍ਹੇ। ਜਿੱਥੇ ਲਿਖਿਆ ਹੋਇਆ ਹੈ ਕਿ ਸਾਢੇ ਸੱਤ ਸਾਲ ਦਾ ਉਹ ਮੁਸ਼ਕਲ ਸਮਾਂ ਜਦੋਂ ਸਾਰਾ ਕੁੱਝ ਪੁੱਠਾ ਪੈਂਦਾ ਚਲਿਆ ਜਾਂਦਾ ਹੈ। ਮੈਂ ਵੀ ਤਾਂ ਸੰਨ 1993 ਤੋਂ 2000 ਤੱਕ ਅਜਿਹਾ ਹੀ ਸਮਾਂ ਹੰਢਾਇਆ ਸੀ। ਮੈਨੂੰ ਲੱਗਦਾ ਹੈ ਜਿਵੇਂ ਮੈਂ ਆਪਣੇ ਹਿੱਸੇ ਦੀ ਸਾੜ੍ਹਸਤੀ ਪੂਰੀ ਕਰ ਚੁੱਕਿਆ ਹੋਵਾਂ।

---

## ਬਲਜੀਤ ਕੌਰ ਬੱਲੀ ਦੀ ਸ੍ਵੈਜੀਵਨੀ
## ਢਾਈ ਸਤਰਾਂ

---

ਨੋਟ : ਸ਼ਬਦ 54 'ਚ ਗ਼ਲਤੀ ਨਾਲ ਸਤਪਾਲ ਬਰਾੜ ਦੇ ਨਾਂ 'ਤੇ ਦਲਬੀਰ ਕੌਰ ਦੀਆਂ ਕੁਝ ਕਵਿਤਾਵਾਂ ਛਪ ਗਈਆਂ। ਇਨ੍ਹਾਂ ਕਵਿਤਾਵਾਂ ਨੂੰ ਦਲਬੀਰ ਕੌਰ ਦੀਆਂ ਕਵਿਤਾਵਾਂ ਸਮਝਿਆ ਜਾਵੇ।

# ਘੁੰਮਣਘੇਰੀਆਂ/ਬਲਬੀਰ ਕੌਰ ਸੰਘੇੜਾ

ਹਰ ਇਨਸਾਨ ਦੀ ਜ਼ਿੰਦਗੀ ਵਿਚ ਇਸ ਤਰ੍ਹਾਂ ਦੇ ਅਨੇਕਾਂ ਮੌਕੇ ਆਉਂਦੇ ਹਨ ਜਦੋਂ ਉਹ ਬੇਵਸੀ ਦੇ ਆਲਮ ਵਿਚੋਂ ਗੁਜ਼ਰਦਾ ਹੈ। ਉਸਦੇ ਪਰਿਵਾਰ ਦੇ ਜੀਅ, ਸੰਗੀ-ਸਾਥੀ, ਕਰੀਬੀ ਦੋਸਤ ਵੀ ਉਸ ਵੇਲੇ ਉਸਤੋਂ ਮੂੰਹ ਮੋੜ ਲੈਂਦੇ ਹਨ। ਔਖਿਆਂ ਵੇਲਿਆਂ ਵਿਚ ਵੀ ਹਰ ਕੋਈ ਉਸਨੂੰ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ। ਉਸ ਵੇਲੇ ਇਨਸਾਨ ਛਟਪਟਾਉਣ ਤੋਂ ਬਿਨਾਂ ਕੁਝ ਨ੍ਹੀਂ ਕਰ ਸਕਦਾ। ਤਲਖ਼ ਹੋਇਆ ਮਨ, ਕਿਣਕੇ-ਕਿਣਕੇ ਬਣ ਰੇਤ ਵਾਂਗ ਕਿਰ ਜਾਂਦਾ ਹੈ। ਪਰ ਕਈ ਮੌਕੇ ਉਹ ਵੀ ਹੁੰਦੇ ਹਨ ਜਦੋਂ ਤੁਸੀਂ ਕੁਝ ਕਰਨ ਜੋਗੇ ਵੀ ਨਹੀਂ ਹੁੰਦੇ। ਜਿਸ ਤਰ੍ਹਾਂ ਬਚਪਨ ਵਿਚ ਬੀਤੀਆਂ ਘਟਨਾਵਾਂ ਵੀ ਤੁਹਾਡਾ ਪਿੱਛਾ ਨਹੀਂ ਛੱਡਦੀਆਂ। ਤੁਹਾਡੀ ਮਾਨਸਿਕਤਾ ਵਿਚ ਘਰ ਬਣਾ ਕੇ ਬੈਠ ਜਾਂਦੀਆਂ ਹਨ। ਉਸਦਾ ਅਸਰ ਕੁਝ ਪਲ ਜਾਂ ਕੁਝ ਥੋੜ੍ਹ ਚਿਰਾ ਵਕਤ ਨਹੀਂ ਹੁੰਦਾ। ਇਨਸਾਨ ਉਨ੍ਹਾਂ ਵਿਚ ਵੀ ਪਲ-ਪਲ ਟੁੱਟਦਾ ਰਹਿੰਦਾ ਹੈ।

ਮੈਂ ਤਾਂ ਜ਼ਿੰਦਗੀ ਸ਼ੁਰੂ ਕਰਦਿਆਂ ਹੀ ਬੇਵਸੀ ਦੇ ਆਲਮ ਵਿਚੀਂ ਨਿੱਕਲਣਾ ਸ਼ੁਰੂ ਕਰ ਦਿੱਤਾ ਸੀ। ਕਦੀ ਕਿਸੇ ਨੇ ਸੁਣਿਆ ਹੈ ਕਿ ਤੁਹਾਡੇ ਆਪਣੇ ਘਰ ਵਿਚੋਂ ਹੀ ਤੁਹਾਨੂੰ ਕੱਢ ਦਿੱਤਾ ਗਿਆ ਹੋਵੇ ? ਜੀ ਹਾਂ, ਸਾਡੇ ਨਾਲ਼ ਇਸੇ ਤਰ੍ਹਾਂ ਬੀਤੀ ਸੀ। ਉਸ ਵੇਲੇ ਨਾ ਕੋਲ ਕੋਈ ਪੈਸਾ, ਦੋ ਬੱਚੇ ਕੋਲ। ਉਨ੍ਹਾਂ ਦੇ ਢਿੱਡ ਭਰਨ ਨੂੰ ਵੀ ਕੋਲ ਕੁਝ ਨਹੀਂ ਸੀ। ਪੂਰਾ ਹਫ਼ਤਾ ਤਨਖ਼ਾਹ ਦੇ ਇੰਤਜ਼ਾਰ ਵਿਚ ਕੱਟੇ ਗਏ। ਦੁੱਧ ਦੀ ਬੋਤਲ ਨਾਲ਼ ਰੋਟੀ ਪਕਾਈ ਗਈ। ਕੰਮ ਤੇ ਵੀ ਤੁਰ ਕੇ ਜਾਣਾ ਪਿਆ, ਕਿਉਂਕਿ ਬੱਸ ਦਾ ਕਿਰਾਇਆ ਵੀ ਜੇਬ ਵਿਚ ਨਹੀਂ ਸੀ। ਇਹ ਸਭ ਆਪਣਿਆਂ ਦੇ ਹੱਥੋਂ ਹੀ ਹੋਇਆ ਸੀ। ਉਨ੍ਹਾਂ ਦਿਨਾਂ ਵਿਚ ਧੀਆਂ-ਪੁੱਤ ਤਨਖ਼ਾਹ ਵੀ ਆਪਣੇ ਕੋਲ ਨਹੀਂ ਸਨ ਰੱਖਦੇ। ਇਕੱਠੇ ਟੱਬਰ ਵਿਚ ਹੀ ਤਨਖ਼ਾਹ ਵਰਤ ਹੁੰਦੀ ਸੀ। ਸਿਰਫ਼ ਇਕ ਪੌਂਡ ਜੇਬ ਖਰਚ ਮਿਲਦਾ ਹੁੰਦਾ ਸੀ। ਉਹ ਦਿਨ ਅਸੀਂ ਕਿਸ ਤਰ੍ਹਾਂ ਕੱਟੇ ਅਤੇ ਨਵੀਂ ਜ਼ਿੰਦਗੀ ਕਿਵੇਂ ਸ਼ੁਰੂ ਕੀਤੀ, ਸਾਨੂੰ ਹੀ ਪਤਾ ਹੈ। ਸਾਡੇ ਹੀ ਘਰ ਦੇ ਸਾਥੋਂ ਪਿਤਾ ਜੀ ਨੇ ਦਸਤਖ਼ਤ ਵੀ ਕਰਾ ਲਏ ਅਤੇ ਦਿੱਤਾ ਵੀ ਕੁਝ ਨਹੀਂ। ਉਹ ਦਿਨ ਜਦੋਂ ਚੇਤੇ ਦੀ ਸਲੇਟ 'ਤੇ ਉਭਰਦੇ ਹਨ ਤਾਂ ਮਨ ਤਲਖ਼ ਹੋ ਜਾਂਦਾ ਹੈ। ਅਸੀਂ ਦੋਹਾਂ ਜੀਆਂ ਨੇ ਜ਼ਿੰਦਗੀ ਨੂੰ ਮੁੱਢ ਤੋਂ, ਸਿਫ਼ਰ ਤੋਂ ਸ਼ੁਰੂ ਕੀਤਾ ਸੀ।

ਬਾਕੀ ਜ਼ਿੰਦਗੀ ਦਾ ਬਿਆਨ ਕਿੱਥੋਂ ਸ਼ੁਰੂ ਕਰਾਂ ? ਬਹੁਤ ਕੁਝ ਹੈ ਜੋ ਬਿਆਨ ਤੋਂ ਬਾਹਰ ਵੀ ਹੈ। ਫੇਰ ਵੀ ਮੈਂ ਕੋਸ਼ਿਸ਼ ਕਰਾਂਗੀ ਕਿ ਕੁਝ ਲਿਖ ਸਕਾਂ। ਮੈਂ ਇਕ ਵਰ੍ਹੇ ਦੀ ਗਾਥਾ ਸ਼ੁਰੂ ਕਰਨ ਲੱਗੀ ਹਾਂ ਪਰ ਇਸ ਵਿਚ ਮੇਰਾ ਬਚਪਨ ਵੀ ਸਮੇਟਿਆ ਪਿਆ ਹੈ। ਕਦੀ ਕਿਸੇ ਨਾਲ਼ ਇਹ ਵੀ ਹੋਇਆ ਹੈ ਕਿ ਇਕੋ ਵਰ੍ਹੇ ਵਿਚ ਪੂਰੀ ਜ਼ਿੰਦਗੀ ਦੀਆਂ ਘੁੰਮਣਘੇਰੀਆਂ ਤੁਹਾਡੇ ਦੁਆਰ ਆ ਟਪਕੀਆਂ ਹੋਣ ਅਤੇ ਤੁਹਾਨੂੰ ਪੈਰੋਂ ਉਖੇੜ ਕੇ ਪਟਕਾ-ਪਟਕਾ ਕੇ ਮਾਰਿਆ ਹੋਵੇ। ਰੱਤ ਇਸ ਤਰ੍ਹਾਂ ਨਿਚੋੜੀ ਹੋਵੇ ਜਿਵੇਂ ਧੋਤੇ ਹੋਏ ਕੱਪੜਿਆਂ ਨੂੰ ਨਿਚੋੜੀਦਾ ਹੈ। ... ਤੇ ਉੱਪਰੋਂ ਤਲਖ਼ੀਆਂ ਨੇ ਆਪਣਾ ਵਾਸ ਵੀ ਕਰ ਲਿਆ ਹੋਵੇ।

ਇਸੇ ਤਰ੍ਹਾਂ 1982 ਦਾ ਵਰ੍ਹਾਂ ਮੇਰੇ ਵਾਸਤੇ ਸੰਤਾਪ ਦਾ ਵਰ੍ਹਾ ਸੀ।

ਇਸ ਵਰ੍ਹੇ ਵਿਚ ਮੇਰੇ ਬੀਜੀ ਨੂੰ ਬਰੇਨ ਸਟਰੋਕ ਹੋ ਜਾਣਾ, ਮੇਰੇ ਵੀਰੇ ਦਾ ਤੁਰ ਜਾਣਾ, ਸਾਡੇ ਬਿਜ਼ਨੈੱਸ ਦਾ ਫੇਲ੍ਹ ਹੋ ਜਾਣਾ, ਮੇਰੇ ਪੁੱਤਰ ਦਾ ਮੋਟਰ ਸਾਈਕਲ ਨਾਲ਼ ਐਕਸੀਡੈਂਟ ਹੋ ਕੇ ਸਕੱਲ ਫਰੈਕਚਰ ਹੋ ਜਾਣਾ, ਇਹ ਵੀ ਸਭ ਦੋ ਮਹੀਨਿਆਂ ਦੇ ਵਿਚ-ਵਿਚ। ਸਹਿਨ ਕਰਨਾ ਮੁਸ਼ਕਿਲ ਹੀ ਨਹੀਂ ਨਾ ਮੁਮਕਿਨ ਸੀ। ਪਰ ਸਭ ਸਹਿਨ ਕੀਤਾ ਗਿਆ। ਹਿੱਕ ਦੇ ਅੰਦਰ ਆਏ ਭਰਾੜਾਂ ਨੂੰ ਆਪ ਹੀ ਤੋਪੇ ਲਾਏ ਗਏ। ਚਿਹਰੇ ਦੀਆਂ ਉੱਡੀਆਂ ਹੋਈਆਂ ਮੁਸਕਾਨਾਂ ਨੂੰ ਨਕਲੀ ਫੁੱਲਾਂ ਵਾਂਗ



ਚਿਪਕਾਇਆ ਗਿਆ। ਵਰਨਾ ਆਲ਼ੇ-ਦੁਆਲੇ ਦੇ ਲੋਕ ਠੇਡੇ ਮਾਰਨ ਨੂੰ ਤਿਆਰ ਖੜ੍ਹੇ ਸਨ।

ਜੁਲਾਈ 1982, ਮੈਂ ਬੀਜੀ ਦੇ ਬਰੇਨ ਸਟਰੋਕ ਹੋਣ ਵੇਲੇ, ਹਾਲਾਤਾਂ ਵਿਚ ਘਿਰੀ ਪੰਜਾਬ ਚਲੀ ਗਈ। ਉਸ ਵੇਲੇ ਇੰਗਲੈਂਡ ਵਿੱਚ ਮੰਦਵਾੜੇ ਦਾ ਸਮਾਂ ਸੀ। ਮਾਰਗਰੇਟ ਥੈਚਰ ਜਿਹੜੀ ਉਸ ਵੇਲੇ ਦੀ ਪ੍ਰਧਾਨ ਮੰਤਰੀ ਸੀ, ਉਸਨੇ ਵੱਡੀਆਂ-ਵੱਡੀਆਂ ਕੰਪਨੀਆਂ ਨੂੰ ਜੰਦਰੇ ਵਜਵਾ ਦਿੱਤੇ ਸਨ। ਲੋਕੀਂ ਵਿਹਲੇ ਹੋ ਕੇ ਘਰੀਂ ਬੈਠ ਗਏ ਸਨ। ਕਿਸੇ ਕੋਲ ਕੰਮ ਨਹੀਂ, ਜੇਬ ਵਿਚ ਪੈਸਾ ਨਹੀਂ। ਕੋਈ ਨਵਾਂ ਕੰਮ ਵੀ ਕਿਵੇਂ ਸ਼ੁਰੂ ਕਰੇ ? ਮੰਦਹਾਲੀ ਨਾਲ਼ ਸਭ ਦੇ ਦੰਦ ਵਜ ਰਹੇ ਸਨ। ਜੇ ਕਰ ਜੇਬ ਵਿਚ ਪੈਸੇ ਨਹੀਂ ਤਾਂ ਕੋਈ ਰਾਸ਼ਣ ਪਾਣੀ ਕਿੱਥੋਂ ਖਰੀਦੂ, ਕਾਰ ਵਿਚ ਪੈਟਰੋਲ ਕਿੱਥੋਂ ਪੁਆਊ ? ਲੋਕੀਂ ਸ਼ਾਪਿੰਗ ਕਰਨ, ਕੰਮ ਭਾਲਣ ਸਭ ਤੁਰ ਕੇ ਜਾਂਦੇ। ਵਿਹਲੇ ਲੋਕਾਂ ਕੋਲ ਵਕਤ ਖੁੱਲ੍ਹਾ ਸੀ, ਕਿਉਂ ਨਾ ਤੁਰ ਕੇ ਜਾਇਆ ਜਾਵੇ। ਉਸ ਵੇਲੇ ਅਸੀਂ ਵੀ ਦੋਨੋਂ ਮੀਆਂ-ਬੀਵੀ ਵਿਹਲੇ ਹੋ ਕੇ ਘਰ ਬੈਠ ਗਏ ਸਾਂ। ਹੁਣ ਬੱਚਿਆਂ ਦਾ ਖਰਚਾ, ਘਰ ਦਾ ਖਰਚਾ, ਕੰਮ ਟੋਲਣ ਜਾਣ ਵਾਸਤੇ ਖਰਚਾ ਭਲਾ ਕੋਈ ਕਿੱਥੋਂ ਕਰੇ ?

ਰਿਸ਼ਤੇਦਾਰ, ਮਿੱਤਰ-ਦੋਸਤ ਸਾਨੂੰ ਕਹਿਣ ਲੱਗੇ ਕਿ "ਰਾਸ਼ਣ ਤਾਂ ਸਭ ਨੇ ਖਰੀਦਣਾ ਹੀ ਹੈ। ਬਹੁਤਾ ਨਾ ਸਹੀ, ਕੋਈ ਥੋੜ੍ਹਾ ਖਰੀਦੂ, ਪਰ ਖਰੀਦੂ ਜ਼ਰੂਰ। ਇਸ ਲਈ ਸਾਡੇ ਲੋਕ ਆਮ ਰਾਸ਼ਣ ਦੀਆਂ ਦੁਕਾਨਾਂ ਖੋਲ੍ਹੀ ਜਾ ਰਹੇ ਹਨ, ਤੁਸੀਂ ਵੀ ਦੁਕਾਨ ਸ਼ੁਰੂ ਕਰ ਲਵੋ।" ਦੇਖਾ-ਦੇਖੀ ਅਸੀਂ ਵੀ ਗਰੋਸਰੀ ਦੀ ਦੁਕਾਨ ਖਰੀਦ ਲਈ। ਭਲਾ ਅਸੀਂ ਕੀ ਜਾਣੀਏ ਬਿਜ਼ਨੈੱਸ ? ਅਸੀਂ ਦੋਨੋਂ ਸਾਰਾ-ਸਾਰਾ ਦਿਨ ਦੁਕਾਨ ਵਿਚ ਬੈਠੇ ਰਹਿੰਦੇ ਪਰ ਕੋਈ ਗਾਹਕ ਅੰਦਰ ਨਾ ਵੜਦਾ। ਜੇ ਕਰ ਕੋਈ ਆਉਂਦਾ ਵੀ ਤਾਂ ਉਹ ਕੋਈ ਨਾ ਕੋਈ ਟਿਨ, ਮੱਛੀ ਜਾਂ ਮੀਟ ਲੁਕੋ ਕੇ ਜੇਬ ਵਿਚ ਪਾ ਕੇ, ਚੋਰੀ ਕਰਕੇ ਲੈ ਜਾਂਦਾ। ਅਸੀਂ ਸਾਰਾ-ਸਾਰਾ ਦਿਨ ਦੁਕਾਨ ਵਿਚ ਵਿਹਲੇ ਬੈਠੇ ਅੱਕ-ਥੱਕ ਜਾਂਦੇ। ਸਾਡੀ ਦੁਕਾਨ ਵੀ ਦਿਨੋ-ਦਿਨ ਘਾਟੇ ਵਿਚ ਜਾਣ ਲਗ ਪਈ। ਫਾਇਦੇ ਦੀ ਥਾਂ ਦੁਕਾਨ ਅਤੇ ਘਰ ਦਾ ਨੁਕਸਾਨ ਹੋਈ ਜਾ ਰਿਹਾ ਸੀ। ਨਾ ਕੋਈ ਮੱਦਦ ਕਰਾਉਣ ਵਾਲਾ ਅਤੇ ਨਾ ਹੀ ਕੋਈ ਦਿਲਾਸਾ ਦੇਣ ਵਾਲਾ। ਅਸੀਂ ਸਾਲ ਭਰ ਦੁਕਾਨ ਰੱਖ ਕੇ ਮੁੜ ਵੇਚਣ ਦਾ ਫ਼ੈਸਲਾ ਕਰ ਲਿਆ।

ਸਾਡੇ ਹੀ ਇਕ ਕਰੀਬੀ ਰਿਸ਼ਤੇਦਾਰ ਨੇ ਵੀ ਇਹੋ ਬਿਜ਼ਨੈੱਸ ਸ਼ੁਰੂ ਕੀਤਾ ਹੋਇਆ ਸੀ ਜੋ ਬੜੀ ਸਫ਼ਲਤਾ ਪੂਰਵਕ ਚਲ ਰਿਹਾ ਸੀ। ਪੈਸਾ ਧੜਾ-ਧੜ ਬਣ ਰਿਹਾ ਸੀ। ਅਸੀਂ ਸੋਚਿਆ ਕਿ ਉਸਦੀ ਸਲਾਹ ਲਈ ਜਾਵੇ ਕਿ ਸਾਡੇ ਵਿਚ ਕੀ ਕਮੀ ਹੈ ਜਿਹੜਾ ਅਸੀਂ ਸਫ਼ਲ ਨਹੀਂ ਹੋ ਰਹੇ। ਉਸਨੂੰ ਪੁੱਛਣ 'ਤੇ ਜੋ ਜਵਾਬ ਮਿਲਿਆ ਉਹ ਅੱਜ ਤਕ ਪਰੇਸ਼ਾਨ ਕਰਦਾ ਹੈ। ਉਹ ਕਹਿਣ ਲੱਗਾ, "ਇਹ ਤੁਹਾਡੀ ਪਰਾਬਲਮ ਹੈ। ਮੈਂ ਤਾਂ ਮਿੱਟੀ ਨੂੰ ਹੱਥ ਪਾਉਂਦਾ ਹਾਂ, ਅਤੇ ਸੋਨਾ ਬਣ ਜਾਂਦੀ ਹੈ। ਕਿਉਂਕਿ ਮੈਂ ਬਿਜ਼ਨੈੱਸਮੈਨ ਹਾਂ। ਤੁਸੀਂ ਕਾਮੇ ਰਹੇ ਹੋ, ਕਾਮੇ ਰਹਿਣਾ ਹੈ। ਬੰਦ ਕਰੋ ਇਹ ਬਿਜ਼ਨੈੱਸ-ਬੁਜ਼ਨੱਸ। ਇਹ ਤੁਹਾਡੇ ਵੱਸ ਦਾ ਕੰਮ ਨਹੀਂ ਹੈ।"

ਅੱਜ ਵੀ ਜਦੋਂ ਚੇਤਾ ਆਉਂਦਾ ਹੈ ਤਾਂ ਮਨ ਵਿਚ ਰੋਹ ਭਰ ਜਾਂਦਾ ਹੈ। ਉਸਦਾ ਸਾਡੇ ਉਸ ਵੇਲੇ ਦੇ ਹਾਲਾਤ 'ਤੇ ਹੱਸਣਾ ਸਾਨੂੰ ਅੱਜ ਵੀ ਦੰਦ ਚਿੜਾਉਂਦਾ ਜਾਪਦਾ ਹੈ। ਭਾਵੇਂ ਉਸਦਾ ਬਿਜ਼ਨੈੱਸ ਵੀ ਅੱਗੇ ਜਾ ਕੇ ਫੇਲ੍ਹ ਹੋ ਗਿਆ ਪਰ ਸਾਡਾ ਜੇਰਾ ਨਹੀਂ ਪਿਆ ਕਿ ਉਸਨੂੰ ਉਸਦੇ ਡਿੱਗਦੇ ਦਿਨਾਂ ਵਿਚ ਕੋਈ ਚੋਟ ਮਾਰੀਏ।

ਦੁਕਾਨ ਹਾਲੀਂ ਵਿਕੀ ਨਹੀਂ ਸੀ। ਮੈਨੂੰ ਬੀਜੀ ਦੇ ਬਰੇਨ ਸਟਰੋਕ ਹੋਣ ਕਾਰਨ ਪੰਜਾਬ ਜਾਣਾ ਪਿਆ। ਉਨ੍ਹਾਂ ਦੀ ਯਾਦਦਾਸ਼ਤ ਜਾ ਚੁੱਕੀ ਸੀ। ਪੰਜਾਬ ਜਾਣ ਤੋਂ ਪਹਿਲਾਂ ਮੈਨੂੰ ਘਰ ਦੇ ਕਿਸੇ ਜੀਅ ਨੂੰ ਮੁਖ਼ਤਿਆਰਨਾਮਾ ਦੇ ਕੇ ਜਾਣਾ ਪੈਣਾ ਸੀ ਤਾਂ ਕਿ ਮੇਰੀ ਗ਼ੈਰਹਾਜ਼ਰੀ ਵਿਚ ਮੇਰੇ ਵੱਲੋਂ ਉਹ ਇਨਸਾਨ ਦਸਤਖ਼ਤ ਕਰ ਸਕੇ। ਮੇਰਾ ਪੁੱਤਰ ਅਠਾਰਾਂ ਵਰ੍ਹਿਆਂ ਦਾ ਹੋ ਚੁੱਕਾ ਸੀ। ਮੈਂ

ਸੋਚਿਆ ਕਿ ਦਸਤਖ਼ਤ ਹੀ ਕਰਨੇ ਹਨ, ਕਿਉਂ ਨਾ ਬੇਟੇ ਦੇ ਨਾਂ 'ਤੇ ਮੁਖ਼ਤਿਆਰਨਾਮਾ ਬਣਾ ਦਿੱਤਾ ਜਾਵੇ। ਮੇਰੇ ਪਤੀ ਦਾ ਖਿਆਲ ਸੀ ਕਿ ਉਹ ਹਾਲੇ ਨਿਆਣਾ ਹੈ। ਉਹ ਇਸ ਜ਼ਿੰਮੇਵਾਰੀ ਨੂੰ ਸਹੀ ਤੌਰ ਤੇ ਨਿਭਾ ਨਹੀਂ ਸਕੇਗਾ। ਉਨ੍ਹਾਂ ਨੇ ਆਖਿਆ ਕਿ ਘਰ ਵਿਚ ਹੋਰ ਵੀ ਮੈਂਬਰ ਹਨ ਜਿਵੇਂ ਉਨ੍ਹਾਂ ਦੇ ਆਪਣੇ ਪਿਤਾ ਜੀ, ਭਰਾ ਆਦਿ। ਉਹ ਸਭ ਸੰਭਾਲ ਲੈਣਗੇ।

ਮੈਂ ਬਹੁਤਾ ਝੇੜਾ ਨਾ ਕਰਦੀ ਹੋਈ ਨੇ ਉਨ੍ਹਾਂ ਦਾ ਕਹਿਣਾ ਮੰਨ ਲਿਆ ਅਤੇ ਮੁਖ਼ਤਿਆਰਨਾਮਾ ਪਿਤਾ ਜੀ ਦੇ ਨਾਂ ਬਣਵਾ ਦਿੱਤਾ। ਵੈਸੇ ਮੈਂ ਆਪਣੇ ਦਿਓਰ ਦਾ ਨਾਂ ਵੀ ਲਿਆ ਸੀ ਪਰ ਉਹ ਵੀ ਨਾ ਮੰਜ਼ੂਰ ਹੋਇਆ।

ਮੈਂ ਪੰਜਾਬ ਜਾ ਕੇ ਐਸੀਆਂ ਸਮੱਸਿਆਵਾਂ ਵਿਚ ਘਿਰੀ ਕਿ ਰਹੇ ਰੱਬ ਦਾ ਨਾਂ। ਮੇਰਾ ਵੀਰਾ ਵੀ ਮੇਰੇ ਨਾਲ਼ ਪੰਜਾਬ ਗਿਆ ਸੀ। ਜਿਸ ਬਿਮਾਰ ਮਾਂ ਕਾਰਨ ਮੈਂ ਪੰਜਾਬ ਗਈ ਸਾਂ, ਉਹ ਤਾਂ ਕੁਝ ਠੀਕ ਹੋਣ ਲੱਗ ਪਈ। ਸਾਨੂੰ ਪਛਾਨਣ ਵੀ ਲੱਗ ਪਈ। ਵੀਰੇ ਦੀ ਘਰ ਵਿਚ ਹੋਂਦ ਨੇ ਵਧੀਆ ਦਵਾ-ਦਾਰੂ ਦਾ ਕੰਮ ਕੀਤਾ ਸੀ। ਜਿਸ ਪੁੱਤਰ ਨੂੰ ਉਹ ਕਦੀ ਮਾਣ ਹੀ ਨਹੀਂ ਸੀ ਸਕੀ, ਉਹ ਹੁਣ ਉਸਦੇ ਕੋਲ਼ ਸੀ। ਕੋਈ ਉਸਨੂੰ ਰੋਕਣ-ਟੋਕਣ ਵਾਲਾ ਵੀ ਨਹੀਂ ਸੀ।

ਇਸਦੇ ਉਲਟ ਮੇਰਾ ਉਹੀ ਵੀਰਾ ਜੋ ਆਪਣੀ ਮਾਂ ਦੀ ਸੇਵਾ ਕਰਨ ਮੇਰੇ ਨਾਲ਼ ਇੰਗਲੈਂਡ ਤੋਂ ਪੰਜਾਬ ਗਿਆ ਸੀ, ਉਹ ਇਕ ਰਾਤ ਕੋਮੇ ਵਿਚ ਚਲੇ ਗਿਆ। ਭਾਈਆ ਜੀ ਨੇ ਜਗਾਇਆ ਤਾਂ ਜਾਗਿਆ ਹੀ ਨਾ।

ਮੇਰਾ ਇਕੋ ਇਕ ਵੀਰਾ ਮੇਰੀ ਮਾਂ ਦਾ ਲਾਡਲਾ ਪੁੱਤ ਸੀ। ਮੈਂ ਬਚਪਨ ਇਕੱਲਿਆਂ ਬਿਤਾਇਆ ਹੈ। ਭਾਵ ਮੇਰਾ ਇਹੋ ਵੀਰਾ ਮੇਰੀ ਸੁਰਤ ਸੰਭਲਦਿਆਂ ਹੀ ਇੰਗਲੈਂਡ ਨੂੰ ਤੁਰ ਗਿਆ ਸੀ। ਇਕੱਲੀ ਹੋਣ ਕਾਰਨ, ਮੈਂ ਘਰ ਦੇ ਵਾਤਾਵਰਣ ਅਤੇ ਆਲ਼ੇ-ਦੁਆਲ਼ੇ ਨੂੰ ਬਹੁਤ ਗੰਭੀਰਤਾ ਨਾਲ਼ ਵਾਚਦੀ ਸਾਂ। ਮੈਨੂੰ ਇਹ ਵੀ ਲੱਗਦਾ ਸੀ, ਜਿਵੇਂ ਮੈਂ ਆਪਣੀ ਉਮਰ ਤੋਂ ਕਿੱਧਰੇ ਵੱਡੀ-ਵਢੇਰੀ ਹੋਵਾਂ। ਬਚਪਨ ਮੈਨੂੰ ਮਾਨਣਾ ਆਇਆ ਹੀ ਨਹੀਂ। ਬਹੁਤ ਛੋਟੀ ਉਮਰ ਵਿਚ, ਮੇਰੀ ਮਾਂ ਦਾ ਦਰਦ ਵੀ ਮੇਰੀ ਹਿੱਕ ਵਿਚ ਜੰਮ ਗਿਆ ਸੀ। ਮੈਨੂੰ ਮਹਿਸੂਸ ਹੋਣ ਲੱਗ ਪਿਆ ਸੀ ਕਿ ਭਾਵੇਂ ਉਹ ਕੁਝ ਨਹੀਂ ਸੀ ਬੋਲਦੀ ਪਰ ਉਸਦੇ ਦਰਦ ਦੀ ਟੀਸ ਮੇਰੇ ਅੰਦਰ ਵੀ ਘਰ ਬਣਾ ਕੇ ਜਿਵੇਂ ਬੈਠ ਗਈ ਹੋਵੇ। ਉਸ ਵੇਲੇ ਆਪਣੀ ਇਕੱਲਤਾ ਨਾਲ਼ੋਂ, ਮੈਨੂੰ ਆਪਣੀ ਮਾਂ ਦੀ ਇਕੱਲਤਾ ਦਾ ਦਰਦ ਵੱਧ ਮਹਿਸੂਸ ਹੁੰਦਾ ਸੀ। ਮੇਰੀ ਮਾਂ 'ਤੇ, ਟੱਬਰ ਦੇ ਹੋਰ ਜੀਆਂ ਵੱਲੋਂ ਨਿਕਲਦੇ ਦੰਦ-ਬੁਲ੍ਹ, ਮੇਰੇ ਵੱਧ ਚੁੱਭਦੇ ਸਨ। ਉਸਦੇ ਉੱਤੇ ਲੱਗਦੇ ਦੋਸ਼ਾਂ ਦੀ ਪੀੜ ਵੀ ਅਸਹਿ ਸੀ। ਉਹ ਆਪਣੇ ਕੰਮ ਵਿਚ ਲੀਨ ਰਹਿੰਦੀ ਸੀ। ਵਿਹਲੀ ਬੈਠਣਾ ਉਸਨੂੰ ਆਉਂਦਾ ਹੀ ਨਹੀਂ ਸੀ। ਸ਼ਾਇਦ ਉਹ ਆਪਣੇ ਆਪ ਨੂੰ ਕੰਮ ਵਿਚ ਐਨਾ ਗੱਡ ਲੈਂਦੀ ਸੀ ਤਾਂਕਿ ਉਸਨੂੰ ਕਿਸੇ ਦਾ ਕੋਈ ਬੋਲ, ਮਿਹਣਾ ਸੁਣਾਈ ਹੀ ਨਾ ਦੇਵੇ। ਉਸਦਾ ਇਹੋ ਕਸੂਰ ਸੀ ਕਿ ਉਸਨੇ ਆਪਣੇ ਵਿਆਹ ਤੋਂ ਬਹੁਤ ਵਰ੍ਹੇ ਬਾਅਦ ਤਕ ਕੋਈ ਧੀ-ਪੁੱਤ ਨ੍ਹੀਂ ਸੀ ਜਣਿਆ। ਇਨ੍ਹਾਂ ਸਾਲਾਂ ਵਿਚ ਵੀ ਉਸਨੂੰ ਡਰਾਵਾ ਦਿੱਤਾ ਜਾਂਦਾ ਰਿਹਾ ਕਿ ਅਸੀਂ ਆਪਣੇ ਪੁੱਤ ਨੂੰ ਹੋਰਥੇ ਵਿਆਹ ਲੈਣਾ ਹੈ। ਸ਼ਾਇਦ ਇਹੋ ਕਾਰਨ ਸੀ ਕਿ ਉਹ ਆਪਣੀ ਛੋਟੀ ਭੈਣ ਦਾ ਰਿਸ਼ਤਾ ਆਪਣੇ ਜੇਠ ਨੂੰ ਲੈ ਆਈ ਸੀ ਤਾਂਕਿ ਜੇ ਕਰ ਉਸਦੇ ਬੱਚਾ ਨਹੀਂ ਸੀ ਪੈਦਾ ਹੋਇਆ ਤਾਂ ਉਸਦੀ ਭੈਣ ਦੇ ਬੱਚਾ ਹੋ ਜਾਵੇਗਾ। ਬੀਜੀ ਦੇ ਵਿਆਹ ਤੋਂ ਬਾਰ੍ਹੀਂ ਵਰ੍ਹੀਂ ਜਦੋਂ ਮੇਰਾ ਵੀਰਾ ਜੰਮਿਆ ਤਾਂ ਘਰ ਦੇ ਸਾਰੇ ਜੀਅ ਖ਼ੁਸ਼ ਹੋ ਗਏ ਸਨ। ਪਰ ਪੁੱਤ ਨੂੰ ਜੰਮਦਿਆਂ ਹੀ ਮੇਰੀ ਮਾਂ ਆਪ ਮੰਜਾ ਮੱਲ ਬੈਠੀ ਸੀ। ਕੋਈ, ਕੋਈ ਬਿਮਾਰੀ ਆਖਦਾ ਅਤੇ ਦੂਜਾ ਕੋਈ ਹੋਰ।

ਘਰ ਦੇ ਖ਼ੁਸ਼ ਹੋਣਗੇ ਕਿ ਉਨ੍ਹਾਂ ਦੇ ਘਰ ਦਾ ਵਾਰਿਸ ਉਨ੍ਹਾਂ ਨੂੰ ਮਿਲ ਗਿਆ ਸੀ। ਛੇਆਂ ਭੈਣਾਂ-ਭਰਾਵਾਂ ਦੇ ਘਰ ਪਹਿਲਾ ਬੱਚਾ ਪੈਦਾ ਹੋਇਆ ਸੀ। ਪਰ ਕਿਸੇ ਜੀਅ ਨੂੰ ਉਸ ਬਿਮਾਰ ਪਈ



ਔਰਤ ਦੇ ਬਾਰੇ ਸੋਚਣ ਦਾ ਖਿਆਲ ਹੀ ਨਹੀਂ ਸੀ ਰਿਹਾ।

ਪਹਿਲਾ ਬੱਚਾ ਹੋਣ ਕਾਰਨ, ਵੀਰੇ ਦੀ ਕਦਰ ਘਰ ਵਿਚ ਵੱਧ ਗਈ ਅਤੇ ਉਸਦੀ ਮਾਂ ਦੀ ਕਦਰ ਘਟ ਗਈ। ਘਰਦਿਆਂ ਨੇ ਚਾਰ ਮਹੀਨੇ ਦੇ ਵੀਰੇ ਨੂੰ ਮੇਰੀ ਮਾਂ ਦੀਆਂ ਬਾਹਵਾਂ ਤੋਂ ਅੱਡ ਕਰ ਲਿਆ। ਨਾਨਕਿਆਂ ਤੋਂ ਉਸਨੂੰ ਆਪਣੇ ਪਿੰਡ ਮੁਕੰਦਪੁਰ ਲੈ ਆਂਦਾ। ਉਸ ਨਿੱਕੇ ਜਿਹੇ ਬਾਲ ਨੂੰ ਮਾਂ ਦੀ ਗੋਦੀ ਤੋਂ ਤੋੜ ਕੇ, ਮੇਰੀ ਵੱਡੀ ਭੂਆ, ਜੋ ਬਾਲ ਵਿਧਵਾ ਸੀ, ਉਸਦੀ ਝੋਲੀ ਵਿਚ ਪਾ ਦਿੱਤਾ। ਮੈਂ ਕਈ ਵੇਰਾਂ ਸੋਚਦੀ ਹਾਂ ਕਿ ਕਿਵੇਂ ਤੜਪੀ ਹੋਵੇਗੀ ਮੇਰੀ ਮਾਂ ? ਕਿਵੇਂ ਉਸਨੇ ਆਪਣੀ ਮਮਤਾ ਦਾ ਗਲ਼ ਘੁੱਟਿਆ ਹੋਵੇਗਾ ? ਆਪਣੇ ਢਿੱਡ ਵਿਚ ਮੁੱਕੀ ਦੇ ਕੇ ਆਪਣੀ ਹੁਬਕ ਨੂੰ ਮਾਰਿਆ ਹੋਵੇਗਾ ? ਪੁੱਤ ਨੂੰ ਗੋਦੀ ਵਿਚ ਨਾ ਖਿਡਾ ਸਕਣ ਦਾ ਦਰਦ, ਉਸਨੂੰ ਪਾਲਣ-ਪੋਸਣ, ਉਸਦੇ ਨਿੱਕੇ-ਨਿੱਕੇ ਹੱਥਾਂ ਨੂੰ ਨਾ ਚੁੰਮਣ ਦਾ ਦਰਦ, ਕਿਵੇਂ ਝੱਲਿਆ ਹੋਵੇਗਾ ਉਸਨੇ ? ਉਸਨੂੰ ਵਿਚਾਰੀ ਨੂੰ ਕੋਈ ਮੌਕਾ ਹੀ ਨਹੀਂ ਦਿੱਤਾ ਗਿਆ ਕਿ ਉਹ ਆਪਣੇ ਲਾਡਲੇ ਪੁੱਤ ਨਾਲ਼ ਨਿੱਕੀਆਂ-ਨਿੱਕੀਆਂ ਖੇਡਾਂ ਖੇਡ ਸਕੇ। ਨਿੱਕੇ-ਨਿੱਕੇ ਚਾਅ ਪੂਰੇ ਕਰ ਸਕੇ। ਜਿਵੇਂ ਇਹ ਸਭ ਉਸਦਾ ਨਸੀਬ ਹੀ ਨਹੀਂ ਸੀ।

...ਤੇ ਫੇਰ ਵੀਰੇ ਤੋਂ ਚੌਦੀਂ ਵਰ੍ਹੀਂ ਬਾਅਦ ਰੱਬ ਨੇ ਉਸਦੀ ਝੋਲੀ ਵਿਚ ਖ਼ੈਰ ਪਾ ਦਿੱਤੀ। ਉਸ ਵੇਲੇ "ਮੈਂ" ਜਨਮੀ ਸਾਂ। ਮੇਰੇ ਜਨਮ 'ਤੇ ਜਿੰਨਾ ਮੇਰੀ ਦਾਦੀ ਅਤੇ ਬਾਪ ਖ਼ੁਸ਼ ਹੋਏ ਉਨਾ ਹੀ ਮੇਰੀਆਂ ਭੂਆ ਦੁਖੀ ਹੋਈਆਂ। ਮੇਰੇ ਜਨਮ 'ਤੇ ਮੇਰੀ ਦਾਦੀ ਅਤੇ ਮੇਰੇ ਬਾਪ ਨੇ ਲੱਡੂ ਵੰਡੇ ਸਨ। ਮੇਰੀ ਦਾਦੀ ਦਾ ਕਹਿਣਾ ਸੀ ਕਿ ਮੇਰੇ ਪੁੱਤ ਦੇ ਨਾਲ਼ ਕੋਈ ਰਿਸ਼ਤਾ ਬਣਿਆ ਹੈ। ਪਰ ਮੇਰੇ ਜਨਮ ਤੇ ਵੀ ਮੇਰੀ ਮਾਂ ਨੂੰ ਮਿਹਣੇ ਮਿਲਣ ਲੱਗੇ। ਮੈਂ ਦੱਸਿਆ ਹੀ ਹੈ ਕਿ ਇਹ ਮੇਰੀ ਭੂਆ ਬਾਲ ਵਿਧਵਾ ਸੀ ਅਤੇ ਮੇਰੇ ਭਾਈਆ ਜੀ ਅਤੇ ਤਾਇਆ ਜੀ ਦੇ ਕੋਲ ਹੀ ਰਹਿੰਦੀ ਸੀ। ਮੈਂ ਸਮਝਦੀ ਹਾਂ ਕਿ ਭੂਆ ਜੀ ਦੀਆਂ ਆਪਣੀਆਂ ਮਾਨਸਿਕ ਉਲਝਣਾਂ ਹੋਣਗੀਆਂ, ਪਰ ਇਸਦਾ ਇਹ ਮਤਲਬ ਨਹੀਂ ਸੀ ਬਣਦਾ ਕਿ ਦੂਜੇ ਦੀ ਜ਼ਿੰਦਗੀ ਤਬਾਹ ਕਰ ਦਿਉ। ਪਰ ਇਹੋ ਉਨ੍ਹਾਂ ਨੇ ਕੀਤਾ ਸੀ। ਜਿੱਥੇ ਉਨ੍ਹਾਂ ਨੇ ਮੇਰੀ ਮਾਂ ਦੀ ਜ਼ਿੰਦਗੀ ਖਰਾਬ ਕੀਤੀ, ਉੱਥੇ ਵੀਰੇ ਦੀ ਮਾਨਸਿਕਤਾ ਵਿਚ ਵੀ ਐਸੇ ਛੇਕ ਕੀਤੇ ਜਿਨ੍ਹਾਂ ਤੋਂ ਉਹ ਅਖ਼ੀਰਲੇ ਸਾਹਾਂ ਤਕ ਉੱਭਰ ਹੀ ਨਹੀਂ ਸਕਿਆ। ਉਹ ਵੀ ਸਾਰੀ ਉਮਰ ਇਕ ਤੜਪ ਮਨ ਵਿਚ ਲੈ ਕੇ ਜਿਉਂਦਾ ਰਿਹਾ।

ਭੂਆ ਜੀ ਦੀਆਂ ਝਿੜਕਾਂ ਮੈਂ ਜਵਾਨ ਹੋਣ ਤਕ ਸੁਣਦੀ ਰਹੀ ਹਾਂ। ਉਹ ਬੀਜੀ ਨੂੰ ਐਵੇਂ ਫਿਟਕਾਰਦੇ ਰਹਿੰਦੇ। ਬੀਜੀ ਫੇਰ ਵੀ ਉਨ੍ਹਾਂ ਦੇ ਮਗਰ-ਮਗਰ ਤੁਰੇ ਰਹਿੰਦੇ। ਬੀਜੀ ਕਹਿੰਦੇ, "ਫੇਰ ਕੀ ਹੋਇਆ ਜੇ ਬੀਬੀ ਝਿੜਕਦੀ ਐ। ਉਹ ਵੱਡੀ ਐ ਸਾਥੋਂ।"

ਮੈਨੂੰ ਚੇਤੇ ਹੈ ਕਿ ਭੂਆ ਜੀ ਨੂੰ ਘਰ ਵਿਚ ਅੱਡ ਚੁਬਾਰਾ ਦਿੱਤਾ ਹੋਇਆ ਸੀ, ਜਿੱਥੋਂ ਬੈਠ ਕੇ ਉਹ ਭਰਾਵਾਂ ਦੇ ਘਰ ਦੀ ਸਰਦਾਰੀ ਕਰਦੇ ਸਨ। ਉਸ ਚੁਬਾਰੇ ਵਿਚ ਇਕ ਤਖ਼ਤਪੋਸ਼ ਸੀ ਜਿੱਥੇ ਹਰ ਸੰਗਰਾਂਦ ਵਾਲੇ ਦਿਨ ਭੂਆ ਜੀ ਬਾਰਾਂਮਾਂਹ ਦਾ ਪਾਠ ਕਰਿਆ ਕਰਦੇ ਸਨ। ਸਾਡੇ ਘਰ ਹਰ ਧਰਮ ਦਾ ਗਰੰਥ ਹਾਜ਼ਰ ਸੀ। ਰਮਾਇਣ, ਭਗਵਤ ਗੀਤਾ, ਕੁਰਾਨ, ਆਦਿ ਗਰੰਥ, ਦਸਮ ਗਰੰਥ, ਪੰਜ ਗਰੰਥੀ, ਦਸ ਗਰੰਥੀ, ਸਾਖੀਆਂ, ਭਾਵ ਘਰ ਹੀ ਸਭ ਕੁਝ ਪੜ੍ਹਿਆ ਜਾ ਸਕਦਾ ਸੀ। ਆਂਢ-ਗੁਆਂਢ ਦੀਆਂ ਔਰਤਾਂ, ਘਰ ਦੇ ਜੀਅ, ਭੂਆ ਜੀ ਦੀਆਂ ਸਹੇਲੀਆਂ, ਸਭ ਪਾਠ ਸੁਣਨ ਆਉਂਦੀਆਂ ਸਨ। ਤਖ਼ਤਪੋਸ਼ ਦੇ ਖੱਬੇ ਹੱਥ ਘੜਿਆਂ ਦੀਆਂ ਘੜੌਂਜੀਆਂ ਹੁੰਦੀਆਂ ਸਨ ਜਿਨ੍ਹਾਂ ਉੱਤੇ ਪਾਣੀ ਦੇ ਘੜੇ ਪਏ ਹੁੰਦੇ ਸਨ। ਉੱਥੇ ਹੀ ਭੂਆ ਜੀ ਪ੍ਰਸ਼ਾਦ ਰੱਖਿਆ ਕਰਦੇ ਸਨ। ਜਦੋਂ ਉਨ੍ਹਾਂ ਨੇ ਭੋਗ ਪਾ ਕੇ ਹਟਣਾ ਤਾਂ ਉੱਥੋਂ ਹੀ ਪ੍ਰਸ਼ਾਦ ਦੇਣਾ ਸ਼ੁਰੂ ਕਰਦੇ ਸਨ। ਹਰ ਮਹੀਨੇ ਮੇਰੇ ਬੀਜੀ ਤਖ਼ਤਪੋਸ਼ ਦੇ ਕੋਨੇ ਕੋਲ ਬੈਠਦੇ ਤਾਂਕਿ ਭੂਆ ਜੀ ਉਨ੍ਹਾਂ ਨੂੰ ਪਹਿਲਾਂ ਪ੍ਰਸ਼ਾਦ ਦੇ ਦੇਣ। ਉਨ੍ਹਾਂ ਨੂੰ ਪਤਾ ਵੀ ਹੁੰਦਾ ਸੀ ਕਿ ਭੂਆ ਜੀ ਉਨ੍ਹਾਂ ਨੂੰ ਕਦੀ ਵੀ ਪ੍ਰਸ਼ਾਦ ਨਹੀਂ ਦੇਣਗੇ। ਪਰ ਬੀਜੀ ਦੀ ਜ਼ਿੱਦ ਵੀ ਹੁੰਦੀ ਕਿ ਮੈਂ ਇੱਥੇ

ਹੀ ਬੈਠਣਾ ਹੈ, ਤਖ਼ਤਪੋਸ਼ ਦੀ ਬਾਹੀ ਫੜ ਕੇ। ਪਰ ਭੂਆ ਜੀ ਜਦੋਂ ਪ੍ਰਸ਼ਾਦ ਦੇਣ ਲਗਦੇ ਤਾਂ ਬੀਜੀ ਨੂੰ ਛੱਡ ਕੇ, ਹਮੇਸ਼ਾ ਦੂਜੇ ਬੰਦੇ ਤੋਂ ਸ਼ੁਰੂ ਕਰਦੇ। ਬੀਜੀ ਘਿਸਰ-ਘਿਸਰ ਕੇ ਭੂਆ ਜੀ ਦੇ ਮਗਰ ਆਈ ਜਾਂਦੇ। ਪਰ ਮਜ਼ਾਲ ਹੈ ਜੇ ਭੂਆ ਜੀ ਉਨ੍ਹਾਂ ਨੂੰ ਪ੍ਰਸ਼ਾਦ ਦੇ ਦੇਣ।

ਭੂਆ ਜੀ ਉਨ੍ਹਾਂ ਨੂੰ ਵੀ ਟੁੱਟ ਕੇ ਪੈ ਜਾਂਦੇ। ਇਹ ਸਭ ਦੇਖਦਿਆਂ ਹੋਇਆਂ, ਮੇਰੇ ਅੰਦਰਲੀ ਪੀੜ ਹੋਰ ਵੀ ਤਿੱਖੀ ਹੋ ਜਾਂਦੀ। ਮੈਂ ਛੋਟੀ ਹੁੰਦੀ ਤੋਂ ਹੀ ਆਪਣੀ ਮਾਂ ਨੂੰ ਲੁਕ-ਲੁਕ ਕੇ ਰੋਂਦੀ ਤੱਕਿਆ। ਉਸਦੇ ਅੰਦਰਲੀ ਪੀੜ ਦੀ ਤਲਖ਼ੀ ਮੇਰੇ ਅੰਦਰ ਜਿਵੇਂ ਘਰ ਕਰ ਗਈ ਜੋ ਅੱਜ ਤਕ ਕਾਇਮ ਹੈ। ਜਦੋਂ ਉਸਦਾ ਮਨ ਦੁੱਖੀ ਹੁੰਦਾ ਤਾਂ ਉਹ ਚੱਕੀ ਦਾ ਗੇੜਾ ਹੋਰ ਜ਼ੋਰ ਦੇਣੀ ਦੇ ਦਿੰਦੇ। ਇਹ ਚੱਕੀ ਦਾ ਗੇੜਾ ਮੈਂ ਉਨ੍ਹਾਂ ਨੂੰ ਆਪਣੇ ਬਚਪਨ ਵਿਚ ਵੀ ਦਿੰਦਿਆਂ ਦੇਖਿਆ ਹੈ। ਜਿਉਂ ਉਹ ਚੱਕੀ ਦਾ ਗੇੜਾ ਦਿੰਦੇ, ਤਿਉਂ ਮੇਰੇ ਅੰਦਰ ਵੀ ਘੂਕਰ ਜਿਹੀ ਪੈਂਦੀ।

ਸ਼ਾਇਦ ਇਹੋ ਕਾਰਨ ਹੈ ਕਿ ਮੈਂ ਔਰਤ ਦੇ ਅੰਦਰਲੇ ਦਰਦ ਨੂੰ ਬਿਆਨ ਕਰ ਸਕਦੀ ਹਾਂ। ਮੇਰੀਆਂ ਪਾਤਰ ਔਰਤਾਂ ਜਿੱਥੇ ਦੁੱਖ ਸਹਿਨ ਕਰਦੀਆਂ ਹਨ ਉੱਥੇ ਉਹ ਦੁੱਖ ਦੇਣ ਵਾਲ਼ੀਆਂ ਵੀ ਹਨ।

... ਤੇ ਇਹੋ ਵੀਰਾ ਜਿਹੜਾ ਮੇਰੀ ਮਾਂ ਦੀ ਗੋਦੀ ਤੋਂ ਅੱਡ ਕਰ ਲਿਆ ਗਿਆ ਸੀ, ਉਹ ਮਾਂ ਦੀ ਦੇਖ ਭਾਲ਼ ਕਰਨ ਆਇਆ ਹੋਇਆ, ਆਪ ਇਕ ਰਾਤ ਕੋਮੇ ਵਿਚ ਚਲੇ ਗਿਆ। ਸਾਨੂੰ ਹੱਥਾਂ ਪੈਰਾਂ ਦੀ ਪੈ ਗਈ। ਪਿੰਡ ਦੇ ਹਸਪਤਾਲ ਵਾਲਿਆਂ ਜਵਾਬ ਦੇ ਦਿੱਤਾ ਅਤੇ ਅਸੀਂ ਉਸਨੂੰ ਲੁਧਿਆਣੇ ਚੁੱਕ ਕੇ ਲੈ ਗਏ। ਡਾ: ਖੁਰਾਨਾ ਨੇ ਵੀ ਸਾਨੂੰ ਉਸਦੀ ਗੰਭੀਰ ਹਾਲਤ ਬਾਰੇ ਦੱਸ ਦਿੱਤਾ। ਵੀਰੇ ਨੂੰ ਮੈਂ ਪੂਰੇ ਪੰਦਰਾਂ ਦਿਨ ਦਇਆਨੰਦ ਹਸਪਤਾਲ ਵਿਚ ਲੈ ਕੇ ਬੈਠੀ ਰਹੀ। ਉਸ ਚੰਦਰੇ ਨੇ ਵੀ ਮੇਰਾ ਸਾਥ ਨਾ ਦਿੱਤਾ ਅਤੇ ਉਹ ਪੰਦਰਵੇਂ ਦਿਨ ਮੇਰੇ ਹੱਥਾਂ ਵਿਚ ਤੁਰ ਗਿਆ। ਉਸਨੂੰ ਲੈ ਕੇ ਪਿੰਡ ਪਰਤੀ ਤਾਂ ਉਸਨੂੰ ਦੇਖਦਿਆਂ ਸਾਰ ਮੇਰੀ ਬੀਜੀ ਧੜੈਂ ਕਰਕੇ ਡਿੱਗ ਪਈ। ਐਸੀ ਡਿੱਗੀ ਮੁੜ ਹੋਸ਼ ਹੀ ਨਾ ਆਈ। ਭਾਵ ਨਰਵਸ ਬਰੇਕ ਡਾਊਨ ਹੋ ਗਈ।

ਇੱਥੋਂ ਤੁਰੀ ਮੇਰੀ ਨਵੀਂ ਜੱਦੋ ਜਹਿਦ। ਵੀਰੇ ਦੇ ਮਰਗ ਦੇ ਦਿਨ ਪੂਰੇ ਕਰਕੇ ਅਸੀਂ ਪਿਓ-ਧੀ ਬੀਜੀ ਨੂੰ ਜਲੰਧਰ ਹਸਪਤਾਲ ਵਿਚ ਲੈ ਗਏ। ਬੀਜੀ ਨਾ ਮੈਨੂੰ ਪਛਾਨਣ ਅਤੇ ਨਾ ਹੀ ਭਾਈਆ ਜੀ ਨੂੰ। ਉਨ੍ਹਾਂ ਦਿਨਾਂ ਵਿਚ ਪਰਿਵਾਰ ਦੇ ਹੋਰ ਕਈ ਜੀਅ ਭਾਵ ਮੇਰੇ ਤਾਏ-ਚਾਚੇ ਦੇ ਪੁੱਤ ਪਿੰਡ ਆਏ ਹੋਏ ਸਨ। ਉਨ੍ਹਾਂ ਵਿਚੋਂ ਇਕ ਦੇ ਦੋ ਬੱਚੇ ਸਨ। ਉਸਨੂੰ ਅਤੇ ਉਸਦੀ ਘਰਵਾਲੀ ਨੂੰ ਸਾਡੀ ਸਮੱਸਿਆ ਨਾਲ਼ੋਂ ਇਹ ਤੌਖ਼ਲਾ ਵੱਧ ਸੀ ਕਿ ਉਨ੍ਹਾਂ ਦੇ ਬੱਚੇ ਬੀਜੀ ਤੋਂ ਕਿੱਧਰੇ ਡਰਨ ਨਾ। ਉਨ੍ਹਾਂ ਦੇ ਬੱਚਿਆਂ 'ਤੇ ਬੀਜੀ ਦੀ ਬਿਮਾਰੀ ਦਾ ਕੋਈ ਅਸਰ ਨਾ ਹੋਵੇ। ਜਿਹੜੇ ਦੋ ਦਿਨ ਉਹ ਪਿੰਡ ਰਹੇ, ਉਹ ਬੀਜੀ ਦੇ ਸਾਮ੍ਹਣੇ ਹੀ ਨਹੀਂ ਸਨ ਆਏ। ਮੇਰੀ ਮਦਦ ਕਰਨੀ ਤਾਂ ਹੋਰ ਗੱਲ ਸੀ। ਬੱਸ ਉਹ ਮੇਰਾ ਭਰਾ ਦੋ ਦਿਨ ਪਿੰਡ ਰਹਿ ਕੇ, ਆਪਣੇ ਟੱਬਰ ਨੂੰ ਨਾਲ਼ ਲੈ ਕੇ ਆਪਣੇ ਸਹੁਰੀਂ ਚਲਾ ਗਿਆ।

... ਤੇ ਦੂਜਾ ਜਿਸਦੇ ਤਿੰਨ-ਚਾਰ ਵਿਆਹ ਫੇਲ੍ਹ ਹੋ ਚੁੱਕੇ ਸਨ ਅਤੇ ਇਸ ਵਾਰ ਆਪਣੀ ਨਵੀਂ ਦੋਸਤ ਜੋ ਜਰਮਨ ਮਾਡਲ ਸੀ, ਨਾਲ਼ ਪਿੰਡ ਆਇਆ ਹੋਇਆ ਸੀ। ਉਸ ਵਾਸਤੇ ਵੀ ਇਹ ਸ਼ਰਮ ਦੀ ਗੱਲ ਸੀ ਕਿ ਉਸਦੀ ਚਾਚੀ-ਮਾਸੀ (ਦੋਹਰਾ ਰਿਸ਼ਤਾ) ਨੂੰ ਉਸਦੀ ਦੋਸਤ ਇਸ ਹਾਲਤ ਵਿਚ ਵੇਖੇਗੀ। ਉਸਨੂੰ ਇਹ ਫ਼ਿਕਰ ਨਹੀਂ ਸੀ ਕਿ ਜਿਸ ਚਾਚੀ-ਮਾਸੀ ਨੇ ਉਸਨੂੰ ਪਾਲ਼ਿਆ ਸੀ, ਉਹ ਕਿਵੇਂ ਪੁੱਤ ਦੇ ਵਿਛੋੜੇ ਨੂੰ ਤੜਪ ਰਹੀ ਸੀ। ਮੈਂ ਉਸਦੀ ਚਚੇਰੀ ਭੈਣ ਕਿਨ੍ਹਾਂ ਹਾਲਾਤਾਂ ਵਿਚ ਘਿਰੀ, ਦਿਨ ਰਾਤ ਸਮੱਸਿਆਵਾਂ ਨਾਲ਼ ਜੂਝ ਰਹੀ ਸਾਂ। ਪਰ ਨਹੀਂ, ਉਹ ਆਪਣੀ ਬੇਸ਼ਰਮੀ ਦਾ ਦਿਖਾਵਾ ਕਰਦਾ। ਗਰਲਫਰੈਂਡ ਦੀਆਂ ਬਾਹਾਂ 'ਚ ਬਾਹਾਂ ਪਾਈ ਪਿੰਡ 'ਚ ਤੁਰਿਆ ਫਿਰਦਾ। ਪਾਰਟੀਆਂ ਹੁੰਦੀਆਂ, ਜਾਮ ਟਕਰਾਉਂਦੇ। ਪਰ ਉਸ ਕੋਲ ਐਨੀ ਸ਼ਿਸ਼ਟਾਚਾਰ ਵੱਜੋਂ ਵੀ ਹਿੰਮਤ ਨਹੀਂ ਪਈ ਕਿ



ਉਹ ਇਕ ਵੇਰ ਸਾਡਾ ਹਾਲ ਜਲੰਧਰ ਜਾ ਕੇ ਹੀ ਦੇਖ ਆਵੇ। ਸਾਨੂੰ ਕੁਝ ਧੀਰਜ ਦੇ ਆਵੇ। ਉਸ ਵੇਲੇ ਬਹੁਤ ਗੁੱਸਾ ਆਉਂਦਾ ਸੀ, ਮੂੰਹ ਕੜਵਾਹਟ ਨਾਲ਼ ਵੀ ਭਰਦਾ ਸੀ ਕਿ ਜਿਨ੍ਹਾਂ ਵਾਸਤੇ ਮੇਰੇ ਮਾਂ-ਬਾਪ ਨੇ ਜੀਵਨ ਦੇ ਪਲ ਗੁਜ਼ਾਰੇ, ਉਨ੍ਹਾਂ ਨੂੰ ਤਾਂ ਉਸ ਮੋਹ-ਪਿਆਰ ਦੀ ਕਦਰ ਹੀ ਨਹੀਂ ਸੀ ਰਹੀ। ਮੈਂ ਉਸ ਵੇਲੇ ਐਨੀ ਬੇਵਸ ਸਾਂ ਕਿ ਕੁਝ ਨਹੀਂ ਸਾਂ ਕਰ ਸਕਦੀ।

ਇਸੇ ਮੇਰੇ ਭਰਾ ਦੀ ਇਕ ਹੋਰ ਕਹਾਣੀ ਚੇਤੇ 'ਚ ਘੁੰਮਦੀ ਹੈ। ਜਦੋਂ ਮੈਂ ਇੰਡੀਆ ਤੋਂ ਮੁੜ ਕਿੰਗਜ਼ਬਰੀ ਪਰਤ ਆਈ ਸਾਂ ਤਾਂ ਇਹੋ ਇਨਸਾਨ ਆਪਣੀ ਕਿਸੇ ਹੋਰ ਨਵੀਂ ਗਰਲਫਰੈਂਡ ਨਾਲ਼ ਮੇਰੇ ਘਰ ਆਇਆ ਸੀ। ਉਹ ਦੋ ਬੱਚਿਆਂ ਦੀ ਮਾਂ ਸੀ ਅਤੇ ਆਪਣੇ ਪਤੀ ਨੂੰ ਛੱਡ ਕੇ ਇਸ ਦੇ ਨਾਲ਼ ਤੁਰ ਪਈ ਸੀ। ਮੈਨੂੰ ਦਿਲਾਸਾ ਦੁਆ ਦਿੱਤਾ ਗਿਆ ਕਿ ਅਸੀਂ ਵਿਆਹ ਕਰਾ ਰਹੇ ਹਾਂ। ਇਹ ਉਸਦਾ ਅਖੀਰੀ ਵਿਆਹ ਹੋਵੇਗਾ। ਮੈਂ ਪਿੱਛਲਾ ਵਕਤ ਭੁੱਲ-ਭੁਲਾ ਕੇ ਫੇਰ ਵੀ ਉਸਨੂੰ, ਘਰ ਆਏ ਨੂੰ ਦਰ ਤੋਂ ਵਾਪਸ ਨਾ ਪਰਤਾ ਸਕੀ। ਉਹ ਦੋਨੋਂ ਕੋਈ ਇਕ ਹਫ਼ਤਾ ਸਾਡੇ ਘਰ ਰਹੇ। ਸਾਥੋਂ ਪੁੱਛ ਨਾ ਹੋਵੇ ਕਿ ਤੁਸੀਂ ਕਦੋਂ ਜਾਣਾ ਹੈ ਅਤੇ ਨਾ ਹੀ ਜਾਣ ਲਈ ਆਖ ਹੋਵੇ ਕਿ ਤੁਸੀਂ ਹੁਣ ਚਲੇ ਜਾਵੋ।

ਫੇਰ ਇਕ ਰਾਤ, ਤੜਕੇ ਤਿੰਨ ਵਜੇ ਮੇਰੇ ਘਰ ਦੇ ਡਰਾਈਵ ਵੇਅ ਵਿਚ ਪੁਲੀਸ ਦੀਆਂ ਕਾਰਾਂ ਦਾ ਰੌਲ਼ਾ ਪੈ ਰਿਹਾ ਸੀ। ਮੈਂ ਉੱਠ ਕੇ ਸ਼ੀਸ਼ੇ ਵਿਚੀਂ ਤੱਕਿਆ। ਪੁਲੀਸ ਮੈਨ ਉੱਚੀ-ਉੱਚੀ ਬੋਲ ਰਹੇ ਸਨ ਅਤੇ ਮੈਨੂੰ ਇਸ਼ਾਰੇ ਕਰ ਰਹੇ ਸਨ ਕਿ ਹੇਠਾਂ ਆ ਕੇ ਦਰਵਾਜ਼ਾ ਖੋਲ੍ਹ। ਮੇਰੇ ਆਂਢੀ-ਗੁਆਂਢੀ ਵੀ ਉੱਠ ਕੇ ਬਾਰੀਆਂ ਖੋਲ੍ਹ ਕੇ ਝਾਤੀਆਂ ਮਾਰ ਰਹੇ ਸਨ। ਜਦੋਂ ਅਸੀਂ ਉੱਠ ਕੇ ਦਰਵਾਜ਼ਾ ਖੋਲ੍ਹਿਆ ਤਾਂ ਪੁਲੀਸ ਨੇ ਸਾਡੇ ਘਰ ਠਹਿਰੇ ਜੋੜੇ ਦਾ ਨਾਂ ਪੁੱਛਿਆ ਕਿ ਉਹ ਕਿੱਥੇ ਹੈ ? ਅਸੀਂ ਦੱਸ ਦਿੱਤਾ ਕਿ ਉਹ ਤਾਂ ਸੁੱਤੇ ਪਏ ਹਨ। ਪੁਲੀਸ ਨੇ ਉਨ੍ਹਾਂ ਨੂੰ ਜਗਾਉਣ ਦਾ ਹੁਕਮ ਦੇ ਦਿੱਤਾ।

ਅਸੀਂ ਪੁਲੀਸ ਵਾਲ਼ਿਆਂ ਨੂੰ ਬਿਠਾਲ ਕੇ ਇਸ ਜੋੜੇ ਨੂੰ ਜਗਾਉਣ ਤੁਰ ਪਏ। ਉਸ ਵੇਲੇ ਸਾਡੇ ਸਾਹਮਣੇ ਜੋ ਹਕੀਕਤ ਆਈ ਉਸ ਨਾਲ਼ ਮਨ ਰੋਹ ਨਾਲ਼ ਭਰ ਗਿਆ। ਐਡਾ ਵੱਡਾ ਧੋਖਾ ਸਾਡੇ ਨਾਲ਼ ? ਅਸੀਂ ਫੇਰ ਵੀ ਰਿਸ਼ਤਾ ਨਿਭਾ ਰਹੇ ਸਾਂ।...ਤੇ ਇਹ ਇਨਸਾਨ, ਇਸ ਔਰਤ ਨੂੰ ਘਰੋਂ ਭਜਾ ਕੇ ਲਿਆਇਆ ਹੋਇਆ ਸੀ। ਉਸ ਔਰਤ ਨੇ ਆਪਣੀ ਮਾਂ ਨੂੰ ਟੈਲੀਫੋਨ ਕਰਕੇ ਬੱਚਿਆਂ ਦਾ ਹਾਲ-ਚਾਲ ਪੁੱਛਿਆ ਹੋਵੇਗਾ। ਉਸਦੀ ਮਾਂ ਨੇ ਟੈਲੀਫੋਨ ਦੀ ਕਾਲ ਰਸੀਵ ਕਰਨ 'ਤੇ ਟੈਲੀਫੋਨ ਕੰਪਨੀ ਤੋਂ ਖੋਜ ਕਰਵਾ ਲਈ ਸੀ ਅਤੇ ਪੁਲੀਸ ਨੂੰ ਇਤਲਾਹ ਕਰ ਦਿੱਤੀ ਸੀ। ਇਹੋ ਜੋੜਾ ਮੇਰੀ ਕਹਾਣੀ "ਮੈਂ ਵਿਕਾਊ ਨਹੀਂ ਹਾਂ" ਦਾ ਪਾਤਰ ਬਣਿਆ। ਮੇਰੀਆਂ ਹੋਰ ਕਈ ਕਹਾਣੀਆਂ ਵਿਚ ਵੀ ਇਨ੍ਹਾਂ ਦੇ ਚਿਹਰੇ ਪਛਾਣੇ ਜਾ ਸਕਦੇ ਹਨ। ਇਸ ਹਾਦਸੇ ਦਾ ਰੋਹ ਮੇਰੇ ਅੰਦਰੋਂ ਜਿਵੇਂ ਜਾਂਦਾ ਹੀ ਨਹੀਂ। ਜਦੋਂ ਸੋਚਦੀ ਹਾਂ ਤਾਂ ਮਨ ਤਲਖ਼ੀ ਨਾਲ਼ ਭਰ ਜਾਂਦਾ ਹੈ। ...ਤੇ ਉਸ ਦਿਨ ਤੋਂ ਬਾਅਦ, ਉਮਰ ਭਰ ਵਾਸਤੇ ਮੈਂ ਉਹ ਰਿਸ਼ਤਾ ਵੀ ਤਿਆਗ ਦਿੱਤਾ।

ਜੀ ਹਾਂ, ਮੈਂ ਦੱਸ ਰਹੀ ਸਾਂ, ਮਹੀਨਾ ਭਰ ਬੀਜੀ ਦਾ ਇਲਾਜ ਕਰਾ ਕੇ ਅਸੀਂ ਪਿੰਡ ਪਰਤ ਆਏ। ਮੇਰੇ ਇਹ ਭਰਾ ਨਾ ਮੈਨੂੰ ਮਿਲਣ ਗਏ ਸਨ ਅਤੇ ਨਾ ਹੀ ਕਿਸੇ ਨੇ ਸਾਡੀ ਪਿੰਡ ਪਰਤਿਆਂ ਦੀ ਸਾਰ ਲਈ। ਉਸਤੋਂ ਬਾਅਦ ਮੈਂ ਹਰ ਰੋਜ਼ ਜਲੰਧਰ ਦੇ ਗੇੜੇ ਮਾਰਦੀ ਰਹੀ। ਡਾਕਟਰ ਨੂੰ ਮਿਲਦੀ, ਦਵਾਈਆਂ ਲੈਂਦੀ-ਬਦਲਦੀ। ਬੱਸ ਬੌਰਿਆਂ ਵਾਂਗ ਤੁਰੀ ਫਿਰਦੀ। ਉੱਪਰੋਂ ਉਨ੍ਹਾਂ ਦਿਨਾਂ ਵਿਚ ਪੰਜਾਬ ਦੇ ਹਾਲਾਤ। ਹਨੇਰਾ ਹੋਣ ਤੋਂ ਬਾਦ ਜਿਵੇਂ ਕੋਈ ਬਾਹਰ ਨਿਕਲਦਾ ਹੀ ਨਹੀਂ ਸੀ। ਅੰਮਾ ਜਾਇਆ ਊਂ ਹੀ ਤੁਰ ਗਿਆ ਸੀ। ਸਹੇੜਦਿਆਂ ਵਿਚੋਂ ਵੀ ਪਿੰਡ ਕੋਈ ਨਹੀਂ ਸੀ। ਮੈਂ ਅਤੇ ਮੇਰੀ ਦੁਨੀਆਂ ਵਿਚ ਮੇਰੇ ਦੋਨੋਂ ਬਜ਼ੁਰਗ ਮਾਂ-ਬਾਪ।

ਪਿੱਛੇ ਇੰਗਲੈਂਡ, ਮੈਂ ਆਪਣੇ ਟੱਬਰ ਨੂੰ ਛੱਡ ਕੇ ਆਈ ਹੋਈ ਸਾਂ। ਉਹ ਕਿਵੇਂ ਕੱਟ ਰਹੇ

ਸਨ, ਮੈਂ ਬੇਖ਼ਬਰ ਸਾਂ। ਮੇਰੇ ਬੱਚੇ ਰੁਲ਼ ਰਹੇ ਸਨ। ਇਸੇ ਸਮੇਂ ਦਰਮਿਆਨ ਮੇਰਾ ਵੱਡਾ ਪੁੱਤਰ ਮੋਟਰ ਸਾਈਕਲ ਦਾ ਐਕਸੀਡੈਂਟ ਕਰਾ ਬੈਠਾ ਜਿਸ ਨਾਲ਼ ਉਸਦੀ ਸਕੱਲ ਫਰੈਕਚਰ ਹੋ ਗਈ। ਇਹ ਮੋਟਰ ਸਾਈਕਲ ਵੀ ਮੇਰੇ ਪੰਜਾਬ ਜਾਣ ਤੋਂ ਬਾਅਦ ਖਰੀਦਿਆ ਗਿਆ ਸੀ। ਇਕ ਪਾਸੇ ਮਾਂ ਬਿਮਾਰ ਜਿਸਨੂੰ ਪੂਰੀ ਸੁਰਤ ਨਹੀਂ ਅਤੇ ਦੂਜੇ ਪਾਸੇ ਪੁੱਤਰ ਜੋ ਹਸਪਤਾਲ ਵਿਚ ਪਿਆ ਹੈ। ਮੇਰੀ ਜ਼ਿੰਮੇਵਾਰੀ ਕਿਹਦੇ ਪ੍ਰਤੀ ਕਿੰਨੀ ਹੋਵੇ ? ਇਸ ਦੁਵਿਧਾ ਵਿਚ ਮੈਂ ਦਿਨ ਰਾਤ ਕੱਟਦੀ। ਉੱਪਰੋਂ ਦੁਕਾਨ ਦਾ ਝਮੇਲਾ ਜਿਹੜਾ ਸੰਘੇੜਾ ਜੀ ਇਕੱਲਿਆਂ ਦੇ ਸਿਰ ਪੈ ਗਿਆ ਸੀ।

ਖ਼ੈਰ, ਦੁਕਾਨ ਉਨ੍ਹਾਂ ਹੀ ਦਿਨਾਂ ਵਿਚ ਵਿਕ ਗਈ। ਅਸੀਂ ਸੋਚਿਆ ਜੋ ਮਿਲਦਾ ਹੈ, ਲੈ ਕੇ ਰੱਬ ਦਾ ਸ਼ੁਕਰ ਕਰੀਏ। ਦੁਕਾਨ ਦੀ ਡੀਲ ਕਲੋਜ਼ ਕਰਕੇ ਜਦੋਂ ਪੈਸਿਆਂ ਦਾ ਚੈੱਕ ਜਮਾਂ ਕਰਾਉਣ ਦਾ ਸਮਾਂ ਆਇਆ ਤਾਂ ਮੇਰੇ ਦਿੱਤੇ ਹੋਏ ਮੁਖ਼ਤਿਆਰਨਾਮੇ ਨੇ ਆਪਣਾ ਰੰਗ ਦਿਖਾਇਆ। ਬੈਂਕ ਮੈਨੇਜਰ ਪੁੱਛਣ ਲੱਗਾ ਕਿ, "ਮਿਸਟਰ ਸਿੰਘ ਕਿਹੜੇ ਅਕਾਉਂਟ ਵਿਚ ਪੈਸੇ ਜਮਾਂ ਹੋਣ ?"

ਸੰਘੇੜਾ ਜੀ ਕੁਝ ਆਖਦੇ, ਉਸਤੋਂ ਪਹਿਲਾਂ ਪਿਤਾ ਜੀ ਨੇ ਆਪਣੀ ਕਾਪੀ ਮੈਨੇਜਰ ਦੇ ਅੱਗੇ ਰੱਖ ਦਿੱਤੀ ਕਿ, "ਮੇਰੇ ਅਕਾਉਂਟ ਵਿਚ ਜਮ੍ਹਾਂ ਕਰ ਦਿਓ।"

ਦੁਕਾਨ ਵੀ ਗਈ, ਪੈਸੇ ਵੀ ਗਏ। ਇਸ ਹਾਦਸੇ ਦੀਆਂ ਚਿਣਗਾਂ ਮੇਰੇ ਅੰਦਰ ਹਮੇਸ਼ਾਂ ਚੁੱਭਦੀਆਂ ਹਨ। ਉਸ ਵਰ੍ਹੇ ਦੇ ਅੰਤਲੇ ਦਿਨ ਜਦੋਂ ਮੈਂ ਪੰਜਾਬ ਤੋਂ ਵਾਪਿਸ ਪਰਤੀ ਤਾਂ ਅਸੀਂ ਦੋਹਾਂ ਨੇ ਘਰ ਦਾ ਲੇਖਾ-ਜੋਖਾ ਕਰਕੇ ਜਦੋਂ ਦੇਖਿਆ ਸੀ ਤਾਂ ਉਸ ਵੇਲੇ ਅਸੀਂ ਦੋਨੋਂ ਜੀਅ ਆਪਣੀਆਂ ਅਤੇ ਆਪਣੇ ਬੱਚਿਆਂ ਦੀਆਂ ਜਾਨਾਂ ਲੈ ਕੇ ਬੈਠੇ ਸਾਂ। ਹੋਰ ਪੱਲੇ ਕੁਝ ਨਹੀਂ ਸੀ ਰਿਹਾ। ਅਗਲੀ ਜੱਦੋਜਹਿਦ ਫੇਰ ਸਿਰ 'ਤੇ ਸੀ।

ਅੱਜ ਜ਼ਿੰਦਗੀ ਦੇ ਇਸ ਪੜਾਅ 'ਤੇ ਪਹੁੰਚ ਕੇ ਮੈਂ ਸੋਚਦੀ ਹਾਂ ਕਿ ਸ਼ਾਇਦ ਇਨ੍ਹਾਂ ਚੁਣੌਤੀਆਂ ਨੇ ਹੀ ਮੈਨੂੰ ਤੋਰੀ ਰੱਖਿਆ ਹੈ। ਹੁਣ ਮੈਨੂੰ ਉਨ੍ਹਾਂ ਦੀਆਂ ਬਖ਼ਸ਼ਿਸ਼ਾਂ ਦਾ ਚੇਤਾ ਵੀ ਭੁੱਲਣ ਲਗ ਪਿਆ ਹੈ। ਕਿੰਨੀਆਂ, ਕਿਹੜੇ ਵਕਤ ਬੀਤੀਆਂ ਸ਼ਾਇਦ ਗਿਣਤੀ ਦਾ ਅਰਥ ਵੀ ਨਹੀਂ ਰਹਿ ਜਾਂਦਾ। ਇਸ ਤਰ੍ਹਾਂ ਵੀ ਆਖਿਆ ਜਾ ਸਕਦਾ ਹੈ ਕਿ ਹੁਣ ਮੇਰੇ ਉੱਤੇ ਬਹੁਤਾ ਅਸਰ ਵੀ ਨਹੀਂ ਹੁੰਦਾ। ਹਰ ਖੇਤਰ ਵਿਚ, ਭਾਵੇਂ ਉਹ ਸਮਾਜਿਕ ਸੀ, ਘਰੇਲੂ ਸੀ, ਦੋਸਤਾਨਾ ਸੀ ਤੇ ਜਾਂ ਫੇਰ ਸਾਹਿਤਕ ਪਿੜ, ਮੈਨੂੰ ਚੁਣੌਤੀਆਂ ਦਾ ਸਾਮ੍ਹਣਾ ਕਰਨਾ ਪੈਂਦਾ ਰਿਹਾ ਹੈ ਜਿਨ੍ਹਾਂ ਵਿਚੋਂ ਤਲਖ਼ੀਆਂ ਵੀ ਜਨਮ ਲੈਂਦੀਆਂ ਰਹੀਆਂ ਹਨ।

ਸਾਹਿਤਕ ਪਿੜ ਵਿਚ ਵੀ ਮੈਨੂੰ ਕੁਝ ਥਾਲੀ ਵਿਚ ਪਰੋਸ ਕੇ ਨਹੀਂ ਮਿਲਿਆ। ਮੈਂ ਮਿਹਨਤ ਕੀਤੀ ਹੈ, ਬਹੁਤ ਮਿਹਨਤ। ਰੋਹ ਉਸ ਵੇਲੇ ਆਉਂਦਾ ਸੀ ਜਦੋਂ ਸਾਥੀ ਲੇਖਕ ਇਹ ਆਖ ਦਿੰਦੇ ਸਨ ਕਿ, ਔਰਤਾਂ ਨੂੰ ਤਾਂ ਸੰਪਾਦਕ ਵੈਸੇ ਹੀ ਛਾਪ ਦਿੰਦੇ ਹਨ। ਕਦੀ ਕਿਸੇ ਹੋਰ ਦੇ ਈਰਖ਼ਾਲੂ ਮਨ ਨੇ ਇਹ ਆਖ ਦੇਣਾ ਕਿ 'ਇਕ ਔਰਤ ਹੋਵੇ, ਤੇ ਉਹ ਵੀ ਜਵਾਨ, ਫੇਰ ਛਪੇ ਕਿਉਂ ਨਾ ?' ਇਹ ਸਾਥੀ ਲੇਖਕਾਂ ਜਾਂ ਆਖ ਲਵੋ ਨੌਟੀਗਾਮ ਦਾ ਸਫ਼ਰ ਕਰਦਿਆਂ ਹੋਇਆਂ ਸਾਥੀ ਲੇਖਕ ਤੋਂ ਅਕਸਰ ਮੈਂ ਸੁਣਿਆ ਕਰਦੀ ਸਾਂ। ਉਸ ਵੇਲੇ ਮੈਂ ਇੰਗਲੈਂਡ ਦੇ ਸ਼ਹਿਰ ਨੌਟੀਗਾਮ ਕੰਮ ਕਰਦੀ ਸਾਂ ਅਤੇ ਸਾਥੀ ਲੇਖਕ ਨਾਲ਼ ਸਫ਼ਰ ਤੈਅ ਕਰਿਆ ਕਰਦੀ ਸਾਂ। ਸ਼ਾਇਦ ਉਸ ਵੇਲੇ ਮਨ ਤਲਖ਼ ਹੋ ਕੇ ਰਿੱਝਦਾ ਵੀ ਸੀ, ਕਿ ਮਰਦ ਲੇਖਕਾਂ ਦਾ ਔਰਤ ਲੇਖਕਾਵਾਂ ਪ੍ਰਤੀ ਇਹ ਵਿਵਹਾਰ ਕਿਉਂ ?

1987 ਵਿਚ ਮੈਂ ਕੈਨੇਡਾ ਆ ਗਈ। ਇੱਥੇ ਆ ਕੇ ਨਵਾਂ ਦਾਇਰਾ ਬੰਨਣ ਵਾਸਤੇ ਵਕਤ ਲੱਗਾ।

1993 ਵਿਚ 'ਆਰ-ਪਾਰ' ਨਾਂ ਦਾ ਪਰਚਾ ਮੈਂ ਸ਼ੁਰੂ ਕੀਤਾ। ਕਈ ਵਰ੍ਹਿਆਂ ਤੋਂ ਇਸਨੂੰ ਉਲੀਕ ਰਹੀ ਸਾਂ। ਪਰ ਜ਼ਿੰਦਗੀ ਵਿਚ ਐਸੀ ਹਵਾ ਚੱਲੀ ਜਿਸ ਕਾਰਨ ਮੈਨੂੰ ਕੰਮ ਛੱਡਣਾ ਪਿਆ।



ਉਸ ਵੇਲੇ ਸੋਚਿਆ ਸੀ ਕਿ ਹੁਣ ਪਰਚਾ ਸ਼ੁਰੂ ਕਰਨ ਦਾ ਸਹੀ ਮੌਕਾ ਹੈ। ਮੇਰੇ ਕੋਲ ਵਕਤ ਵੀ ਹੈ ਅਤੇ ਅੰਦਰ ਪਰਚੇ ਨੂੰ ਚਲਾਉਣ ਦੀ ਖਿੱਚ ਵੀ। ਕੈਨੇਡਾ ਵਿਚ ਮੈਂ ਪਹਿਲੀ ਪੰਜਾਬੀ ਔਰਤ ਸਾਂ ਜਿਸ ਨੇ ਸਾਹਿਤਕ ਮੈਗਜ਼ੀਨ ਕੱਢਣ ਦੀ ਹਿੰਮਤ ਕੀਤੀ ਸੀ। ਮੈਂ ਨਵੇਂ ਉੱਠ ਰਹੇ ਸਾਹਿਤਕਾਰਾਂ ਨੂੰ ਨਾਲ਼ ਲਿਆ, ਪੁਰਾਣੇ ਸਾਹਿਤਕਾਰਾਂ ਦਾ ਥਾਪੜਾ ਵੀ ਲਿਆ ਅਤੇ ਪਰਚਾ ਚਾਲੂ ਕਰ ਦਿੱਤਾ। ਜਿਸ ਤਰ੍ਹਾਂ ਅਸੀਂ ਸਾਰੇ ਜਾਣਦੇ ਹਾਂ ਕਿ ਇਸ ਖੇਤਰ ਵਿਚ ਦੂਜਿਆਂ ਦੀਆਂ ਅੱਖਾਂ ਵਿਚ ਰੜਕਣਾ ਵੱਡੀ ਗੱਲ ਨਹੀਂ ਹੈ। ਇਸ ਤਰ੍ਹਾਂ ਸ਼ਾਇਦ ਮੈਂ ਵੀ ਰੜਕਣ ਲਗ ਪਈ ਸਾਂ। ਜਿਉਂ ਪਰਚੇ ਦੀ ਪ੍ਰਸਿੱਧੀ ਵੱਧ ਰਹੀ ਸੀ, ਤਿਉਂ ਮੈਨੂੰ ਧਮਕੀਆਂ ਵੀ ਮਿਲਣ ਲੱਗੀਆਂ। ਕਈ ਚਿੱਠੀਆਂ ਧਮਕੀਆਂ ਦੀਆਂ ਆ ਰਹੀਆਂ ਸਨ। ਕਈ ਹੋਰ ਲੇਖਕ ਪਰਚੇ ਨਾਲ਼ ਜੁੜ ਕੇ ਵੀ, ਮੈਨੂੰ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕਰ ਰਹੇ ਸਨ।

ਕੋਈ ਆਖੇ, "ਇਹ ਤੇਰੇ ਵੱਸ ਦਾ ਰੋਗ ਨਹੀਂ ਹੈ। ਤੂੰ ਘਰ ਬੈਠ ਕੇ ਰੋਟੀਆਂ ਪਕਾ।"

ਕੋਈ ਆਖੇ, "ਚੱਲੀ ਐ ਮਰਦਾਂ ਦਾ ਮੁਕਾਬਲਾ ਕਰਨ। ਦੇਖਦੇ ਹਾਂ ਕਿੰਨਾ ਕੁ ਚਿਰ ਪਰਚਾ ਚਾਲੂ ਰੱਖਦੀ ਐਂ।"

ਇਕ ਵੇਰ ਮੇਰੇ ਪਤੀ ਨੂੰ ਕਿਸੇ ਨੇ ਸੜਕ ਵਿਚ ਘੇਰ ਲਿਆ ਅਤੇ ਬੁਰਾ ਭਲਾ ਵੀ ਆਖਣ ਲੱਗਾ। ਇਹ ਮਸਲਾ ਗੁਰੂਦੁਆਰੇ ਨਾਲ਼ ਸੰਬੰਧਿਤ, ਜਿਹੜਾ ਮੈਂ ਉਠਾਇਆ ਸੀ। ਸ਼ਾਇਦ ਗੁਰੂਦੁਆਰੇ ਦਾ ਹੀ ਕੋਈ ਕਰਤਾ-ਧਰਤਾ ਸੀ ਉਹ, ਜੋ ਕਹਿਣ ਲੱਗਾ, "ਤੁਹਾਡੇ ਕੋਲੋਂ ਉਸਨੂੰ ਬੰਦ ਨਹੀਂ ਕਰਵਾ ਹੁੰਦਾ। ਐਵੇਂ ਐਡੀਟੋਰੀਅਲਾਂ ਵਿਚ ਸਾਡੇ ਬਾਰੇ ਊਟ-ਪਟਾਂਗ ਲਿਖਦੀ ਰਹਿੰਦੀ ਐ।"

ਇਸ ਤਰ੍ਹਾਂ ਦੇ ਵੇਲਿਆਂ 'ਚ ਰੋਹ ਵੀ ਮਨ ਵਿਚ ਆਉਂਦਾ ਸੀ। ਬਹੁਤ ਕੁਝ ਸੁਣਿਆ, ਪਰ ਮੈਂ ਆਪਣੀ ਚਾਲੇ ਤੁਰਦੀ ਰਹੀ ਅਤੇ 'ਆਰ-ਪਾਰ' ਦਾ ਇਤਿਹਾਸ ਸਭ ਦੇ ਸਾਮ੍ਹਣੇ ਹੈ। ਪਰਚੇ ਨੇ ਆਪਣੀ ਹੋਂਦ ਕਾਇਮ ਕਰ ਲਈ ਸੀ ਅਤੇ ਪੂਰੇ ਦਸ ਸਾਲ ਮਟਕ ਨਾਲ਼ ਚਲਦਾ ਰਿਹਾ। ਜਦੋਂ ਬੰਦ ਵੀ ਕੀਤਾ ਤਾਂ ਸਾਡੀ ਆਪਣੀ ਘਰੇਲੂ ਸਮੱਸਿਆ ਸੀ। ਪਰ ਇਹ ਤਲਖ਼ੀ ਮਨ ਵਿਚ ਜ਼ਰੂਰ ਰਹਿੰਦੀ ਹੈ ਕਿ ਅਸੀਂ ਕਿਉਂ ਦੂਜੇ ਨੂੰ ਡੇਗ ਕੇ ਹੀ ਰਾਜ਼ੀ ਹਾਂ। ਉਹ ਵੀ ਨਾਲ਼ ਦੇ ਸਾਹਿਤਕਾਰ ਹੀ ਜਿਨ੍ਹਾਂ ਵਾਸਤੇ ਇਸ ਤਰ੍ਹਾਂ ਦੇ ਉੱਦਮ ਕੀਤੇ ਜਾਂਦੇ ਹਨ। ਦੋਸਤ ਬਣ ਕੇ ਦੁਸ਼ਮਣੀਆਂ ਨਿਭਾਉਂਦੇ ਹਨ।

ਜਦੋਂ ਮੈਂ 'ਪ੍ਰਛਾਈਆਂ ਦੇ ਓਹਲੇ ਪਰਕਰਮਾਂ' ਕਿਤਾਬ ਲਿਖੀ, ਜੋ ਕਿ ਮੇਰੀਆਂ ਤਲਖ਼ ਹਕੀਕਤਾਂ ਦਾ ਬਿਆਨ ਹੈ, ਮੈਂ ਉਸਦੇ ਪਹਿਲੇ ਸਫ਼ੇ ਉੱਤੇ ਲਿਖਿਆ ਸੀ,

"ਜੋ ਮੈਂ ਹਾਂ, ਉਹ ਮੈਂ ਦਿਸਦੀ ਨਹੀਂ,
ਜੋ ਦਿਸਦੀ ਹਾਂ, ਉਹ ਮੈਂ ਹਾਂ ਨਹੀਂ।"

ਇਹ ਗੱਲ ਮੇਰੇ ਉੱਤੇ ਠੀਕ ਢੁੱਕਦੀ ਹੈ। ਜਦੋਂ ਵੀ ਮੈਂ ਕਿਸੇ ਤਲਖ਼ ਤਜ਼ਰਬੇ ਵਿੱਚੀਂ ਨਿਕਲਦੀ ਹਾਂ ਉਸ ਵੇਲੇ, ਮੈਨੂੰ ਖ਼ੁਦ ਨੂੰ ਇਹ ਸਤਰਾਂ ਯਾਦ ਆਉਂਦੀਆਂ ਹਨ। ਚਾਹੇ ਉਹ ਬਚਪਨ ਵਿਚ ਵਾਪਰਿਆ ਹਾਦਸਾ ਹੋਵੇ, ਅਗਨ ਵਰੇਸ ਵਿਚ ਵਾਪਰੀ ਕੋਈ ਘਟਨਾ, ਜਾਂ ਜ਼ਿੰਦਗੀ ਦੀਆਂ ਉਧੇੜ ਬੁਣ ਵਿਚ ਉਲਝੀਆਂ ਹੋਈਆਂ ਤੰਦੋਤਾਣੀਆਂ ਹੋਣ। ਉਨ੍ਹਾਂ ਤੰਦੋਤਾਣੀਆਂ ਵਿਚ ਮੇਰਾ ਸਾਹਿਤਕ ਖੇਤਰ ਵੀ ਮੇਰੀਆਂ ਤਲਖ਼ੀਆਂ ਵਿਚ ਸ਼ਾਮਿਲ ਰਿਹਾ ਹੈ। ਖਾਸ ਤੌਰ 'ਤੇ ਕੈਨੇਡਾ ਵਿਚ, ਕਈ ਐਸੇ ਸਾਹਿਤਕਾਰ ਹਨ ਜਿਨ੍ਹਾਂ ਨੂੰ 'ਆਰ-ਪਾਰ' ਨੇ ਪ੍ਰਸਿੱਧੀ ਦੁਆਈ। ਉਨ੍ਹਾਂ ਦਾ ਨਾਂ ਬਣਾਇਆ। ਪਰ ਉਨ੍ਹਾਂ ਸਾਹਿਤਕਾਰਾਂ ਦੇ ਅੰਦਰ ਔਰਤ ਪ੍ਰਤੀ ਐਨੀ ਨਫ਼ਰਤ ਹੈ, ਜਿਸਦਾ ਸ਼ਿਕਾਰ ਮੈਂ ਖ਼ੁਦ ਵੀ ਹੁੰਦੀ ਰਹੀ ਹਾਂ। ਉਹ ਪੈਰ-ਪੈਰ 'ਤੇ ਮੈਨੂੰ ਢਾਅ ਲਾਉਣ ਦੀ ਕੋਸ਼ਿਸ਼ ਕਰਦੇ ਰਹੇ ਹਨ। ਉਨ੍ਹਾਂ ਦੀ ਕੋਸ਼ਿਸ਼ ਫੇਰ ਵੀ ਜਾਰੀ ਹੈ।

ਇਸ ਤਰ੍ਹਾਂ ਕਈ ਨਾਮਵਰ ਸਾਹਿਤਕਾਰ ਜਿਹੜੇ ਆਪਣੀ ਪੁਰਾਣੀ ਮਾਨਸਿਕਤਾ ਨੂੰ ਜੱਫਾ ਪਾਈ ਹੈਂਕੜਬਾਜ਼ੀ ਦੇ ਜ਼ੋਰ ਤੇ, ਆਪਣੀ ਈਗੋ ਨੂੰ ਬੁਲੰਦ ਰੱਖਣਾ ਚਾਹੁੰਦੇ ਹਨ, ਉਨ੍ਹਾਂ ਦੀਆਂ ਅੱਖਾਂ ਵਿਚ ਵੀ ਮੈਂ ਬਹੁਤ ਬੁਰੀ ਤਰ੍ਹਾਂ ਰੜਕਦੀ ਹਾਂ। ਉਹ ਮੈਨੂੰ ਡੇਗਣ ਦੀ ਹੀ ਨਹੀਂ, ਜ਼ਲੀਲ ਕਰਨ ਦੀ ਹੱਦ ਤਕ ਕੋਸ਼ਿਸ਼ ਕਰਦੇ ਹਨ। ਅਕਸਰ ਹਰ ਇਨਸਾਨ ਵਿਚ ਇਹ ਕਮਜ਼ੋਰੀਆਂ ਹੁੰਦੀਆਂ ਹਨ ਕਿ ਉਹ ਦੂਜੇ ਨੂੰ ਅੱਗੇ ਨਹੀਂ ਵੱਧਣ ਦੇਣਾ ਚਾਹੁੰਦਾ। ਹਮੇਸ਼ਾਂ ਉਹ ਦੂਜੇ ਨੂੰ ਡਿੱਗਿਆ ਦੇਖਣਾ ਚਾਹੁੰਦਾ ਹੈ। ਅਸਲ ਵਿਚ ਡਰ ਉਸਨੂੰ ਆਪਣਾ ਹੁੰਦਾ ਹੈ ਕਿ ਉਸਦੀ ਆਪਣੀ ਪ੍ਰਸਿੱਧੀ ਨੂੰ ਕੋਈ ਫ਼ਰਕ ਨਾ ਪੈ ਜਾਵੇ। ਬੱਸ ਇਸੇ ਤਰ੍ਹਾਂ ਮੇਰੇ ਨਾਲ਼ ਵੀ ਧੱਕਾ ਹੁੰਦਾ ਰਿਹਾ ਹੈ, ਅਤੇ ਹੋ ਰਿਹਾ ਹੈ। ਮੈਂ ਕਿਸੇ ਨੂੰ ਉੱਤਰ ਦੇਣ ਨਾਲ਼ੋਂ ਆਪਣੇ ਕੰਮ ਵਿਚ ਧਿਆਨ ਦੇਣਾ ਵੱਧ ਠੀਕ ਸਮਝਦੀ ਹਾਂ। ਭਾਵੇਂ ਮਨ ਤਲਖ਼ ਹੋ ਜਾਂਦਾ ਹੈ ਪਰ ਮੈਂ ਇਸ ਤਰ੍ਹਾਂ ਦੇ ਲੋਕਾਂ ਨੂੰ ਕੋਈ ਤਸੱਲੀ ਦੇਣਾ ਹੀ ਨਹੀਂ ਚਾਹੁੰਦੀ।

ਪੰਨਾ ਨੰ: 39 ਦਾ ਬਾਕੀ

ਮਾਹਰਾਂ ਨੇ ਇੰਟਰਵਿਊ ਸਮੇਂ ਵੀ ਮੇਰੀ ਤਾਰੀਫ ਕੀਤੀ ਪਰ ਵਾਈਸ ਚਾਂਸਲਰ ਨੇ ਅੜਿੱਕਾ ਡਾਹ ਦਿੱਤਾ। ਅਖੇ ਇਸਨੇ ਪ੍ਰਫਾਰਮੇ ਠੀਕ ਨਹੀਂ ਭਰੇ। ਵਿਸ਼ਾ ਮਾਹਰਾਂ ਦੇ ਜ਼ੋਰ ਦੇਣ 'ਤੇ ਵੀ ਉਹ ਅੜ ਗਿਆ। ਕਹੇ, 'ਮੈਂ ਨਿਰਾਲੇ ਦੀਆਂ ਪ੍ਰਾਪਤੀਆਂ ਨੂੰ ਜਾਣਦਾ ਹਾਂ, ਪਰ ਇਸਨੂੰ ਇਕ ਵਾਰ ਫੇਰ ਥਾਪਰ ਹਾਲ ਦੀਆਂ ਪੌੜੀਆਂ ਜ਼ਰੂਰ ਚੜ੍ਹਾਉਣੈ।' ਅਤੇ ਮੇਰਾ ਕੇਸ 'ਪੈਡਿੰਗ' ਕਰ ਦਿੱਤਾ। ਮੇਰੀ ਇਹ ਪ੍ਰੋਮੋਸ਼ਨ ਮੇਰੇ ਸੇਵਾ-ਮੁਕਤ ਹੋਣ ਤੋਂ ਤਿੰਨ ਮਹੀਨਿਆਂ ਬਾਅਦ ਹੋਈ, ਭਾਵੇਂ ਕਿ ਉਸੇ ਡੇਟ ਤੋਂ ਕਰ ਦਿੱਤੀ ਗਈ ਜਿਸ ਡੇਟ ਤੋਂ ਹੋਣੀ ਸੀ। ਇਸ ਤਰ੍ਹਾਂ ਬੰਦਿਆਂ ਨੇ ਮੇਰੀਆਂ ਤਲਖ਼ੀਆਂ ਵਿਚ ਵਾਧਾ ਹੀ ਕੀਤਾ, ਪਰ ਕੁਦਰਤ ਨੇ ਹਮੇਸ਼ਾ ਮੇਰਾ ਸਾਥ ਦਿੱਤਾ। ਸੇਵਾ-ਮੁਕਤ ਹੋਣ ਤੋਂ ਪਹਿਲਾਂ ਹੀ ਪ੍ਰੋ. ਗੁਰਭਜਨ ਗਿੱਲ ਦੇ ਜਤਨਾਂ ਨਾਲ ਮੈਂ ਰਾਜੌਰੀ ਵਿਖੇ ਪ੍ਰਿੰਸੀਪਲ ਵਜੋਂ ਨਿਯੁਕਤ ਹੋ ਗਿਆ ਸਾਂ। ਏਦਾਂ ਮੈਂ ਇਕ ਦਿਨ ਵੀ ਵਿਹਲਾ ਨਹੀਂ ਰਿਹਾ। ਹੁਣ ਹਾਲਤ ਇਹ ਹੈ ਕਿ ਮੈਂ ਤਾਂ ਛੱਡਦਾ ਹਾਂ, ਪਰ ਕੰਬਲ ਨਹੀਂ ਛੱਡਦਾ। ਮੈਨੂੰ ਰਾਜੌਰੀ ਰਾਸ ਆ ਗਈ ਹੈ ਜਾਂ ਮੈਂ ਰਾਜੌਰੀ ਦੇ ਰਾਸ ਆ ਗਿਆ ਹਾਂ.....।

ਪੰਨਾ ਨੰ: 45 ਦਾ ਬਾਕੀ

"ਰਾਤ ਨੂੰ ਪਤਾ ਨਹੀਂ ਕੀ ਖਾ ਪੀ ਕੇ ਸੁੱਤਾ ਹੋਵੇਗਾ ਕਿ ਸਵੇਰੇ ਉਠਿਆ ਹੀ ਨਹੀਂ ਗਿਆ ਹੋਣੈ, ਕਹਿੰਦਾ, ਮੈਨੂੰ ਮੈਚ ਦਾ ਟਾਈਮ ਸਮਝਣ ਵਿਚ ਗਲਤੀ ਲੱਗ ਗਈ।"

"ਸਭ ਬਕਵਾਸ ਮਾਰਦੈ... ਭਲਾ ਟਾਈਮ ਸਮਝਣ ਵਿਚ ਤਾਂ ਗਲਤੀ ਲੱਗ ਗਈ ਪਰ ਜਾਣ ਤੋਂ ਪਹਿਲਾਂ ਜਿਹੜੀ ਖੇਡ ਕਿੱਟ ਉਸ ਨੇ ਮੁੰਡੇ ਨੂੰ ਜਾਰੀ ਕੀਤੀ ਗਈ ਸੀ, ਉਸ ਦੀ ਟੋਪੀ ਪੈਂਹਠ ਸਾਲ ਦੇ ਬੁੱਢੇ ਦੇ ਮੇਚ ਆਉਂਦੀ ਹੈ, ਬੂਟ ਬਾਈ ਸਾਲ ਦੇ ਗਭਰੂ ਦੇ ਤੇ ਨੀਕਰ-ਟੀਸ਼ਰਟ ਦਸ ਸਾਲ ਦੇ ਬੱਚੇ ਦੇ... ਚੌਦਾਂ ਸਾਲ ਤੋਂ ਹੇਠਾਂ ਦੇ ਖਿਡਾਰੀ ਲਈ ਕੀ ਸੀ ?"



## ਦੁੰਬੇ !/ਗੁਲਜ਼ਾਰ

**ਅਨੁਵਾਦ : ਮਹਿੰਦਰ ਬੇਦੀ, ਜੈਤੋ**

ਸੁਚੀਤਗੜ੍ਹ, ਇਕ ਛੋਟਾ-ਜਿਹਾ ਪਿੰਡ ਹੈ—ਇਸ ਪਾਸੇ; ਹਿੰਦੁਸਤਾਨ ਵਿਚ। ਸਿਆਲਕੋਟ ਇਕ ਵੱਡੀ ਜਗ੍ਹਾ ਹੈ—ਉਸ ਪਾਸੇ; ਪਾਕਿਸਤਾਨ ਵਿਚ।

ਕੈਪਟਨ ਸ਼ਾਹੀਨ, ਇਕ ਹੈਂਡਸਮ ਰਿਟਾਇਰਡ ਫ਼ੌਜੀ ਨੇ—ਨਿਊਯਾਰਕ ਵਿਚ। 'ਕਸ਼ਮੀਰ' ਨਾਂ ਦਾ ਇਕ ਰੈਸਟੋਰੈਂਟ ਚਲਾਉਂਦੇ ਨੇ। ਉਹਨਾਂ ਦੇ ਦਫ਼ਤਰ ਦੀ ਸ਼ਕਲ ਮੁਹਾਜ਼ ਦੇ ਕਿਸੇ 'ਬੰਕਰ' ਵਰਗੀ ਲੱਗਦੀ ਹੈ। ਛੱਤ 'ਤੇ ਵੀ ਪਲਾਸਟਿਕ ਦੀਆਂ ਹਰੀਆਂ ਪੱਤੀਆਂ ਦੀ ਬਣਵਾਈ ਹੋਈ ਜਾਲੀ ਲਾ ਰੱਖੀ ਹੈ। ਇਕ ਪਾਸੇ ਬਹੁਤ ਸਾਰੀਆਂ ਟੋਪੀਆਂ ਟੰਗੀਆਂ ਹੋਈਆਂ ਨੇ—ਫ਼ੌਜੀ ਬੂਟ ਰੱਖੇ ਨੇ ਤੇ ਇਕ ਵਰਦੀ ਵੀ ਟੰਗੀ ਹੋਈ ਹੈ।

ਅਮਜਦ ਇਸਲਾਮ 'ਅਮਜਦ' ਨੇ ਦੁਪਹਿਰ ਦੇ ਖਾਣੇ ਦਾ ਸੱਦਾ ਦਿੱਤਾ ਸੀ...ਤੇ ਵਕੀਲ ਅੰਸਾਰੀ ਆ ਕੇ ਮੈਨੂੰ ਉੱਥੇ ਲੈ ਗਏ ਸਨ। ਉਹ ਉਸ ਪਾਸੇ ਦੇ ਨੇ, ਪਰ ਇਸ ਪਾਸੇ ਦੀਆਂ ਸਾਰੀਆਂ ਉਰਦੂ ਹਸਤੀਆਂ ਤੇ ਲੇਖਕਾਂ-ਸ਼ਾਇਰਾਂ ਨੂੰ ਆਪਣੇ ਉੱਥੇ ਆਉਣ ਦਾ ਸੱਦਾ ਤੇ ਆਪਣੇ ਉਰਦੂ ਦੇ ਸ਼ੌਕ ਨੂੰ ਥਾਪੜਾ ਦੇਂਦੇ ਰਹਿੰਦੇ ਨੇ।

'ਜਸ਼ਨੇ ਗੋਪੀ ਚੰਦ ਨਾਰੰਗ', ਅਮਰੀਕਾ ਵਿਚ ਕਈ ਜਗ੍ਹਾ ਮਨਾ ਚੁੱਕੇ ਨੇ। ਆਪਣਾ ਇਕ ਹੋਟਲ ਹੈ, ਉਹਨਾਂ ਦਾ। ਉਹੀ ਰੋਜ਼ਗਾਰ ਦਾ ਜ਼ਰੀਆ ਹੈ। ਸਰਦਾਰ ਜਾਫ਼ਰੀ, ਇਸ ਪਾਸੇ ਦੇ, ਤੇ ਅਹਿਮਦ ਫ਼ਰਾਜ਼ ਉਸ ਪਾਸੇ ਦੇ, ਅਕਸਰ ਉਹਨਾਂ ਦੇ ਘਰ ਹੀ ਠਹਿਰਦੇ ਨੇ। ਵਕੀਲ ਅੰਸਾਰੀ ਦਾ ਦਿਲ ਲੱਗਾ ਵਾਕ ਹੈ, "ਜ਼ਿੰਦਗੀ ਤਿੱਤਰ-ਬਟੇਰਾ ਬਣ ਕੇ ਰਹਿ ਗਈ ਏ-ਜੀ।" ਜਾਂ ਕਦੀ-ਕਦੀ, "ਅਸੀਂ ਲੋਕ ਤਾਂ ਜੀ, ਤਿੱਤਰ-ਬਟੇਰੇ ਬਣ ਗਏ ਆਂ।" ਬੜੀ ਖਰੀ ਗੱਲ ਹੈ। ਪਹਿਲਾਂ ਕਦੀ ਸੁਣੀ ਜਾਂ ਪੜ੍ਹੀ ਨਹੀਂ—ਨਾ ਇਸ ਪਾਸੇ, ਨਾ ਉਸ ਪਾਸੇ।

ਕੈਪਟਨ ਸ਼ਾਹੀਨ ਦੇ ਰੈਸਟੋਰੈਂਟ ਵਿਚ ਖਾਣਾ ਖਾਂਦਿਆਂ ਹੋਇਆਂ ਅਮਜਦ ਭਾਈ ਨੇ ਕਿਹਾ, "ਨਿਊਯਾਰਕ 'ਚ ਜੇ ਈਸਟਰਨ ਖਾਣਾ, ਖਾਣਾ ਹੋਏ ਤਾਂ ਇਸ ਨਾਲੋਂ ਬਿਹਤਰ ਜਗ੍ਹਾ ਹੋਰ ਕੋਈ ਨਹੀਂ ਮਿਲ ਸਕਦੀ।" ਜਦੋਂ ਹਿੰਦੁਸਤਾਨੀ ਖਾਣਾ ਕਹਿਣਾ ਹੋਏ ਜਾਂ ਪਾਕਿਸਤਾਨੀ ਤਾਂ ਅਮਜਦ ਭਾਈ ਬੜੀ ਸੋਚ-ਵਿਚਾਰ ਤੋਂ ਕੰਮ ਲੈਂਦੇ ਨੇ ਤੇ ਉਸਨੂੰ ਪੰਜਾਬੀ ਵੀ ਨਹੀਂ—'ਈਸਟਰਨ' ਕਹਿੰਦੇ ਨੇ। ਤੇ ਕਸ਼ਮੀਰ ਦਾ ਤਾਂ ਨਾਂਅ ਵੀ ਨਹੀਂ ਲੈਂਦੇ।

ਪਰ ਕੈਪਟਨ ਸ਼ਾਹੀਨ, ਫ਼ੌਜੀਆਂ ਵਾਂਗ ਹੀ ਬੜੇ ਦਿਲਦਾਰ ਆਦਮੀ ਨੇ। ਹੱਸ ਕੇ ਕਹਿੰਦੇ ਨੇ, "ਓ-ਜੀ ਕਸ਼ਮੀਰ 'ਤੇ ਤਾਂ ਦੋਵੇਂ ਈ ਆਪਣਾ ਹੱਕ ਸਮਝਦੇ ਨੇ-ਜੀ—ਇਸ ਲਈ ਸਾਡਾ ਰੈਸਟੋਰੈਂਟ ਬੜਾ ਅੱਛਾ ਚੱਲ ਰਿਹਾ ਏ।"

ਫ਼ੌਜ ਵਿਚੋਂ ਕਿਸੇ ਗੱਲ 'ਤੇ ਨਾਰਾਜ਼ ਹੋ ਕੇ ਅਸਤੀਫਾ ਦੇ ਦਿੱਤਾ ਸੀ। ਪਰ ਫ਼ੌਜੀ ਹੋਣ ਦਾ ਮਾਣ ਹੁਣ ਵੀ ਓਵੇਂ ਦੀ ਜਿਵੇਂ ਹੈ। ਕਹਿੰਦੇ ਨੇ, "ਇਕ ਮਹੀਨਾ ਹੋਰ ਠਹਿਰ ਜਾਂਦਾ ਤਾਂ 'ਮੇਜਰ' ਬਣ ਕੇ ਰਿਟਾਇਰਡ ਹੁੰਦਾ, ਪਰ ਜੀ ਆਪਾਂ-ਨੂੰ ਨਾਂਅ ਦੇ ਨਾਲ ਕੈਪਟਨ ਅਖਵਾਉਣਾ ਵਧੇਰੇ ਚੰਗਾ ਲੱਗਦਾ ਸੀ।"

ਸੰਨ 1971 ਦੀ ਜੰਗ ਵਿਚ ਹਿੱਸਾ ਲਿਆ ਸੀ ਤੇ ਦੱਸ ਰਹੇ ਸਨ ਕਿ ਉਸ ਜੰਗ ਵਿਚ 'ਸਾਰਾ ਐਕਸ਼ਨ ਬੰਗਾਲ ਵੱਲ ਈ ਹੋਇਆ ਸੀ। ਪੰਜਾਬ ਵੱਲ ਛੋਟੀਆਂ-ਮੋਟੀਆਂ ਝੜਪਾਂ ਹੋਈਆਂ।' ਤੇ ਓਦੋਂ ਉਹ 'ਸਿਆਲਕੋਟ ਸੈਕਸ਼ਨ' ਦੇ ਇਕ ਮੋਰਚੇ ਉੱਤੇ ਇਕ ਐਕਸ਼ਨ ਵਿਚ ਸ਼ਾਮਲ ਸਨ।

ਹੁਣ ਹਲਕੀ ਜਿਹੀ ਦਾੜ੍ਹੀ ਰੱਖ ਲਈ ਹੈ ਤੇ ਗੱਲ ਕਰਦੇ ਹੋਏ ਮੁੱਛਾਂ ਉੱਤੇ ਵਾਰ-ਵਾਰ

ਹੱਥ ਫੇਰਦੇ ਰਹਿੰਦੇ ਨੇ। ਮੈਂ ਪੁੱਛਿਆ ਸੀ ਕਿ 'ਉਹ ਕਿਹੜਾ ਜਜ਼ਬਾ ਹੁੰਦਾ ਏ, ਜਿਹੜਾ ਆਦਮੀ ਨੂੰ ਸੋਲਜਰ ਬਣਾਉਂਦਾ ਏ ?'

"ਉਹ ਜੀ ਜਿਹੜੀ ਇਕ ਠੁੱਕ ਵਾਲੀ ਗੱਲ ਹੁੰਦੀ ਏ—ਵਰਦੀ ਦੀ ਸ਼ਾਨ, ਤੇ ਰੁਤਬੇ ਦੀ ਟੋਪੀ, ਇਕ ਸ਼ਖ਼ਸੀਅਤ ਬਣਾ ਦੇਂਦੀ ਏ ਆਦਮੀ ਨੂੰ ਜੀ।...ਤੇ ਉਸ ਤੋਂ ਇਲਾਵਾ ਮਰਨ-ਮਾਰਨ ਦੀ ਕੋਈ ਤਮੰਨਾ ਨਹੀਂ ਹੁੰਦੀ।" ਤੇ ਫੇਰ ਖ਼ੁਦ ਹੀ ਹੱਸ ਪਏ, "ਸਾਡੀ ਲੜਾਈ ਵੀ ਕੋਈ ਲੜਾਈ ਹੁੰਦੀ ਏ ? ਹਿੰਦੁਸਤਾਨ, ਪਾਕਿਸਤਾਨ ਦੀ ਲੜਾਈ! ਐਵਈਂ ਸਕੂਲ ਦੇ ਬੱਚਿਆਂ ਵਾਂਗ ਲੜਦੇ ਰਹਿੰਦੇ ਨੇ। ਇਸਦੀ ਬਾਂਹ ਮਰੋੜ, ਉਸਦੇ ਗੋਡਾ ਮਾਰ; ਇਸਦੀ ਸਲੇਟੀ ਖੋਹ, ਉਸਦੀ ਫੱਟੀ ਤੋੜ; ਕਦੀ ਨਿੱਭ ਚੁਭੋ ਦਿੱਤੀ, ਕਦੀ ਚੋਭਾ ਲੈ ਲਿਆ ਜੀ; ਸਿਆਹੀ ਡੋਲ੍ਹ ਦਿੱਤੀ ਜੀ। ਯਾਦ ਏ ਸਕੂਲ ਵਿਚ ਹੁੰਦੇ ਸਾਂ ਤਾਂ ਦੁੰਬਿਆਂ ਦੀ ਲੜਾਈ ਵੇਖਣ ਜਾਂਦੇ ਹੁੰਦੇ ਸਾਂ। ਤੁਸੀਂ ਵੀ ਜਾਂਦੇ ਹੋਵੋਗੇ!"

ਉਹ ਬੜੇ 'ਡਾਊਨ ਟੂ ਅਰਥ' ਇਨਸਾਨ ਲੱਗੇ। ਲਹਿਜੇ ਵਿਚ ਕਮਾਲ ਦੀ ਈਮਾਨਦਾਰੀ ਸੀ। ਮੈਂ ਕੁਝ ਪੁੱਛਿਆ ਜਿਸ ਦੇ ਜਵਾਬ 'ਚ ਕਹਿਣ ਲੱਗੇ, "ਫ਼ੌਜੀ ਨੂੰ ਵੀ ਪਹਿਲੋਂ-ਪਹਿਲ ਡਰ ਜ਼ਰੂਰ ਲੱਗਦਾ ਏ। ਪਰ ਤਿੰਨ ਚਾਰ ਗੋਲੀਆਂ ਚਲਾ ਲੈਣ ਪਿੱਛੋਂ ਖ਼ੁਸ਼ਬੂ ਉਡਦੀ ਏ। ਫਰੰਟ 'ਤੇ ਗੋਲੀਆਂ ਚਲਾਉਂਦਿਆਂ ਹੋਇਆਂ ਉਸੇ ਦਾ ਨਸ਼ਾ ਹੋ ਜਾਂਦਾ ਏ। ਥੋੜ੍ਹੀ ਦੇਰ ਗੋਲੀਆਂ ਨਾ ਚੱਲਣ ਤਾਂ ਕਦੀ-ਕਦੀ ਨਸ਼ਾ ਟੁੱਟਣ ਵੀ ਲੱਗ ਪੈਂਦਾ ਏ। ਕਿਸੇ ਦੇ ਲੱਗਣੀ-ਲਗਾਉਣੀ ਜ਼ਰੂਰੀ ਨਹੀਂ ਹੁੰਦੀ!" ਫੇਰ ਬੋਲੇ, "ਆਦਮੀ ਖ਼ੌਫ਼ ਦਾ ਸਿਆਣੂ ਹੋ ਜਾਵੇ ਤਾਂ ਖ਼ੌਫ਼ ਨਹੀਂ ਰਹਿੰਦਾ।"

ਮੈਨੂੰ ਲੱਗਿਆ ਜਿਵੇਂ ਕਹਿ ਰਹੇ ਸਨ—ਫਰੰਟ 'ਤੇ ਮੌਤ ਦੇ ਸਿਆਣੂ ਹੋ ਜਾਣ ਵਾਲੀ ਗੱਲ ਹੈ—ਆ ਜਾਏਗੀ, ਜਦੋਂ ਆਉਣਾ ਹੋਏਗਾ।

ਉਹ ਦੱਸ ਰਹੇ ਸਨ, "ਸ਼ੁਰੂ-ਸ਼ੁਰੂ ਵਿਚ ਜਦੋਂ ਟਰੇਨਿੰਗ ਹੁੰਦੀ ਏ...ਤੇ ਜ਼ਮੀਨ 'ਤੇ ਲੇਟ ਕੇ ਘਿਸੜਦਿਆਂ ਦੀਆਂ ਕੁਹਣੀਆਂ-ਗੋਡੇ ਰਗੜੇ ਜਾਂਦੇ ਨੇ, ਤਾਂ ਕਈ ਵਾਰ ਖ਼ਿਆਲ ਆਉਂਦਾ ਏ ਕਿ ਅਹਿ ਨੌਕਰੀ ਜਾਰੀ ਰੱਖੀਏ ਜਾਂ ਛੱਡ ਦੇਈਏ...।"

"...ਪਰ ਜਦੋਂ ਕਿਸੇ ਗ਼ਲਤੀ 'ਤੇ ਆਪਣਾ 'ਬ੍ਰਿਗੇਡਰ' ਤੁਹਾਨੂੰ ਚੀਕ ਕੇ ਖੜ੍ਹਾ ਕਰਦਾ ਏ ਤੇ ਪੁੱਛਦਾ ਏ,'ਕੁੱਥੋਂ ਦਾ ਐਂ ਓਇ ? ਰਤਾ ਜ਼ੋਰ ਨਾਲ ਬੋਲ!' ਤਾਂ ਸਾਹਬ ਯਕੀਨ ਮੰਨਿਓਂ ਆਪਣੇ ਪਿੰਡ, ਜਾਂ ਇਲਾਕੇ ਦਾ ਨਾਂਅ ਮੂੰਹੋਂ ਨਹੀਂ ਨਿਕਲਦਾ।...ਬੜੀ ਸ਼ਰਮਿੰਦਗੀ ਮਹਿਸੂਸ ਹੁੰਦੀ ਏ!"

ਸ਼ਾਇਦ ਇਹੋ ਗੱਲ ਅੱਗੇ ਚੱਲ ਕੇ ਫ਼ੌਜੀ ਲਈ ਆਪਣੇ ਮੁਲਕ ਦੀ ਇੱਜ਼ਤ ਬਣ ਜਾਂਦੀ ਹੈ।

ਕੈਪਟਨ ਸ਼ਾਹੀਨ ਨੇ ਦੱਸਿਆ, "ਸੁਚੀਤਗੜ੍ਹ ਇਕ ਛੋਟਾ ਜਿਹਾ ਪਿੰਡ ਏ, ਉਸ ਪਾਸੇ! ਗਿਣੇ-ਚੁਣੇ ਘਰਾਂ ਦਾ। ਕੁਛ ਤਾਂ ਪਹਿਲਾਂ ਈ ਖਾਲੀ ਹੋ ਚੁੱਕਿਆ ਸੀ ਕਿਉਂਕਿ ਮੁਹਾਜ਼ ਦੇ ਬੜਾ ਲਾਗੇ ਸੀ, ਕੁਛ ਸਾਡੇ ਪਹੁੰਚਣ 'ਤੇ ਖਾਲੀ ਹੋ ਗਿਆ। ਇਕ ਇਕ ਘਰ ਦਾ ਮੁਆਇਨਾ ਕਰ ਲੈਣਾ ਜ਼ਰੂਰੀ ਸੀ। ਕਿਉਂਕਿ ਕੋਈ ਵੀ ਇਲਾਕਾ ਬਿਨਾਂ ਕਿਸੇ ਮੁਕਾਬਲੇ ਦੇ ਫ਼ਤਹਿ ਹੋ ਜਾਵੇ ਤਾਂ ਉਸ ਵਿਚ ਦੁਸ਼ਮਣ ਦੀ ਕਿਸੇ ਚਾਲ ਦਾ ਸ਼ੱਕ ਹੋਣ ਲੱਗਦਾ ਏ।"

ਕੈਪਟਨ ਸ਼ਾਹੀਨ ਦਾ ਕਹਿਣਾ ਇਹ ਵੀ ਸੀ ਕਿ, ਇਸ ਪਾਸੇ ਤੇ ਉਸ ਪਾਸੇ ਦੇ ਲੋਕਾਂ ਤੇ ਫ਼ੌਜੀਆਂ ਦੇ ਮਿਜਾਜ਼ ਵਿਚ ਵੀ ਕਾਫ਼ੀ ਫ਼ਰਕ ਹੈ—"ਹੈ ਉਹੀ ਪੰਜਾਬ, ਪਰ ਇਸ ਪਾਸੇ ਦੇ ਫ਼ੌਜੀ ਵੀ ਤੇ ਲੋਕ ਵੀ ਅਗ੍ਰੇਸਿਵ ਨੇ...ਤੇ ਉਸ ਪਾਸੇ ਦੇ ਲੋਕ ਜ਼ਰਾ ਠੰਢੇ ਸੁਭਾਅ ਦੇ ਨੇ। ਇਸ ਪਾਸੇ ਦੀ ਖੇਤੀਬਾੜੀ ਤੇ ਖ਼ੂਹ, ਸਰਹੱਦ ਦੀ ਲਕੀਰ ਤਕ ਆਉਂਦੇ ਨੇ। ਸਾਡੇ ਇਸ ਪਾਸੇ ਦੇ ਬਾਰਡਰ ਤੋਂ ਦੋ ਤਿੰਨ ਸੌ ਗਜ ਛੱਡ ਕੇ ਚੌਂਕੀਆਂ ਬਣਾਂਦੇ ਨੇ, ਤੇ ਘਰ ਵਸਾਂਦੇ ਨੇ, ਅਜਿਹੀ ਜਗਾਹ 'ਤੇ ਇੰਜ ਵੀ



ਹੁੰਦਾ ਏ ਕਿ ਦੋਵੇਂ ਪਾਸੇ ਪੰਜ-ਪੰਜ ਸੱਤ-ਸੱਤ ਸਿਪਾਹੀਆਂ ਦੇ ਛੋਟੇ-ਛੋਟੇ ਦਸਤੇ ਗਸ਼ਤ ਕਰਦੇ ਰਹਿੰਦੇ ਨੇ। ਤੇ ਅਕਸਰ ਏਨੇ ਨੇੜੇ ਹੁੰਦੇ ਨੇ ਕਿ ਇਕ ਦੂਜੇ ਦਾ ਸਿਗਰਟ ਵੀ ਸੁਲਗਾ ਸਕਦੇ ਨੇ।"

ਇਸ ਪਾਸੇ ਦੇ ਫ਼ੌਜੀ ਅਮੂਮਨ ਪੰਜਾਬੀ ਹੁੰਦੇ ਨੇ ਤੇ ਉਸ ਪਾਸੇ ਅਕਸਰ ਗ਼ੈਰ-ਪੰਜਾਬੀ ਨਜ਼ਰ ਆਉਂਦੇ ਨੇ। ਪਰ ਇਸ ਪਾਸੇ ਵਾਲੇ ਬੁਲਾ ਵੀ ਲੈਂਦੇ ਨੇ। 'ਕਿਉਂ, ਭਾਅ ਕੁੱਥੂੰ ਦਾ ਏਂ ?'

"ਕੋਈ ਮਦਰਾਸੀ ਹੋਏ ਤਾਂ ਅੰਗਰੇਜ਼ੀ 'ਚ ਜਵਾਬ ਦੇਂਦਾ ਏ, ਵਰਨਾ ਆਮ ਤੌਰ 'ਤੇ ਉਰਦੂਨੁਮਾ ਹਿੰਦੀ ਈ ਸੁਣਾਈ ਦੇਂਦੀ ਏ। ਸੁਜੀਤਗੜ੍ਹ ਫ਼ਤਹਿ ਕਰਨ ਪਿੱਛੋਂ ਮੈਂ ਚਾਰ ਪੰਜ ਸਿਪਾਹੀਆਂ ਨੂੰ ਨਾਲ ਲੈ ਕੇ ਘਰਾਂ ਦੀ ਤਲਾਸ਼ੀ ਲੈ ਰਿਹਾ ਸਾਂ ਕਿ ਇਕ ਕੋਠੜੀ ਦਾ ਦਰਵਾਜ਼ਾ ਧਰੀਕਿਆ ਤਾਂ ਸਹਿਮਿਆਂ ਹੋਇਆ ਇਕ ਮੁੰਡਾ ਕੋਨੇ ਵਿਚ ਦੁਬਕਿਆ ਬੈਠਾ ਨਜ਼ਰ ਆਇਆ। ਸਿਪਾਹੀਆਂ ਨੇ ਭੌਂ ਕੇ ਮੈਨੂੰ ਆਵਾਜ਼ ਦਿੱਤੀ, 'ਸਰ ਜੀ!'

"ਮੈਂ ਆਇਆ ਤਾਂ ਅਚਾਨਕ ਹੀ ਉਹ ਮੁੰਡਾ ਉਠਿਆ ਤੇ ਮੇਰੇ ਨਾਲ ਲਿਪਟ ਗਿਆ—ਸਿਪਾਹੀਆਂ ਨੇ ਵੱਖ ਕੀਤਾ ਉਸ ਨੂੰ...ਤੇ ਮੈਨੂੰ ਸਮਝ ਨਹੀਂ ਆਇਆ, ਕੀ ਕਰਾਂ ?"

"ਉਸਦੇ ਮਾਂ-ਬਾਪ ਬਾਰੇ ਪੁੱਛਿਆ ਤਾਂ ਕੋਈ ਜਵਾਬ ਨਹੀਂ ਦੇ ਸਕਿਆ। ਬੜਾ ਡਰਿਆ ਹੋਇਆ ਸੀ। ।ਕੰਬ ਰਿਹਾ ਸੀ। ਮੈਂ ਉਸਨੂੰ ਨੱਠ ਜਾਣ ਲਈ ਵੀ ਕਿਹਾ, ਪਰ ਉਹ ਨਹੀਂ ਗਿਆ, ਮੈਂ ਉਸਨੂੰ ਜੀਪ ਵਿਚ ਬਿਠਾਅ ਕੇ ਪਿਛਲੀ ਚੌਕੀ ਤਕ ਲੈ ਆਇਆ। ਰੋਟੀ-ਸ਼ੋਟੀ ਦਿੱਤੀ ਤੇ ਇਕ ਕੋਨੇ 'ਚ ਬਿਸਤਰਾ ਲਾ ਕੇ ਸੌਂ ਜਾਣ ਲਈ ਕਹਿ ਦਿੱਤਾ। ਜਵਾਨਾਂ ਨੂੰ ਕਹਿ ਦਿੱਤਾ, ਕਿਸੇ ਨਾਲ ਜ਼ਿਕਰ ਨਾ ਕਰਨਾ। ਉਸੂਲਨ ਉਹ ਸਾਡਾ ਪ੍ਰਿਜ਼ਨਰ ਆੱਫ ਵਾੱਰ ਸੀ ਤੇ ਮੇਰਾ ਫ਼ਰਜ਼ ਬਣਦਾ ਸੀ ਕਿ 'ਹੈਡ-ਕਵਾਰਟਰ' 'ਚ ਖ਼ਬਰ ਕਰ ਦਿਆਂ ਤੇ ਦੂਜੇ 'ਪ੍ਰਿਜ਼ਨਰ' ਦੇ ਨਾਲ ਉਸਨੂੰ ਜੇਲ੍ਹ 'ਚ ਡੱਕ ਦਿਆਂ।"

"ਪਤਾ ਨਹੀਂ ਕਿਉਂ ਉਸਦੀਆਂ ਮਾਸੂਮ-ਜਿਹੀਆਂ ਅੱਖਾਂ ਵੇਖ ਕੇ ਜੀਅ ਨਹੀਂ ਕੀਤਾ ਕਿ ਉਹ ਇਸ ਤਰ੍ਹਾਂ ਦੀ ਆਫ਼ਤ 'ਚੋਂ ਲੰਘੇ।"

"ਅਗਲੇ ਦਿਨ ਦਫ਼ਤਰ ਦੇ ਸਮੇਂ ਮੈਂ ਆਪਣੇ ਬਿੱਲੇ-ਸ਼ਿੱਲੇ ਲਾਹ ਕੇ ਉਸੇ ਬਾਰਡਰ ਵਾਲੇ ਪਿੰਡ ਗਸ਼ਤ ਕਰਨ ਚਲਾ ਗਿਆ। ਪਿੰਡ ਤੋਂ ਜ਼ਰਾ ਹਟ ਕੇ ਇਕ ਖੇਤ ਸੀ। ਦੂਰ 'ਟਿਊਬਵੈੱਲ' 'ਤੇ ਇਕ ਬਜ਼ੁਰਗ ਸਰਦਾਰ ਨੂੰ ਮੂੰਹ-ਹੱਥ ਧੋਂਦਿਆਂ ਵੇਖਿਆ ਤਾਂ ਆਵਾਜ਼ ਮਾਰੀ, 'ਸਰਦਾਰ ਜੀ, ਓਇ ਏਧਰ ਆਓ!' ਹੱਥ ਦੇ ਇਸ਼ਾਰੇ ਨਾਲ ਕੋਲ ਬੁਲਾਇਆ ਤਾਂ ਉਹ ਆਪਣੀ ਪੱਗ ਦੇ ਲੜ ਨਾਲ ਮੂੰਹ ਪੂੰਝਦਾ ਹੋਇਆ ਆਇਆ, ਮੈਂ ਪੁੱਛਿਆ, 'ਤੁਸੀਂ ਗਏ ਨਹੀਂ ?'

"ਬੜੀ ਹੈਰਾਨੀ ਨਾਲ ਉਸਨੇ ਪੁੱਛਿਆ, 'ਕਿੱਥੇ ?'

"ਸਾਰੇ ਪਿੰਡ ਛੱਡ ਕੇ ਚਲੇ ਗਏ ਆ। ਤੁਸੀਂ ਕਿਉਂ ਨਹੀਂ ਗਏ ?"

"ਉਸਨੇ ਹੱਥ ਚੁੱਕ ਕੇ ਮਿਹਣਾ ਜਿਹਾ ਮਾਰਿਆ।"

"ਲੈ! ਪਿੰਡ ਤਾਂ ਉਸ ਪਾਸੇ ਛੱਡ ਆਇਆ ਸਾਂ, ਤੇਰੇ ਪਾਸੇ! ਹੁਣ ਖੇਤ ਤੂੰ ਲੈਣ ਆਇਆ ਐਂ ਕਿ ?"

"ਸਰਦਾਰ ਗੁੱਸੇ ਵਿਚ ਲੱਗ ਰਿਹਾ ਸੀ। ਮੈਂ ਠੰਢਾ ਕਰਨ ਦੀ ਕੋਸ਼ਿਸ਼ ਕੀਤੀ ਕਿ, 'ਸੁਚੀਤਗੜ੍ਹ ਤੋਂ ਸੱਤ-ਅੱਠ ਵਰ੍ਹਿਆਂ ਦਾ ਇਕ ਮੁੰਡਾ ਉਸ ਪਾਸੇ ਆ ਗਿਆ ਏ। ਉਸਦੇ ਮਾਂ-ਬਾਪ ਸ਼ਾਇਦ ਪਿੰਡ ਛੱਡ ਕੇ ਚਲੇ ਗਏ ਨੇ।'

"ਫੇਰ ?'

"ਉਸਨੂੰ ਲੈ ਆਵਾਂ ਤਾਂ ਉਸਦੇ ਮਾਂ-ਬਾਪ ਕੋਲ ਪਹੁੰਚਾ ਦਿਓਗੇ ?"

"ਸਰਦਾਰ ਸੋਚੀਂ ਪੈ ਗਿਆ। ਬੜੀ ਦੇਰ ਬਾਅਦ, ਉਸਨੇ ਸਿਰ ਹਿਲਾਇਆ, 'ਠੀਕ ਐ।'

"ਮੈਂ ਕਿਹਾ, 'ਸ਼ਾਮ ਨੂੰ ਪੰਜ ਵਜੇ ਆ ਜਾਣਾ। ਮੈਂ ਲੈ ਕੇ ਆਵਾਂਗਾ ਉਸਨੂੰ।"

ਕੈਪਟਨ ਸ਼ਾਹੀਨ ਨੇ ਕਿਹਾ, "ਪੀਲੇ ਪੀਲੇ ਦੰਦਾਂ ਦੀ ਅਜਿਹੀ ਹਾਸੀ ਮੈਂ ਪਹਿਲਾਂ ਕਦੀ ਨਹੀਂ ਸੀ ਦੇਖੀ।" ਸਰਦਾਰ ਨੇ ਹੱਸ ਕੇ ਕਿਹਾ, 'ਉਸਨੂੰ ਛੱਡ ਦੇ ਮੈਨੂੰ ਲੈ ਚੱਲ। ਮੇਰਾ ਪਿੰਡ ਉਸ ਪਾਸੇ ਆ। ਸਿਆਲਕੋਟ ਤੋਂ ਅੱਗੇ। ਛਜਰਾ!' ਤੇ ਝੂੰਮਦਾ ਹੋਇਆ ਵਾਪਸ ਚਲਾ ਗਿਆ। ਪਿੰਡ ਦੇ ਨਾਂਅ 'ਤੇ ਹੀ ਮਸਤ ਹੋ ਗਿਆ ਜਾਪਦਾ ਸੀ।"

"ਉਸ ਸ਼ਾਮ ਮੈਂ ਜਾ ਨਹੀਂ ਸੀ ਸਕਿਆ। ਸਾਡਾ ਕਮਾਂਡਰ ਦੌਰੇ 'ਤੇ ਆ ਗਿਆ ਸੀ ਤੇ ਉਸ ਮੁੰਡੇ ਨੂੰ ਲਕੋਅ ਕੇ ਰੱਖਣ ਕਰਕੇ, ਸਮਝੋ, ਬੱਸ, ਜਾਨ ਹੀ ਨਿਕਲ ਗਈ ਸੀ ਸਾਡੀ। ਖੁਆ-ਪਿਆ ਕੇ ਉਸਨੂੰ ਕੰਟ੍ਰੋਲ-ਰੂਮ ਦੀ ਪਰਛੱਤੀ 'ਤੇ ਲਕੋਅ ਰੱਖਿਆ ਸੀ। ਕਾਹਲ ਨਾਲ ਕੱਢਿਆ ਤੇ ਪਿੱਛੇ ਟੱਟੀ ਵਿਚ ਲੁਕਾਅ ਦਿੱਤਾ। ਕੰਮਾਂਡਰ ਜਦੋਂ ਕੰਟਰੋਲ-ਰੂਮ 'ਚ ਆਇਆ ਤਾਂ ਉੱਥੋਂ ਕੱਢ ਕੇ ਸਟੋਰ ਰੂਮ ਦੀਆਂ ਬੋਰੀਆਂ ਪਿੱਛੇ ਲੁਕਾਅ ਦਿੱਤਾ। ਸਾਰਿਆਂ ਦੀ ਜਾਨ 'ਤੇ ਬਣੀ ਹੋਈ ਸੀ, ਕਿਉਂਕਿ ਕਾਨੂੰਨਨ ਇਹ ਸਰਾਸਰ ਜੁਰਮ ਸੀ ਤੇ ਪਤਾ ਲੱਗ ਜਾਣ 'ਤੇ ਸਾਡੇ ਵਿਚੋਂ ਕਈ ਅਫ਼ਸਰ ਸਸਪੈਂਡ ਕੀਤੇ ਜਾ ਸਕਦੇ ਸੀ। ਇਕ ਵਾਰੀ ਤਾਂ ਜੀਅ ਚਾਹਿਆ ਦੋ ਸਿਪਾਹੀਆਂ ਨੂੰ ਕਹਾਂ ਕਿ ਇਕ ਬੋਰੀ 'ਚ ਪਾ ਕੇ, ਸਰਦਾਰ ਦੇ ਖੇਤ 'ਚ ਸੁੱਟ ਆਉਣ। ਜਦੋਂ ਤਕ ਕਮਾਂਡਰ ਰਿਹਾ, ਸਾਡੀ ਜਾਨ 'ਤੇ ਬਣੀ ਰਹੀ।"

"ਬੰਗਲਾ ਦੇਸ਼ ਦੇ ਐਕਸ਼ਨ ਦੀਆਂ ਖ਼ਬਰਾਂ ਆ ਰਹੀਆਂ ਸਨ ਜਿਹੜੀਆਂ ਅਤਿ ਨਿਰਾਸ਼ਾ ਭਰੀਆਂ ਸਨ। ਭਾਰਤੀ ਫ਼ੌਜਾਂ ਮੁਕਤੀ ਵਾਹਿਨੀ ਦਾ ਸਾਥ ਦੇ ਰਹੀਆਂ ਸਨ ਤੇ ਯਾਹੀਯਾ ਖ਼ਾਨ...ਖ਼ੈਰ ਛੱਡੋ।" ਉਹ ਚੁੱਪ ਹੋ ਗਏ।

ਕੁਝ ਪਲ ਚੁੱਪ ਵਿਚ ਬੀਤੇ, ਕੈਪਟਨ ਦੀਆਂ ਅੱਖਾਂ ਸਿੱਜਲ ਹੋਣ ਲੱਗੀਆਂ। ਬੋਲੇ...:

"ਅਗਲੇ ਦਿਨ ਵੀ ਫ਼ੌਜੀ ਟੁਕੜੀਆਂ ਦੀ ਬੜੀ ਮੋਮੈਂਟ ਰਹੀ। ਸਾਰਾ ਦਿਨ ਨਿਕਲ ਗਿਆ। ਸ਼ਾਮ ਦਾ ਵੇਲਾ ਸੀ ਤੇ ਸੂਰਜ ਡੁੱਬਣ ਵਾਲਾ ਸੀ ਜਦੋਂ ਉਸ ਮੁੰਡੇ ਨੂੰ ਨਾਲ ਲੈ ਕੇ ਬਾਰਡਰ ਲਾਈਨ 'ਤੇ ਪਹੁੰਚਿਆ। ਮੈਨੂੰ ਹੈਰਾਨੀ ਹੋਈ। ਸਰਦਾਰ ਮੇਰੀ ਉਡੀਕ ਕਰ ਰਿਹਾ ਸੀ। ਚਾਰ ਪੰਜ ਸਿਪਾਹੀਆਂ ਦੀ ਇਕ ਟੁਕੜੀ ਵੀ ਉਸਦੇ ਨਾਲ ਸੀ। ਉਸੇ ਵਿਚੋਂ ਇਕ ਨੇ ਪੁੱਛਿਆ, 'ਕੈਪਟਲ ਓ ਕਿ ਮੇਜਰ?' ਫਰੰਟ 'ਤੇ ਸਾਡੇ ਫੀਤੇ ਨਹੀਂ ਲੱਗੇ ਹੁੰਦੇ, ਫੇਰ ਵੀ ਕੋਈ ਵੱਡਾ ਅਫ਼ਸਰ ਹੋਏ ਤਾਂ ਪਛਾਣਿਆਂ ਜਾਂਦਾ ਏ। ਉਹ ਵੀ ਕੋਈ ਕੈਪਟਨ, ਮੇਜਰ ਹੀ ਸੀ। ਮੈਂ ਅੱਗੇ ਵਧ ਕੇ ਹੱਥ ਮਿਲਾਇਆ। ਤੇ ਮੁੰਡੇ ਨੂੰ ਉਹਨਾਂ ਦੇ ਹਵਾਲੇ ਕੀਤਾ।"

"ਅਫ਼ਸਰ ਨੇ ਜ਼ਰਾ ਸਖ਼ਤੀ ਨਾਲ ਪੁੱਛਿਆ, 'ਕਿਓਂ ਓਇ? ਕਿੱਥੋਂ ਦਾ ਏਂ? ਮਾਂ-ਬਾਪ ਕਿੱਥੇ ਨੇ ਤੇਰੇ?'

"ਮੁੰਡਾ ਫੇਰ ਸਹਿਮ ਗਿਆ ਸੀ। ਅੱਖਾਂ ਚੁੱਕ ਕੇ ਮੇਰੇ ਵੱਲ ਦੇਖਿਆ ਤੇ ਬੋਲਿਆ, 'ਚਾਚਾ, ਮੈਂ ਇੱਥੋਂ ਦਾ ਨਹੀਂ, ਉਸ ਪਾਸੇ ਦਾ ਆਂ!'

"ਉਸਨੇ ਸਾਡੇ ਵੱਲ ਇਸ਼ਾਰਾ ਕੀਤਾ, 'ਸਿਆਲਕੋਟ ਤੋਂ ਅੱਗੇ, ਛਜਰਾ ਦਾ!'

"ਸਾਰੇ ਹੈਰਾਨ ਰਹਿ ਗਏ।"

"ਮੈਂ ਸਰਦਾਰ ਵੱਲ ਦੇਖਿਆ। ਉਸਦੇ ਪੀਲੇ-ਪੀਲੇ ਦੰਦ ਨਿਕਲ ਆਏ। ਉਸਨੇ ਅੱਗੇ ਵਧ ਕੇ ਉਸਦੇ ਸਿਰ 'ਤੇ ਹੱਥ ਰੱਖ ਦਿੱਤਾ। ਤੇ ਛਲਨੀ ਬਣੀਆਂ ਅੱਖਾਂ ਨਾਲ ਪੁੱਛਿਆ, 'ਅੱਛਾ? ਛਜਰਾ ਦਾ ਐਂ ਤੂੰ?'

"ਮੈਂ ਕੜਕ ਕੇ ਪੁੱਛਿਆ, 'ਤਾਂ ਏਥੇ ਕੀ ਕਰ ਰਿਹਾ ਸੈਂ?'

"ਮੁੰਡੇ ਦਾ ਰੋਣ ਨਿਕਲ ਗਿਆ, ਬੋਲਿਆ, 'ਸਕੂਲੋਂ ਭੱਜ ਕੇ ਆਇਆ ਸੀ, ਲੜਾਈ ਵੇਖਣ!"

ਕੈਪਟਲ ਸ਼ਾਹੀਨ ਕਹਿ ਰਹੇ ਸਨ।

"ਯਕੀਨ ਮੰਨਣਾ, ਅਸੀਂ ਦੋਵੇਂ ਫ਼ੌਜੀ ਉਸਦੇ ਸਾਹਵੇਂ, ਦੋ ਬੇਵਕੂਫ ਮਾਸਟਰਾਂ ਵਾਂਗ ਖੜ੍ਹੇ ਸਾਂ।...ਤੇ ਸਾਡੀਆਂ ਸ਼ਕਲਾਂ ਦੁੰਬਿਆਂ ਵਰਗੀਆਂ ਲੱਗ ਰਹੀਆਂ ਸਨ।"

**(ਧੰਨਵਾਦ ਸਹਿਤ ਨਯਾ ਗਿਆਨਉਦਯ 'ਚੋਂ)**

---

**ਬਾਕੀ ਪੰਨਾ ਨੰ: 56 ਦਾ ਬਾਕੀ**

ਉਸ ਕੋਲੋਂ ਆਪਣੀ ਪੈਨਸਿਲ ਖੋਹ ਸਕਿਆ ਅਤੇ ਨਾ ਹੀ ਮੁੜ ਕੇ ਸਕੂਲ ਵਿਚ ਮਾਸਟਰਾਂ ਕੋਲ ਸ਼ਕਾਇਤ ਹੀ ਲਾਈ। ਆਪਣੇ ਪੇਂਡੂ ਮੁੰਡਿਆਂ ਨੂੰ ਵੀ ਨਹੀਂ ਦਸਿਆ, ਬੱਸ ਸਬਰ ਦਾ ਘੁੱਟ ਭਰ ਕੇ ਰਹਿ ਗਿਆ।

ਸਕੂਲ ਵਿਚ ਅਸੀਂ ਇਕੱਠਿਆਂ ਦਸ ਜਮਾਤਾਂ ਪਾਸ ਕੀਤੀਆਂ। ਇਕੱਠੇ ਪੜ੍ਹਦੇ, ਇਕੱਠੇ ਖੇਡਾਂ ਵਿਚ ਭਾਗ ਲੈਂਦੇ। ਫਿਰ ਨਾ ਕਦੀ ਮੈਂ ਪੈਨਸਿਲ ਦੀ ਗੱਲ ਚਿਤਾਰੀ ਅਤੇ ਨਾ ਹੀ ਕਦੀ ਉਸ ਨੇ। ਪੜ੍ਹ ਕੇ ਮੈਂ ਅਧਿਆਪਕ ਬਣ ਗਿਆ ਅਤੇ ਉਹ ਗੁਲਜ਼ਾਰੇ ਤੋਂ ਗੁਲਜ਼ਾਰ ਸਿੰਘ ਬਣ ਮਾਲ ਪਟਵਾਰੀ ਲੱਗ ਗਿਆ। ਪਟਵਾਰੀਆਂ ਦੀ ਹੜਤਾਲ ਮਗਰੋਂ ਕੈਰੋਂ ਦੀ ਉਹਨਾਂ ਉਪਰ ਪਈ ਗਾਜ ਕਾਰਨ ਗੁਲਜ਼ਾਰ ਸਿੰਘ ਨੂੰ ਪਟਵਾਰ ਤੋਂ ਤਾਂ ਹੱਥ ਧੋਣੇ ਪੈ ਗਏ ਪਰ ਵਿਦਿਆ ਮਹਿਕਮੇ ਵਿਚ ਉਸ ਨੂੰ ਕਲਰਕ ਐਡਜਸਟ ਕਰ ਦਿੱਤਾ ਗਿਆ। ਅਖੀਰ ਉਹ ਕਾਲਜ ਸੁਪਰਡੈਂਟ ਰਟਾਇਰ ਹੋਇਆ। ਉਹ ਇਕ ਸਫਲ ਮਨੁੱਖ ਬਣਿਆ, ਯਾਰਾਂ ਦਾ ਯਾਰ। ਲੋਕਾਂ ਦੇ ਕੰਮ ਆਉਣ ਵਾਲਾ। ਗੁਆਂਢੀ ਪਿੰਡਾਂ ਦੇ ਹੋਣ ਕਰਕੇ ਸਾਡਾ ਕਈ ਵਾਰ ਮੇਲ ਹੁੰਦਾ। ਇਕ ਦੂਜੇ ਨੂੰ ਦੋਸਤਾਂ ਵਾਂਗ ਖ਼ੁਸ਼ ਹੋ ਕੇ ਮਿਲਦੇ। ਇਕ ਦੂਜੇ ਦੇ ਦੁੱਖ ਸੁੱਖ ਵਿਚ ਵੀ ਸਹਾਈ ਹੁੰਦੇ। ਜਦੋਂ ਵੀ ਕਦੀ ਅਸੀਂ ਮਿਲਦੇ, ਉਸ ਨੂੰ ਭਾਵੇਂ ਇਹ ਗੱਲ ਯਾਦ ਵੀ ਨਾ ਹੋਵੇ, ਪਰ ਮੇਰੀਆਂ ਅੱਖਾਂ ਸਾਹਮਣੇ ਨਿਕਾਰੀ ਜਿਹੀ ਐਚ ਬੀ ਦੀ ਖੱਟੀ ਪੈਨਸਿਲ ਆ ਜਾਂਦੀ।

---

**ਬਾਕੀ ਪੰਨਾ ਨੰ: 61 ਦਾ ਬਾਕੀ**

ਰੋਮਨ ਸਮੇਂ ਤੋਂ ਪਹਿਲਾਂ ਬਾਲਕਿਨਜ਼ (ਅਸਟਰੀਅਨ) ਇਥੋਂ ਹੀ ਆਪਣਾ ਕੰਟਰੋਲ ਕਰਦੇ ਸਨ। ਯੋਗੋਸਲਾਵੀਆ ਕੋਲ ਅਸਟਰੀਅਨ ਦੀ ਬਚੀ ਇਹੋ ਇਕ ਇਤਿਹਾਸਕ ਨਿਸ਼ਾਨੀ ਰਹਿ ਗਈ ਸੀ।

ਪਾਰਕ ਦੇ ਨੇੜੇ ਇਕ ਫਰਿਸਕੋ ਮਿਊਜ਼ੀਅਮ ਵੀ ਸੀ ਜਿਹੜਾ ਕਿ ਦੁਬਾਰਾ ਉਤਪੰਨ ਕੀਤੀਆਂ ਅਣਮੁਲੀਆਂ ਵਸਤਾਂ ਨੂੰ ਸਾਂਭੀ ਬੈਠਾ ਸੀ। ਵਸਤਾਂ ਜਿਹੜੀਆਂ ਕਿ ਯੋਗੋਸਲਾਵੀਆ ਦੇ ਪ੍ਰਾਚੀਨ ਇਤਹਾਸ ਨੂੰ ਪ੍ਰਗਟਾਉਂਦੀਆਂ ਸਨ।

# ਰਾਣੀ/ਹਰਮਹਿੰਦਰ ਚਹਿਲ

ਇੱਕ ਦਿਨ ਸ਼ਾਮ ਨੂੰ ਜਦੋਂ ਮੈਂ ਕੰਮ ਤੋਂ ਘਰ ਪਹੁੰਚਿਆ ਤਾਂ ਮੇਰੇ ਫੋਨ ਦੀ ਘੰਟੀ ਵੱਜੀ। ਮੈਂ ਸਕਰੀਨ ਵੱਲ ਨਜ਼ਰ ਮਾਰਦਿਆਂ ਫੋਨ ਆਨ ਕਰਕੇ ਕੰਨ ਨੂੰ ਲਾਇਆ ਈ ਸੀ ਕਿ ਫੋਨ ਕੱਟਿਆ ਗਿਆ। ਮੈਂ ਇਹ ਸੋਚਕੇ ਫੋਨ ਹੱਥ ਵਿੱਚ ਹੀ ਚੁੱਕੀ ਰੱਖਿਆ ਕਿ ਉਹ ਦੁਬਾਰਾ ਫੋਨ ਕਰੂ। ਫੋਨ ਮੇਰੇ ਗੂਹੜੇ ਦੋਸਤ ਜਸਕੀਰਤ ਦਾ ਸੀ।

ਜਸਕੀਰਤ ਇੱਕ ਆਈ. ਏ. ਐੱਸ. ਅਫਸਰ ਹੈ ਤੇ ਉਹਨੀ ਦਿਨੀਂ ਉਹ ਮੇਰੇ ਜ਼ਿਲ੍ਹੇ ਦਾ ਡੀਸੀ ਲੱਗਿਆ ਹੋਇਆ ਸੀ। ਹਰ ਹਫਤੇ ਤਕਰੀਬਨ ਸਾਡੀ ਗੱਲਬਾਤ ਹੁੰਦੀ ਰਹਿੰਦੀ ਸੀ। ਸਾਡੀ ਦੋਸਤੀ ਕਾਲਜ ਦੇ ਦਿਨਾਂ ਦੀ ਸੀ। ਖੈਰ ਪੰਜ ਕੁ ਮਿੰਟ ਬਾਅਦ ਉਸਦਾ ਫੋਨ ਦੁਬਾਰਾ ਆ ਗਿਆ। ਮੈਂ ਫੋਨ ਆਨ ਕੀਤਾ ਤੇ ਸਾਡੀ ਗੱਲਬਾਤ ਹੋਣ ਲੱਗੀ। ਸਾਧਾਰਣ ਗੱਲਾਂ ਕਰਦਿਆਂ ਅਚਾਨਕ ਗੱਲ ਬਦਲਦਾ ਉਹ ਬੋਲਿਆ :

"ਸੱਚ ਪਿਛਲੇ ਹਫਤੇ ਤੇਰਾ ਇੱਕ ਪੁਰਾਣਾ ਦੋਸਤ ਮਿਲਿਆ ਸੀ।"

"ਪੁਰਾਣਾ ਦੋਸਤ ਕੌਣ ?" ਮੈਂ ਹੈਰਾਨ ਹੋਇਆ।

"ਤੂੰ ਆਪ ਹੀ ਯਾਦ ਕਰ।"

"ਕਮਾਲ ਐ ਯਾਰ। ਮੈਨੂੰ ਹੁਣ ਕੀ ਪਤਾ ਲੱਗੇ ਕਿ ਤੂੰ ਕਿਸ ਦੋਸਤ ਦੀ ਗੱਲ ਕਰ ਰਿਹਾ ਹੈਂ।"

"ਇੰਨੇ ਗੂਹੜੇ ਦੋਸਤ ਨੂੰ ਭੁੱਲ ਗਿਆਂ ?"

"ਜੋ ਮਰਜੀ ਸਮਝ ਲੈ। ਪਰ....।"

"ਇਸਦਾ ਮਤਲਬ ਇਹ ਹੈ ਕਿ ਤੈਨੂੰ ਉਹ ਯਾਦ ਨਹੀਂ ਆ ਰਿਹਾ ?"

"ਹਾਂ ਯਾਰ ਮੇਰੇ ਤਾਂ ਕੁਛ ਸਮਝ ਵਿੱਚ ਨਹੀਂ ਆ ਰਿਹਾ ਕਿ ਮੇਰਾ ਉਹ ਖਾਸ ਦੋਸਤ ਕਿਹੜਾ ਐ। ਨਾਲੇ ਉਹ ਤੈਨੂੰ ਇਉਂ ਅਚਾਨਕ ਕਿੱਥੇ ਮਿਲਿਆ ਹੋਇਆ ?'

"ਇਹ ਵੀ ਇੱਕ ਸਬੱਬ ਈ ਬਣਿਐਂ। ਪਿੱਛੇ ਮਰਦਮ ਸ਼ੁਮਾਰੀ ਹੋਕੇ ਹਟੀ ਐ ਨਾ। ਬੱਸ ਉਦੋਂ ਹੀ ਅਚਾਨਕ ਮੇਰੇ ਕਿਸੇ ਮੁਲਾਜਮ ਨੇ ਦੱਸਿਆ ਉਸ ਬਾਰੇ। ਬਾਅਦ ਵਿੱਚ ਮੈਂ ਉਸਨੂੰ ਵੀ ਮਿਲਿਆ ਵੀ ਸੀ।"

"ਪਰ ਮੇਰੀ ਸਮਝ ਵਿੱਚ ਬਿਲਕੁਲ ਨ੍ਹੀਂ ਆ ਰਿਹਾ ਕਿ ਉਹ ਕੌਣ ਐਂ।"

"ਚੱਲ ਫਿਰ ਤੇਰੇ ਲਈ ਮੈਂ ਇਹ ਸਰਪਰਾਈਜ ਹੀ ਰਹਿਣ ਦਿੰਨਾਂ। ਤੂੰ ਅਗਲੇ ਮਹੀਨੇ ਇੰਡੀਆ ਆਉਣਾ ਈ ਐਂ। ਉਦੋਂ ਮਿਲਾਊਂ ਤੈਨੂੰ ਉਸ ਨਾਲ।"

"ਠੀਕ ਐ ਜਿਵੇਂ ਤੇਰੀ ਮਰਜੀ।"

ਫਿਰ ਕੁਛ ਸਾਧਾਰਣ ਗੱਲਾਂ ਕਰਦਿਆਂ ਅਸੀਂ ਫੋਨ ਬੰਦ ਕਰ ਦਿੱਤੇ ਪਰ ਮੈਨੂੰ ਚਿਤਵਣੀ ਜਿਹੀ ਲੱਗ ਗਈ ਕਿ ਜਸਕੀਰਤ ਦਾ ਮਤਲਬ ਕਿਸ ਦੋਸਤ ਤੋਂ ਹੋਇਆ। ਇਸਦੇ ਪੰਦਰਾਂ ਕੁ ਦਿਨਾਂ ਬਾਅਦ ਮੈਂ ਇੰਡੀਆ ਚਲਿਆ ਗਿਆ। ਉੱਥੇ ਪਹੁੰਚਕੇ ਅਗਲੇ ਦਿਨ ਹੀ ਮੈਂ ਜਸਕੀਰਤ ਨੂੰ ਫੋਨ ਕੀਤਾ। ਉਹ ਉਲਝਿਆ ਜਿਹਾ ਬੋਲਿਆ:

"ਮੈਂ ਤਾਂ ਅੱਜ ਮੀਟਿੰਗਾਂ ਵਿੱਚ ਈ ਬਿਜੀ ਆਂ, ਤੂੰ ਇਉਂ ਕਰ........।"

"ਹਾਂ ਦੱਸ।"

"ਹੁਣ ਤੂੰ ਆਰਾਮ ਕਰ ਤੇ ਆਪਾਂ ਸ਼ਾਮ ਨੂੰ ਮਿਲਦੇ ਆਂ ਫਿਰ।"

"ਪਰ ਮੈਨੂੰ ਉਸ ਦੋਸਤ ਵਾਲੀ ਗੱਲ ਬਾਰੇ ਤਾਂ ਦੱਸ ਕੁਛ ?"



"ਮੈਂ ਉਸਨੂੰ ਤੇਰਾ ਫੋਨ ਨੰਬਰ ਦੇ ਦਿੰਨਾਂ, ਤੇ ਉਹ ਤੈਨੂੰ ਫੋਨ ਕਰ ਲਊਗੀ।"

"ਫੋਨ! ਫੋਨ ਕਰ ਲਊਗੀ। ਮੇਰਾ ਮਤਲਬ ਉਹ.......," ਮੈਂ ਹੈਰਾਨ ਹੋਇਆ।

"ਤੇ ਹੋਰ......।"

"ਪਰ ਉਹ ਹੈ ਕੌਣ ?"

"ਰਾਣੀ।"

"ਹੈਂ! ਰਾਣੀ!!" ਮੈਨੂੰ ਲੱਗਿਆ ਜਿਵੇਂ ਕਿਸੇ ਨੇ ਕਾਲਜੇ 'ਚੋਂ ਰੁੱਗ ਭਰ ਲਿਆ ਹੋਵੇ। ਉਸਤੋਂ ਬਾਅਦ ਪਤਾ ਨਹੀਂ ਜਸਕੀਰਤ ਨੇ ਕੀ ਗੱਲ ਕੀਤੀ ਜਾਂ ਕੀ ਨਹੀਂ ਪਰ ਮੈਨੂੰ ਕੁਛ ਨਹੀਂ ਸੀ ਸੁਣ ਰਿਹਾ। ਮੈਨੂੰ ਤਾਂ ਰਾਣੀ ਦਾ ਨਾਂ ਸੁਣਕੇ ਹੀ ਹੋਸ਼ ਨਹੀਂ ਸੀ ਰਹੀ। ਮੇਰਾ ਮਨ ਪਿੱਛੇ ਮੁੜਦਾ ਰਾਣੀ ਦੀਆਂ ਯਾਦਾਂ 'ਚ ਗੁਆਚ ਗਿਆ।

ਹਾਈ ਸਕੂਲ ਪਾਸ ਕਰਦਿਆਂ ਹੀ ਮੈਂ ਕਾਲਜ ਦਾਖਲ ਹੋ ਗਿਆ ਸੀ। ਮੈਂ ਪ੍ਰੀਇੰਜੀਨੀਅਰਿੰਗ ਕਰਕੇ ਸਿਵਲ ਦੀ ਡਿਗਰੀ ਕਰਨਾ ਚਾਹੁੰਦਾ ਸੀ। ਕਾਲਜ ਦੇ ਸ਼ੁਰੂ ਹੁੰਦਿਆਂ ਹੀ ਉੱਥੇ ਇੱਕ ਸੱਭਿਆਚਾਰਕ ਪ੍ਰੋਗਰਾਮ ਹੋਇਆ। ਉਸ ਪ੍ਰੋਗਰਾਮ ਵਿੱਚ ਬੈਠਿਆਂ ਮੇਰੇ ਕੰਨੀਂ ਬੜੀ ਸੁਰੀਲੀ ਆਵਾਜ਼ ਵਿੱਚ ਇਸ ਗਾਣੇ ਦੇ ਬੋਲ ਪਏ: 'ਨਿਗਾਹ ਮਾਰਦਾ ਆਈਂ ਵੇ ਮੇਰਾ ਲੌਂਗ ਗਵਾਚਿਆ'। ਮੈਂ ਧਿਆਨ ਨਾਲ ਸਟੇਜ ਵੱਲ ਵੇਖਿਆ ਤਾਂ ਸੋਹਣੀ ਸੁਨੱਖੀ ਹੂਰ ਪਰੀ ਨੂੰ ਇਹ ਗੀਤ ਗਾਉਂਦਿਆਂ ਵੇਖਕੇ ਰੂਹ ਖੁਸ਼ ਹੋ ਗਈ। ਉਹ ਸੋਹਣੀ ਕੁੜੀ 'ਰਾਣੀ' ਹੀ ਸੀ। ਬਾਅਦ ਵਿੱਚ ਮੈਂ ਉਸਨੂੰ ਲੰਘਦੀ ਟੱਪਦੀ ਨੂੰ ਬੜੇ ਧਿਆਨ ਨਾਲ ਨਿਹਾਰਦਾ ਰਹਿੰਦਾ। ਤੇ ਫਿਰ ਇੱਕ ਦਿਨ ਉਸਨੂੰ ਵੀ ਪਤਾ ਲੱਗ ਗਿਆ ਕਿ ਮੈਂ ਉਸਨੂੰ ਇਉਂ ਵੇਖਦਾ ਹਾਂ। ਉਹ ਨਾਰਾਜ ਨਾ ਹੋਈ ਤਾਂ ਮੇਰਾ ਹੌਂਸਲਾ ਵਧ ਗਿਆ। ਫਿਰ ਇੱਕ ਦਿਨ ਮੈਂ ਉਸਨੂੰ ਬੁਲਾ ਲਿਆ। ਉਹ ਬੜੇ ਸਲੀਕੇ ਨਾਲ ਬੋਲੀ। ਬੱਸ ਇੱਥੋਂ ਹੀ ਸਾਡੇ ਵਿਚਕਾਰ ਗੱਲਬਾਤ ਸ਼ੁਰੂ ਹੋ ਗਈ। ਗੱਲਬਾਤ ਤੁਰਦੀ ਨੇੜਤਾ ਵਿੱਚ ਬਦਲ ਗਈ ਤੇ ਫਿਰ ਧਿਆਨ ਈ ਨਾ ਰਿਹਾ ਕਿ ਕਦੋਂ ਅਸੀਂ ਪਿਆਰ ਦੇ ਬੰਧਨ ਵਿੱਚ ਜਕੜੇ ਗਏ। ਦਿਨ ਗੁਜਰਦਿਆਂ ਦਾ ਪਤਾ ਈ ਨਹੀਂ ਲੱਗਿਆ। ਇਸ ਵਿਚਕਾਰ ਸਾਲ ਗੁਜਰ ਗਿਆ ਤੇ ਸਲਾਨਾ ਪੇਪਰ ਆ ਗਏ। ਮੈਂ ਬਹੁਤ ਤਿਆਰੀ ਨਾਲ ਪੇਪਰ ਦਿੱਤੇ। ਫਜਿਕਸ ਨੂੰ ਛੱਡਕੇ ਸਾਰੇ ਪੇਪਰ ਹੋ ਗਏ ਸਨ। ਅੱਗੇ ਹਫਤਾ ਭਰ ਛੁੱਟੀਆਂ ਸਨ। ਬੱਸ ਇੱਥੇ ਆਕੇ ਗੜਬੜ ਹੋ ਗਈ। ਅਗਲੇ ਦਿਨ ਹੀ ਮੈਨੂੰ ਬੁਖਾਰ ਨੇ ਘੇਰ ਲਿਆ। ਇਸ ਦੌਰਾਨ ਰਾਣੀ ਨੇ ਮੇਰੀ ਬਹੁਤ ਤਿਮਾਰਦਾਰੀ ਕੀਤੀ। ਹਫਤਾ ਭਰ ਉਹ ਮੇਰੇ ਸਿਰਹਾਣੇ ਈ ਬੈਠੀ ਰਹੀ। ਕਦੇ ਉਹ ਮੈਨੂੰ ਦਵਾਈ ਦੇ ਰਹੀ ਹੁੰਦੀ ਤੇ ਕਦੇ ਮੱਥੇ 'ਤੇ ਪਾਣੀ ਦੀਆਂ ਪੱਟੀਆਂ ਰੱਖ ਰਹੀ ਹੁੰਦੀ। ਬੁਖਾਰ ਇੰਨਾ ਜਬਰਦਸਤ ਸੀ ਕਿ ਮੈਂ ਪੇਪਰ ਵਾਲੇ ਦਿਨ ਤੱਕ ਵੀ ਮੈਂ ਠੀਕ ਨਾ ਹੋ ਸਕਿਆ। ਬੁਖਾਰ ਦੇ ਚੜ੍ਹੇ ਚੜ੍ਹਾਏ ਹੀ ਪੇਪਰ ਦੇਣ ਗਿਆ। ਇਸ ਦਾ ਨਤੀਜਾ ਇਹ ਹੋਇਆ ਕਿ ਜਦੋਂ ਰਿਜਲਟ ਆਇਆ ਤਾਂ ਵੇਖਿਆ ਕਿ ਇਸ ਪੇਪਰ 'ਚੋਂ ਮਸਾਂ ਪਾਸ ਹੋਇਆ ਸੀ। ਮੈਂ ਬਹੁਤ ਉਦਾਸ ਹੋ ਗਿਆ। ਕਿਉਂਕਿ ਮੈਨੂੰ ਲੱਗਿਆ ਕਿ ਇਸ ਤਰ੍ਹਾਂ ਸ਼ਾਇਦ ਹੀ ਮੈਂ ਅਗਲੇ ਸਾਲ ਚੰਗੇ ਨੰਬਰ ਲੈ ਸਕਾਂ ਤੇ ਘੱਟ ਨੰਬਰਾਂ ਦੇ ਹੁੰਦਿਆਂ ਡਿਗਰੀ ਵਿੱਚ ਦਾਖਲਾ ਨਹੀਂ ਸੀ ਮਿਲਣਾ। ਮੈਂ ਅਫਸੋਸ 'ਚ ਸਿਰ ਮਾਰ ਰਿਹਾ ਸਾਂ ਪਰ ਰਾਣੀ ਮੇਰਾ ਹੌਂਸਲਾ ਵਧਾ ਰਹੀ ਸੀ।

"ਰਾਣੀ ਇਸ ਤਰ੍ਹਾਂ ਤਾਂ ਸ਼ਾਇਦ ਹੀ ਮੇਰੀ ਡਿਵੀਜਨ ਬਣ ਸਕੇ।" ।

"ਤੂੰ ਹੌਂਸਲਾ ਨਾ ਹਾਰ। ਅਗਲੇ ਸਾਲ ਜ਼ਿਆਦਾ ਮਿਹਨਤ ਕਰ ਲਈਂ।"

"ਪਰ ਰਾਣੀ ਇਹ ਕੀ ਪਤੈ ਕਿ ਜਿਹੜੀ ਐਤਕੀਂ ਬਿਜਲੀ ਡਿੱਗੀ ਐ ਉਹ ਅਗਲੇ ਸਾਲ ਨਹੀਂ ਡਿੱਗੂਗੀ।"

"ਸਿਆਣੇ ਕਹਿੰਦੇ ਐ ਕਿ ਬਿਜਲੀ ਜਿੱਥੇ ਇੱਕ ਵਾਰ ਡਿੱਗ ਪਏ ਉੱਥੇ ਦੁਬਾਰਾ ਨਹੀਂ

ਡਿੱਗਦੀ।"

"ਹੋ ਸਕਦੈ ਫਿਰ ਅਗਲੇ ਸਾਲ ਇਹ ਬਿਜਲੀ ਤੇਰੇ ਉੱਪਰ ਡਿੱਗ ਪਏ।" ਮੈਂ ਮਖੌਲ ਕੀਤਾ।

"ਚੱਲ ਮੈਂ ਸੁੱਖ ਸੁੱਖੂੰ ਕਿ ਪਹਿਲੀ ਗੱਲ ਤਾਂ ਅਗਲੇ ਸਾਲ ਕੋਈ ਬਿਜਲੀ ਡਿੱਗੇ ਈ ਨਾ। ਪਰ ਅਗਰ ਡਿੱਗਣੀ ਵੀ ਹੋਈ ਤਾਂ ਤੇਰੇ 'ਤੇ ਨਹੀਂ ਉਹ ਮੇਰੇ ਉੱਪਰ ਡਿੱਗ ਪਵੇ।"

ਇਸ ਤਰ੍ਹਾਂ ਉਦੋਂ ਉਸਨੇ ਇਹ ਗੱਲ ਹਾਸੇ ਵਿੱਚ ਬਦਲ ਦਿੱਤੀ। ਮੇਰਾ ਬੁਖਾਰ ਕਾਰਨ ਭਾਵੇਂ ਨੁਕਸਾਨ ਤਾਂ ਹੋ ਗਿਆ ਸੀ ਪਰ ਇਸਦਾ ਸਾਨੂੰ ਇੱਕ ਫਾਇਦਾ ਵੀ ਹੋਇਆ। ਉਹ ਇਹ ਕਿ ਸਾਡੀ ਮੁਹੱਬਤ ਦੀ ਕਹਾਣੀ ਦਾ ਸਾਡੇ ਦੋਹਾਂ ਦੇ ਘਰਾਂ ਵਾਲਿਆਂ ਨੂੰ ਪਤਾ ਲੱਗ ਗਿਆ। ਇੱਥੇ ਵੀ ਸਾਡੇ ਹੱਕ ਵਿੱਚ ਇਹ ਗੱਲ ਗਈ ਕਿ ਦੋਹਾਂ ਦਿਆਂ ਘਰਦਿਆਂ ਨੂੰ ਇਸ ਗੱਲ ਉੱਪਰ ਇਤਰਾਜ ਨਹੀਂ ਸੀ। ਇਸ ਗੱਲ ਨੇ ਸਾਨੂੰ ਅਸਮਾਨਾਂ ਵਿੱਚ ਉੱਡਣ ਲਾ ਦਿੱਤਾ। ਅਸੀਂ ਹਰ ਰੋਜ਼ ਕਦੇ ਕਨਟੀਨ ਵਿੱਚ, ਕਦੇ ਪਾਰਕ ਵਿੱਚ ਕਦੇ ਕਿਤੇ ਤੇ ਕਦੇ ਕਿਤੇ ਬੈਠੇ ਘੰਟਿਆਂਵੱਧੀ ਪਿਆਰ ਮੁਹੱਬਤ ਦੀਆਂ ਗੱਲਾਂ ਕਰਦੇ ਤੇ ਭਵਿੱਖ ਦੇ ਸੁਨਹਿਰੇ ਸੁਪਨੇ ਸਜਾਉਂਦੇ। ਅਸੀਂ ਗੱਲਾਂ ਕਰ ਰਹੇ ਹੁੰਦੇ ਤਾਂ ਰਾਣੀ ਮੈਨੂੰ ਛੇੜਦੀ ਤੇ ਲੁਤਫ ਲੈਂਦੀ।

"ਅੱਛਾ ਜਨਾਬ ਹੋਰੀਂ ਐੱਸ. ਡੀ. ਓ. ਬਣਨਗੇ।" ਉਹ ਕਹਿੰਦੀ।

"ਇਰਾਦਾ ਤਾਂ ਇਹੋ ਈ ਐ।"

"ਪਰ ਮੈਂ ਚਾਹੁੰਨੀ ਆਂ ਕਿ ਤੂੰ ਉਵਰਸੀਅਰ ਬਣੇ।"

"ਕਿਉਂ ਤੂੰ ਅਜਿਹਾ ਕਿਉਂ ਚਾਹੁੰਨੀ ਐਂ?"

"ਕਿਉਂਕਿ ਉਵਰਸੀਅਰ ਬਣਕੇ ਤੂੰ ਕਿਸੇ ਨਹਿਰੀ ਕੋਠੀ ਲੱਗੇਂਗਾ ਤੇ ਮੇਰੀ ਬੜੀ ਤਮੰਨਾ ਐਂ ਕਿ ਕਿਸੇ ਨਹਿਰੀ ਕੋਠੀ ਦੀ ਜ਼ਿੰਦਗੀ ਦਾ ਆਨੰਦ ਮਾਣਾਂ।"

"ਬੱਸ ਇਸੇ ਗੱਲ ਕਰਕੇ ਈ ਤੂੰ ਚਾਹੁੰਨੀ ਐਂ ਕਿ ਮੈਂ ਕੋਈ ਵੱਡਾ ਅਫਸਰ ਨਾ ਬਣਾਂ।"

"ਅਫਸਰੀ ਆਪਾਂ ਕੀ ਕਰਨੀ ਐਂ। ਆਪਾਂ ਤਾਂ ਪਿਆਰ ਮੁਹੱਬਤ ਕਰਦਿਆਂ ਈ ਜ਼ਿੰਦਗੀ ਬਤੀਤ ਕਰਾਂਗੇ।"

ਇਸ ਤਰ੍ਹਾਂ ਹੀ ਕਦੇ ਉਹ ਦੂਸਰੀ ਤਰ੍ਹਾਂ ਗੱਲ ਕਰਦੀ।

"ਮੈਂ ਚਾਹੁੰਨੀ ਆਂ ਕਿ ਤੂੰ ਛੇਤੀ ਤੋਂ ਛੇਤੀ ਐੱਸ. ਡੀ. ਓ. ਬਣੇ ਤੇ ਫਿਰ ਉਸਤੋਂ ਵੀ ਜਲਦੀ ਐਕਸੀਅਨ।"

"ਕਿਉਂ ਤੈਨੂੰ ਇੰਨੀ ਕਾਹਲੀ ਕਿਉਂ ਐਂ?"

"ਮੈਂ ਚਾਹੁੰਨੀ ਆਂ ਕਿ ਕਿਧਰੇ ਕਿਸੇ ਡੈਮ ਉੱਪਰ ਤੇਰੀ ਪੋਸਟਿੰਗ ਹੋਵੇ ਤੇ ਆਪਾਂ ਪਹਾੜੀ ਡਾਕ ਬੰਗਲਿਆਂ 'ਚ ਰਹਿੰਦੇ ਜ਼ਿੰਦਗੀ ਦੇ ਮਜੇ ਲਈਏ।"

"ਤੇ ਤੂੰ ਵੀ ਕੁਛ ਬਣੇਂਗੀ ਕਿ ਨਹੀਂ?" ਮੈਂ ਛੇੜਦਾ।

"ਨਾ ਬਾਬਾ ਨਾ। ਨੌਕਰੀਆਂ ਤਾਂ ਤੂੰ ਹੀ ਕਰੇਂਗਾ। ਮੈਂ ਤਾਂ ਘਰ ਗ੍ਰਹਿਣੀ ਹੀ ਚੰਗੀ ਰਹੂੰ।"

"ਅੱਛਾ! ਬੜੀ ਚਲਾਕ ਐਂ ਤੂੰ ਤਾਂ।"

"ਤੇ ਹੋਰ ਕੀ ਨਹੀਂ ਵੀ।"

"ਪਰ ਰਾਣੀ?"

"ਕੀ?

"ਜੇ ਕੋਈ ਅੜਚਣ ਆ ਗਈ। ਮੇਰਾ ਮਤਲਬ ਆਪਾਂ ਇੱਕ ਨਾ ਹੋ ਸਕੇ ਤਾਂ?"



"ਨਾ!! ਪਲੀਜ ਇਹੋ ਜਿਹੀਆਂ ਗੱਲਾਂ ਨਾ ਕਰ। ਤੇਰੇ ਬਿਨਾਂ ਮੈਂ ਤਾਂ ਜਿਉਂਦੀ ਈ ਮਰਜੂੰਗੀ।" ਉਹ ਅੱਖਾਂ ਭਰ ਲੈਂਦੀ।

ਇਸ ਤਰ੍ਹਾਂ ਇਕੱਠੇ ਘੁੰਮਦਿਆਂ ਪਿਆਰ ਮੁਹੱਬਤ ਦੀਆਂ ਗੱਲਾਂ ਕਰਦਿਆਂ ਤੇ ਪੜ੍ਹਦਿਆਂ ਕਰਦਿਆਂ ਪਤਾ ਈ ਨਾ ਲੱਗਿਆ ਕਿ ਕਦੋਂ ਸਾਲ ਲੰਘ ਗਿਆ ਤੇ ਪੇਪਰ ਆ ਗਏ। ਪਰ ਪੇਪਰਾਂ ਤੋਂ ਪਹਿਲਾਂ ਕਾਲਜ ਵਿੱਚ ਆਮ ਦੀ ਤਰ੍ਹਾਂ ਸਲਾਨਾ ਸੱਭਿਆਚਾਰਕ ਪ੍ਰੋਗਰਾਮ ਹੋਇਆ। ਉਸ ਵਿੱਚ ਰਾਣੀ ਨੇ ਆਪਣਾ ਗੀਤ ਪੇਸ਼ ਕੀਤਾ। ਗੀਤ ਖਤਮ ਕਰਕੇ ਉਹ ਮੇਰੇ ਕੋਲ ਆਕੇ ਚੁੱਪ ਜਿਹੀ ਹੋ ਕੇ ਬੈਠ ਗਈ। ਇੰਨੇ 'ਚ ਉਸਨੂੰ ਉਸਦਾ ਮਨਪਸੰਦ ਗੀਤ ਗਾਉਣ ਦੀ ਫਰਮਾਇਸ਼ ਹੋ ਗਈ। ਉਹ ਸੁੰਨ ਜਿਹੀ ਹੋਈ ਸਟੇਜ 'ਤੇ ਗਈ ਤੇ ਉਸਨੇ ਗੀਤ ਗਾਉਣਾ ਸ਼ੁਰੂ ਕੀਤਾ।

"ਨਿਗਾਹ ਮਾਰਦਾ ਆਈਂ ਵੇ ਮੇਰਾ ਲੌਂਗ ਗਵਾਚਿਆ।"

ਪਰ ਉਸਤੋਂ ਗੀਤ ਪੂਰਾ ਨਾ ਹੋਇਆ। ਕਿਉਂਕਿ ਉਸਦੀ ਆਵਾਜ਼ ਪਾਟ ਗਈ। ਉਹ ਹਿਰਾਸੇ ਜਿਹੇ ਚਿਹਰੇ ਨਾਲ ਵਾਪਸ ਮੁੜੀ ਤੇ ਉਹ ਮੇਰੇ ਕੋਲ ਬੈਠਣ ਦੀ ਬਜਾਇ ਬਾਹਰ ਨਿਕਲ ਗਈ। ਮੈਂ ਭੱਜਕੇ ਉਸਦੇ ਪਿੱਛੇ ਗਿਆ।

"ਰਾਣੀ! ਰੁਕ।" ਮੈਂ ਉਸਦੀ ਬਾਂਹ ਫੜ ਲਈ।

"ਫਿਰ ਕੀ ਹੋਇਆ ਜੇ ਅੱਜ ਤੂੰ ਚੰਗਾ ਪਰਫਾਰਮ ਨਹੀਂ ਕਰ ਸਕੀ, ਇਸ ਤਰ੍ਹਾਂ ਤਾਂ ਹੁੰਦਾ ਈ ਰਹਿੰਦਾ ਹੈ। ਅਗਲੀ ਵਾਰ ਚੰਗਾ ਗਾ ਲਈਂ। ਇਸ ਵਿੱਚ ਇੰਨਾ ਪਰੇਸ਼ਾਨ ਹੋਣ ਦੀ ਕੀ ਜ਼ਰੂਰਤ ਐ।" ਮੈਂ ਉਸਨੂੰ ਸਮਝਾਉਂਦਾ ਰਿਹਾ। ਪਰ ਉਸਨੇ ਮੇਰੇ ਨਾਲ ਅੱਖ ਈ ਨਾ ਮਿਲਾਈ ਤੇ ਰੋਂਦੀ ਹੋਈ ਘਰ ਨੂੰ ਤੁਰ ਗਈ। ਮੈਂ ਉਸਨੂੰ ਜਾਂਦੀ ਨੂੰ ਵੇਖਦਾ ਰਿਹਾ। ਮੈਨੂੰ ਕੁਛ ਸਮਝ ਵਿੱਚ ਨਾ ਆਇਆ।

'ਚੰਗਾ ਨਾ ਗਾ ਸਕਣ ਦੀ ਵਜਹ ਕਰਕੇ ਨਿਰਾਸ਼ ਹੋ ਗਈ, ਪਾਗਲ ਨਾ ਹੋਵੇ ਤਾਂ।' ਆਪਣੇ ਆਪ ਨਾਲ ਗੱਲਾਂ ਕਰਦਾ ਮੈਂ ਵਾਪਸ ਮੁੜ ਗਿਆ। ਘਰ ਗਿਆ ਤਾਂ ਲੇਟ ਰਾਤ ਤੱਕ ਰਾਣੀ ਦੀ ਗੱਲ ਨੇ ਚੈਨ ਨਾ ਲੈਣ ਦਿੱਤਾ। ਅਖੀਰ ਮੈਂ ਇਹ ਸੋਚਦਾ ਸੌਂ ਗਿਆ ਕਿ ਕਲ੍ਹ ਤੱਕ ਤਾਂ ਉਸਦਾ ਮੂਡ ਠੀਕ ਹੋ ਈ ਜਾਊ। ਅਗਲੇ ਦਿਨ ਮੈਂ ਸੰਦੇਹਾਂ ਹੀ ਕਾਲਜ ਪਹੁੰਚ ਗਿਆ ਤਾਂ ਕਿ ਉਸਨੂੰ ਆਉਂਦੀ ਨੂੰ ਹੀ ਮਿਲ ਸਕਾਂ। ਗੇਟ ਉੱਪਰ ਬੈਠਾ ਮੈਂ ਉਸ ਨੂੰ ਉਡੀਕਣ ਲੱਗਿਆ। ਹੌਲੀ ਹੌਲੀ ਸਾਰੇ ਸਟੂਡੈਂਟ ਆਉਂਦੇ ਗਏ ਪਰ ਰਾਣੀ ਮੈਨੂੰ ਕਿਧਰੇ ਨਾ ਦਿਸੀ। ਇੱਥੋਂ ਤੱਕ ਉਸਦੀਆਂ ਸਭ ਸਹੇਲੀਆਂ ਆ ਚੁੱਕੀਆਂ ਸਨ। ਪਰ ਰਾਣੀ ਉਹਨਾਂ ਵਿੱਚ ਵੀ ਨਹੀਂ ਸੀ। ਕਾਲਜ ਲੱਗ ਗਿਆ ਤਾਂ ਮੈਂ ਪੈਰ ਘੜੀਸਦਾ ਕਲਾਸ ਨੂੰ ਤੁਰ ਪਿਆ।

'ਹੈਂ! ਇਸ ਤਰ੍ਹਾਂ ਤਾਂ ਉਸਨੇ ਕਦੇ ਨਹੀਂ ਸੀ ਕੀਤਾ, ਫਿਰ ਕੀ ਗੱਲ ਹੋਈ।' ਅਜਿਹੀਆਂ ਸੋਚਾਂ ਸੋਚਦੇ ਨੇ ਮੈਂ ਪਹਿਲੀ ਕਲਾਸ ਮਸਾਂ ਈ ਪੂਰੀ ਕੀਤੀ ਤੇ ਉਦੋਂ ਹੀ ਉੱਠਕੇ ਬਾਹਰ ਆ ਗਿਆ। ਸਾਰਾ ਦਿਨ ਇੱਧਰ ਉੱਧਰ ਘੁੰਮਦੇ ਨੇ ਗੁਜਾਰ ਦਿੱਤਾ। ਰਾਣੀ ਬਿਨਾਂ ਕੁਛ ਵੀ ਚੰਗਾ ਨਹੀਂ ਸੀ ਲੱਗ ਰਿਹਾ। ਸ਼ਾਮ ਹੋਏ ਇਹ ਸੋਚਦਿਆਂ ਘਰ ਨੂੰ ਤੁਰ ਪਿਆ ਕਿ ਹੁਣ ਤਾਂ ਕਲ੍ਹ ਨੂੰ ਉਸ ਨਾਲ ਗੱਲ ਹੋਊ। ਪਰ ਉਹ ਅਗਲੇ ਦਿਨ ਵੀ ਕਾਲਜ ਨਾ ਆਈ। ਫਿਰ ਤੀਸਰੇ ਦਿਨ ਵੀ ਨਾ ਆਈ। ਇਸ ਵਿਚਕਾਰ ਮੈਂ ਉਸਦੇ ਘਰ ਵੱਲ ਵੀ ਚੱਕਰ ਕੱਢੇ ਪਰ ਰਾਣੀ ਨਾਲ ਮੁਲਾਕਾਤ ਨਾ ਹੋ ਸਕੀ। ਸ਼ੁਕਰਵਾਰ ਵਾਲੇ ਦਿਨ ਮੈਂ ਇਹ ਸੋਚਕੇ ਫਿਰ ਸੰਦੇਹਾਂ ਹੀ ਕਾਲਜ ਪਹੁੰਚ ਗਿਆ ਕਿ ਅੱਜ ਤਾਂ ਉਹ ਆਊ ਹੀ ਆਊ। ਕਿਉਂਕਿ ਅੱਜ ਰੋਲ ਨੰਬਰ ਮਿਲਣੇ ਸਨ। ਮੈਂ ਪਹਿਲੀਆਂ 'ਚ ਹੀ ਆਪਣਾ ਰੋਲ ਨੰਬਰ ਲੈ ਲਿਆ ਤਾਂ ਕਿ ਉਸਨੂੰ ਆਉਂਦੀ ਨੂੰ ਹੀ ਮਿਲ ਸਕਾਂ। ਮੈਂ ਉਸਨੂੰ ਬਹੁਤ ਭਾਲਿਆ ਪਰ ਉਹ ਕਿਧਰੇ ਨਾ ਦਿੱਸੀ। ਇੰਨੇ ਨੂੰ ਉਸਦੀ ਗੂਹੜੀ ਸਹੇਲੀ ਨੇ ਦੱਸਿਆ ਕਿ ਉਸਨੇ ਅੱਜ ਰਾਣੀ ਨੂੰ

ਕਾਲਜ ਆਉਂਦੀ ਨੂੰ ਵੇਖਿਆ ਸੀ। ਉਸਦੀ ਗੱਲ ਸੁਣਦਿਆਂ ਮੈਨੂੰ ਕੁਛ ਆਸ ਜਿਹੀ ਬੱਝੀ ਤੇ ਮੈਂ ਉਸਨੂੰ ਇੱਧਰ ਉੱਧਰ ਭਾਲਣ ਲੱਗਿਆ। ਸਾਰੇ ਕਾਲਜ ਦਾ ਗੇੜਾ ਕੱਢਕੇ ਮੈਂ ਗਰਾਊਂਡ ਵੱਲ ਚਲਿਆ ਗਿਆ। ਉੱਧਰ ਸਿਰੇ 'ਤੇ ਧਿਆਨ ਗਿਆ ਤਾਂ ਮੈਨੂੰ ਲੱਗਿਆ ਜਿਵੇਂ ਉੱਧਰ ਕੋਈ ਬੈਠਾ ਹੁੰਦੈ। ਮੈਂ ਕਾਹਲੀ ਨਾਲ ਉੱਧਰ ਨੂੰ ਗਿਆ। ਨੇੜੇ ਜਾਕੇ ਵੇਖਿਆ ਕਿ ਇਹ ਰਾਣੀ ਹੀ ਸੀ। ਕੋਲ ਜਾਕੇ ਮੈਂ ਖੜੋ ਗਿਆ। ਰਾਣੀ ਕੰਧ ਨਾਲ ਢੂਹ ਲਾਈ ਭੁੰਜੇ ਬੈਠੀ ਸੀ। ਪਤਾ ਨਹੀਂ ਉਹ ਕਿਹੜੀਆਂ ਸੋਚਾਂ 'ਚ ਵਿੱਚ ਗੁੰਮ ਸੀ ਕਿ ਉਸਨੂੰ ਮੇਰੇ ਕੋਲ ਖੜ੍ਹੇ ਦਾ ਵੀ ਪਤਾ ਨਾ ਚੱਲਿਆ।

"ਰਾਣੀ.....," ਮੈਂ ਉਸਨੂੰ ਬੁਲਾਇਆ।

"ਹੂੰ!!...." ਉਹ ਇੱਕ ਦਮ ਉੱਪਰ ਨੂੰ ਨਜ਼ਰ ਉਠਾਉਂਦੀ ਮੇਰੇ ਚਿਹਰੇ ਵੱਲ ਵੇਖਣ ਲੱਗੀ। ਉਸਦੀ ਉਦਾਸ ਸੂਰਤ ਵੇਖਕੇ ਮੇਰਾ ਤ੍ਰਾਹ ਨਿਕਲ ਗਿਆ।

"ਰਾਣੀ ਇਹ ਤੈਨੂੰ ਕੀ ਹੋ ਗਿਆ?"

"........" ਉਹ ਕੁਛ ਨਾ ਬੋਲੀ। ਬੱਸ ਉਦਾਸ ਨਜ਼ਰਾਂ ਨਾਲ ਮੇਰੇ ਵੱਲ ਵੇਖਦੀ ਰਹੀ। ਉਸਦੀਆਂ ਅੱਖਾਂ ਤਰ ਹੋ ਗਈਆਂ ਤੇ ਉਸਦੀ ਖੱਬੀ ਅੱਖ 'ਚੋਂ ਮੋਟਾ ਹੰਝੂ ਨਿਕਲਕੇ ਉਸਦੇ ਨੱਕ ਉੱਪਰ ਦੀ ਹੁੰਦਾ ਹੋਇਆ ਉਸਦੀ ਝੋਲੀ ਵਿੱਚ ਡਿੱਗ ਪਿਆ। ਉਸ ਵੇਲੇ ਮੈਂ ਉਸਦੇ ਚਿਹਰੇ ਉੱਪਰ ਸਾਰੇ ਜਹਾਨ ਦਾ ਦਰਦ ਵੇਖਿਆ। ਉਦੋਂ ਹੀ ਉਹ ਉੱਠੀ ਤੇ ਮੇਰੀਆਂ ਆਵਾਜ਼ਾਂ ਨੂੰ ਨਜ਼ਰ ਅੰਦਾਜ ਕਰਦੀ ਹੋਈ ਸਾਹਮਣੀ ਭੀੜ ਵਿੱਚ ਗੁਆਚ ਗਈ ਤੇ ਮੈਂ ਸੋਚਾਂ 'ਚ ਗੁਆਚਿਆ ਉੱਥੇ ਹੀ ਪੱਥਰ ਹੋਇਆ ਖੜਿਆ ਰਿਹਾ।

"ਇਸਨੂੰ ਹੋ ਕੀ ਗਿਆ?" ਮੈਨੂੰ ਕਿਸੇ ਗੱਲ ਦਾ ਥੌਹ ਪਤਾ ਨਹੀਂ ਸੀ ਲੱਗ ਰਿਹਾ। ਮੈਂ ਘੋਰ ਉਦਾਸੀ ਦੀ ਹਾਲਤ ਵਿੱਚ ਘਰ ਨੂੰ ਚਲਿਆ ਗਿਆ। ਕਿਸੇ ਵੀ ਗੱਲ ਵਿੱਚ ਦਿਲ ਨਹੀਂ ਸੀ ਲੱਗ ਰਿਹਾ। ਇਸ ਹਾਲਤ ਵਿੱਚ ਪੜ੍ਹਾਈਆਂ ਕੀ ਹੋਣੀਆਂ ਸਨ। ਚੱਤੋ ਪਹਿਰ ਮਨ ਰਾਣੀ ਦੀਆਂ ਯਾਦਾਂ ਵਿੱਚ ਖੋਇਆ ਰਹਿੰਦਾ ਸੀ। ਦੋ ਦਿਨਾਂ ਬਾਅਦ ਬਾਜ਼ਾਰ 'ਚ ਘੁੰਮਦੇ ਨੇ ਮੈਂ ਵੇਖਿਆ ਕਿ ਰਾਣੀ ਇੱਕ ਕਿਤਾਬਾਂ ਵਾਲੀ ਦੁਕਾਨ ਵਿੱਚੋਂ ਨਿਕਲ ਰਹੀ ਸੀ। ਮੈਂ ਛੇਤੀ ਦੇਣੇ ਅਗਾਂਹ ਹੋਕੇ ਉਸਦਾ ਅੱਗਾ ਰੋਕ ਲਿਆ। ਉਹ ਖੜੋ ਤਾਂ ਗਈ ਪਰ ਉਸਨੇ ਮੇਰੇ ਨਾਲ ਅੱਖ ਨਾ ਮਿਲਾਈ।

"ਰਾਣੀ ਐਸੀ ਕੀ ਗੱਲ ਹੋ ਗਈ ਜੋ ਤੂੰ ਇਉਂ ਕਰਦੀ ਐਂ। ਤੈਨੂੰ ਹੋ ਕੀ ਗਿਆ ਜਿਹੜਾ ਮੇਰੇ ਨਾਲ ਅੱਖ ਵੀ ਨਹੀਂ ਮਿਲਾਉਂਦੀ?"

"........" ਉਹ ਚੁੱਪ ਚਾਪ ਨੀਵੀਂ ਪਾਈ ਖੜੀ ਰਹੀ।

"ਮੈਥੋਂ ਕੋਈ ਗਲਤੀ ਹੋ ਗਈ?"

"........." ਉਸਨੇ ਬਿਨ ਬੋਲਿਆਂ ਨਾਂਹ ਵਿੱਚ ਸਿਰ ਮਾਰਿਆ।

"ਹੋਰ ਫਿਰ ਅਜਿਹਾ ਕੀ ਹੋ ਗਿਆ ਕਿ ਤੈਨੂੰ ਦੀਨ ਦੁਨੀਆਂ ਦੀ ਸਾਰ ਈ ਨ੍ਹੀਂ?"

ਉਹ ਫਿਰ ਵੀ ਕੁਛ ਨਾ ਬੋਲੀ ਤੇ ਅੱਖਾਂ ਭਰੀ ਉਵੇਂ ਹੀ ਨੀਵੀਂ ਪਾਈ ਖੜੀ ਰਹੀ।

"ਫਿਰ ਕੁਛ ਤਾਂ ਦੱਸ?"

"ਤੂੰ ਮੇਰਾ ਖਹਿੜਾ ਛੱਡ ਦੇ। ਪਲੀਜ਼ ਭੁੱਲਜਾ ਮੈਨੂੰ।" ਉਹ ਭਰੜਾਈ ਆਵਾਜ਼ ਵਿੱਚ ਇੰਨਾ ਕੁ ਬੋਲੀ ਤੇ ਪਾਸਾ ਜਿਹਾ ਬਚਾਕੇ ਤੁਰ ਗਈ। ਮੈਂ ਹੈਰਾਨ ਹੋਇਆ ਉਸਦੀ ਗੱਲ ਸੁਣਕੇ। ਪਰ ਕੀ ਕਰ ਸਕਦਾ ਸੀ। ਉਹ ਤਾਂ ਇੰਨਾ ਕੁ ਕਹਿਕੇ ਚਲੀ ਗਈ ਸੀ। ਪਰ ਮੇਰੀ ਜਾਨ ਸੂਲ਼ੀ 'ਤੇ ਟੰਗ ਗਈ ਸੀ। ਮੈਂ ਘਰ ਆ ਗਿਆ। ਪਰ ਮੈਨੂੰ ਚੈਨ ਕਿੱਥੇ ਸੀ। ਸਾਰੀ ਰਾਤ ਅੱਖਾਂ ਵਿੱਚ ਇਹੀ ਸੋਚਦਿਆਂ ਲੰਘ ਗਈ ਕਿ ਮੇਰੇ ਨਾਲ ਉਮਰ ਭਰ ਦਾ ਸਾਥ ਨਿਭਾਉਣ ਦੇ ਵਾਇਦੇ ਕਰਕੇ ਹੁਣ ਕਹਿੰਦੀ ਐ ਕਿ ਭੁੱਲਜਾ ਮੈਨੂੰ। ਦਿਨ ਚੜ੍ਹਿਆ ਪਰ ਮੈਂ ਦਿਨ ਭਰ ਸੋਚਾਂ ਵਿੱਚ ਗੁਜਾਰ ਦਿੱਤਾ।



ਅਗਲੇ ਦਿਨ ਮੇਰਾ ਪਹਿਲਾ ਪੇਪਰ ਹੋਣਾ ਸੀ। ਸੋਚ ਸੋਚਕੇ ਮੈਂ ਇਸ ਨਤੀਜੇ 'ਤੇ ਪਹੁੰਚਿਆ ਕਿ ਹੁਣ ਮੈਨੂੰ ਰਾਣੀ ਨਾਲ ਸਾਰੀ ਗੱਲ ਸਾਫ ਕਰ ਲੈਣੀ ਚਾਹੀਦੀ ਐ। ਸ਼ਾਮ ਜਿਹੇ ਮੈਂ ਸਿੱਧਾ ਉਸਦੇ ਘਰ ਹੀ ਜਾ ਪਹੁੰਚਿਆ। ਅਗਾਂਹ ਰਾਣੀ ਸਾਹਮਣੇ ਵਰਾਂਡੇ ਦੇ ਇੱਕ ਖੂੰਝੇ 'ਚ ਬੈਠੀ ਖਲਾਅ ਵੱਲ ਘੂਰ ਰਹੀ ਸੀ। ਮੇਰੇ ਨੇੜੇ ਜਾਣ 'ਤੇ ਉਹ ਉੱਠਕੇ ਖੜੀ ਹੋ ਗਈ।

"ਰਾਣੀ!"

"........" ਉਹ ਕੁਛ ਨਾ ਬੋਲੀ ਤੇ ਉਸਨੇ ਪਰੇਹ ਨੂੰ ਮੂੰਹ ਕਰ ਲਿਆ।

"ਰਾਣੀ ਤੈਨੂੰ ਦੱਸਣਾ ਪਊ ਕਿ ਅਕਸਰ ਹੋਇਆ ਕੀ ਐ?"

"........"

"ਰਾਣੀ ਦੱਸ ਕੀ ਗੱਲ ਐ। ਕਿਤੇ ਤੇਰੇ ਘਰਦਿਆਂ ਵੱਲੋਂ ਕੋਈ ਇਤਰਾਜ ਤਾਂ ਨ੍ਹੀਂ?"

"......." ਬਿਨ ਬੋਲਿਆਂ ਉਸਨੇ ਨਾਂਹ ਵਿੱਚ ਸਿਰ ਮਾਰਿਆ।

"ਤੂੰ ਮੇਰੇ ਨਾਲ ਗੁੱਸੇ ਐਂ?"

"......." ਉਸਨੇ ਫਿਰ ਨਾਂਹ ਵਿੱਚ ਸਿਰ ਮਾਰਿਆ ਤੇ ਅੰਦਰ ਨੂੰ ਜਾਣ ਲਈ ਮੁੜ ਪਈ।

"ਫਿਰ ਮੈਨੂੰ ਇਉਂ ਕੋਹ ਕੋਹਕੇ ਕਿਉਂ ਮਾਰਦੀ ਐਂ। ਮੇਰੇ ਕੁਛ ਪੱਲੇ ਤਾਂ ਪਾ।"

ਉਹ ਤੁਰੀ ਜਾਂਦੀ ਰੁਕ ਗਈ ਪਰ ਬੋਲੀ ਫਿਰ ਵੀ ਕੁਛ ਨਾ।

"ਕਿ ਹੁਣ ਮੇਰੀ ਜਗਹ ਕੋਈ ਹੋਰ ਆ ਗਿਆ ਤੇ..........." ਆਖਰ ਕੌੜੀ ਗੱਲ।

ਮੇਰੇ ਮੂੰਹੋਂ ਨਿੱਕਲ ਹੀ ਗਈ। ਮੇਰੀ ਗੱਲ ਸੁਣਕੇ ਉਹ ਵਾਪਸ ਮੇਰੇ ਵੱਲ ਆ ਗਈ। ਉਸਦੀਆਂ ਅੱਖਾਂ ਵਿੱਚ ਹੰਝੂ ਛਲਕ ਰਹੇ ਸਨ। ਫਿਰ ਉਸਦੇ ਬੁੱਲ ਫਰਕੇ ਤੇ ਉਹ ਹੌਲੀ ਜਿਹੇ ਬੋਲੀ:

"ਤੇਰੇ ਤੋਂ ਬਿਨਾਂ ਹੋਰ ਮੈਨੂੰ ਕੁਛ ਨਹੀਂ ਚਾਹੀਦਾ ਸੀ। ਪਰ ਰੱਬ ਚੰਦਰੇ ਨੂੰ ਇਹ ਵੀ ਮਨਜੂਰ ਨਹੀਂ.........।" ਉਸਦੇ ਹੰਝੂ ਬਹਿ ਤੁਰੇ। ਮੈਂ ਹੈਰਾਨ ਹੋਇਆ ਕਿ ਉਹ ਇਉਂ ਕਰੱਖਤ ਜਿਹਾ ਕਿਉਂ ਬੋਲਦੀ ਐ ਤੇ ਉਸਦੀ ਆਵਾਜ਼ ਨੂੰ ਕੀ ਹੋ ਗਿਆ। ਪਰ ਉਸਦੀ ਗੱਲ ਨੇ ਮੇਰੀ ਕਾਲਜਾ ਸੱਲ ਦਿੱਤਾ।

"ਪਰ ਫਿਰ .......," ਉਸਨੂੰ ਰੋਂਦੀ ਨੂੰ ਵੇਖਕੇ ਮੈਂ ਅਗਾਂਹ ਕੁਛ ਨਾ ਬੋਲਿਆ ਤੇ ਚੁੱਪ ਚਾਪ ਖੜਾ ਰਿਹਾ। ਉਸਨੇ ਛੇਤੀ ਹੀ ਆਪੇ 'ਤੇ ਕਾਬੂ ਪਾ ਲਿਆ।

"ਕਲ੍ਹ ਨੂੰ ਮੇਰਾ ਪਹਿਲਾ ਪੇਪਰ ਐ।" ਮੈਂ ਮਾਹੌਲ ਕੁਛ ਸਾਵਾਂ ਕਰਨ ਲਈ ਗੱਲ ਦਾ ਰੁੱਖ ਹੋਰ ਪਾਸੇ ਮੋੜਿਆ। ਉਸਨੇ ਅੱਖ ਚੁੱਕਕੇ ਮੇਰੇ ਵੱਲ ਵੇਖਿਆ।

"ਤੂੰ ਆਏਂਗੀ ਮੇਰਾ ਪੇਪਰ ਸ਼ੁਰੂ ਹੋਣ ਵੇਲੇ?"

"........" ਉਹ ਬਿਨ ਬੋਲਿਆਂ ਮੇਰੇ ਵੱਲ ਵੇਖਦੀ ਰਹੀ।

"ਜੇ ਤੂੰ ਨਾ ਆਈ ਤਾਂ ਮੈਂ ਪੇਪਰ ਈ ਨਹੀਂ ਦੇਣਾ। ਦੱਸ ਫਿਰ ਹੁਣ ਤਾਂ ਆਏਂਗੀ ਨਾ।"

ਉਸਨੇ ਹਾਂ ਵਿੱਚ ਸਿਰ ਹਿਲਾਇਆ ਤਾਂ ਮੈਨੂੰ ਬਹੁਤ ਤਸੱਲੀ ਹੋਈ। ਨਾਲ ਹੀ ਖਿਆਲ ਆਇਆ ਕਿ ਜਦੋਂ ਇਹ ਇੱਕ ਵਾਰ ਆ ਗਈ ਫਿਰ ਪੇਪਰ ਹੋਣ ਪਿੱਛੋਂ ਖੁੱਲ੍ਹਕੇ ਗੱਲ ਵੀ ਹੋ ਜਾਊ।

"ਵੇਖੀਂ ਭੁੱਲ ਨਾ ਜਾਈਂ। ਕਲ੍ਹ ਨੂੰ ਸਹੀ ਨੌਂ ਵਜੇ ਐ ਮੇਰਾ ਪੇਪਰ।"

ਉਸਨੇ ਸਿਰ ਹਿਲਾਉਂਦਿਆਂ ਸਹਿਮਤੀ ਪ੍ਰਗਟਾਈ ਤੇ ਅੰਦਰ ਵੱਲ ਨੂੰ ਤੁਰ ਪਈ। ਮੈਂ ਉਸਦੇ ਲੰਬੇ ਘਟਾਵਾਂ ਵਰਗੇ ਵਾਲਾਂ ਵੱਲ ਵੇਖਦਾ ਰਿਹਾ। ਉਹ ਕਮਰੇ ਵਿੱਚ ਚਲੀ ਗਈ ਤਾਂ ਮੈਂ ਘਰ ਨੂੰ ਵਾਪਸ ਮੁੜ ਪਿਆ। ਅਗਲੇ ਦਿਨ ਮੈਂ ਅੱਠ ਵਜੇ ਹੀ ਕਾਲਜ ਪਹੁੰਚ ਗਿਆ। ਮੈਨੂੰ ਪੇਪਰ

ਨਾਲੋਂ ਜ਼ਿਆਦਾ ਰਾਣੀ ਦੀ ਉਡੀਕ ਸੀ। ਸਮਾਂ ਗੁਜਰਦਾ ਰਿਹਾ, ਮੈਂ ਉਡੀਕਦਾ ਰਿਹਾ ਪਰ ਰਾਣੀ ਨਾ ਆਈ। ਜਦੋਂ ਪੇਪਰ ਸ਼ੁਰੂ ਹੋਣ ਵਿੱਚ ਥੋੜ੍ਹਾ ਹੀ ਸਮਾਂ ਰਹਿ ਗਿਆ ਤਾਂ ਮੈਂ ਹਾਲ ਵੱਲ ਨੂੰ ਤੁਰ ਪਿਆ। ਪਰ ਮੇਰੀਆਂ ਨਜ਼ਰਾਂ ਅਜੇ ਵੀ ਰਾਣੀ ਨੂੰ ਢੂੰਡ ਰਹੀਆਂ ਸਨ। ਮੈਂ ਘੜੀ ਵੱਲ ਨਜ਼ਰ ਮਾਰੀ ਤੇ ਫਿਰ ਕੁਛ ਮਿੰਟ ਹੋਰ ਉਸਨੂੰ ਉਡੀਕਣ ਲਈ ਹਾਲ ਦੇ ਮੂਹਰੇ ਇੱਕ ਖੂੰਜੇ ਜਿਹੇ ਵਿੱਚ ਬਹਿ ਗਿਆ। ਪਰ ਸਭ ਵਿਅਰਥ। ਉਹ ਨਾ ਆਈ। ਮੈਂ ਪੈਰ ਘੜੀਸਦਾ ਹਾਲ ਦੇ ਅੰਦਰ ਚਲਿਆ ਗਿਆ। ਪਰ ਮੇਰਾ ਮਨ ਤਾਂ ਕਿਧਰੇ ਹੋਰ ਹੀ ਗੁਆਚਿਆ ਹੋਇਆ ਸੀ। ਇਸ ਕਰਕੇ ਪੇਪਰ ਉੱਪਰ ਕੁਛ ਵੀ ਨਾ ਲਿਖ ਸਕਿਆ ਤੇ ਟਾਈਮ ਪੂਰਾ ਹੋਣ 'ਤੇ ਖਾਲੀ ਪੇਪਰ ਫੜਾਉਂਦਾ ਬਾਹਰ ਨਿਕਲ ਆਇਆ। ਇਸ ਦਾ ਨਤੀਜਾ ਇਹ ਹੋਇਆ ਕਿ ਮੈਂ ਪ੍ਰੀਇੰਜੀਨੀਅਰਿੰਗ ਵਿੱਚੋਂ ਫੇਲ੍ਹ ਹੋ ਗਿਆ ਤੇ ਮੈਨੂੰ ਡਿਗਰੀ ਵਿੱਚ ਦਾਖਲਾ ਨਾ ਮਿਲ ਸਕਿਆ। ਮੈਂ ਡਿਪਲੋਮੇ ਵਿੱਚ ਦਾਖਲਾ ਲੈ ਲਿਆ ਤੇ ਆਪਦਾ ਲੋਕਲ ਸ਼ਹਿਰ ਛੱਡਕੇ ਲੁਧਿਆਣੇ ਹੋਸਟਲ ਵਿੱਚ ਰਹਿਣ ਲੱਗਿਆ। ਇਸ ਵਿਚਕਾਰ ਮੇਰੇ ਦਿਲ ਵਿੱਚੋਂ ਰਾਣੀ ਵਾਲਾ ਵਿਗੋਚਾ ਕਦੇ ਨਾ ਗਿਆ ਤੇ ਮੈਂ ਹਮੇਸ਼ਾ ਉਸਨੂੰ ਭਾਲਦਾ ਰਿਹਾ। ਪਰ ਉਹ ਪਤਾ ਨਹੀਂ ਕਿੱਧਰ ਗੁਆਚ ਗਈ ਸੀ ਕਿ ਮੁੜਕੇ ਉਸਦੀ ਇੱਕ ਝਲਕ ਵੀ ਵੇਖਣ ਨੂੰ ਨਾ ਮਿਲੀ। ਫਿਰ ਮੈਂ ਡਿਪਲੋਮਾ ਪੂਰਾ ਕਰਕੇ ਨੌਕਰੀ 'ਤੇ ਲੱਗ ਗਿਆ। ਕੁਛ ਸਾਲ ਨੌਕਰੀ ਕੀਤੀ ਤੇ ਬਾਅਦ 'ਚ ਅਮਰੀਕਾ ਚਲਿਆ ਆਇਆ। ਇਹਨਾਂ ਗੱਲਾਂ ਨੂੰ ਦਸ ਸਾਲ ਬੀਤ ਗਏ ਤੇ ਮੈਂ ਉਹ ਦਿਨ ਭੁੱਲਕੇ ਆਪਣੀ ਜ਼ਿੰਦਗੀ ਵਿੱਚ ਗੁਆਚ ਗਿਆ।

"ਟਰਨ.....ਟਰਨ.....ਟਰਨ.." ਫੋਨ ਦੀ ਘੰਟੀ ਨੇ ਮੇਰੀ ਬਿਰਤੀ ਭੰਗ ਕੀਤੀ ਤੇ ਮੈਨੂੰ ਖਿਆਲਾਂ 'ਚੋਂ ਕੱਢਿਆ। ਮੈਂ ਫੋਨ ਦੇ ਸਕਰੀਨ ਵੱਲ ਕਾਹਲੀ ਨਾਲ ਵੇਖਿਆ ਕਿ ਸ਼ਾਇਦ ਰਾਣੀ ਦੀ ਕਾਲ ਆ ਗਈ। ਪਰ ਇਹ ਤਾਂ ਜਸਕੀਰਤ ਦਾ ਫੋਨ ਸੀ। ਮੇਰੇ ਫੋਨ ਚੁੱਕਦਿਆਂ ਹੀ ਉਸਨੇ ਪੁੱਛਿਆ ਕਿ ਕੀ ਰਾਣੀ ਨਾਲ ਗੱਲ ਹੋਈ। ਮੈਂ ਨਾਂਹ ਵਿੱਚ ਜੁਆਬ ਦਿੱਤਾ ਤਾਂ ਉਹ ਬੋਲਿਆ:

"ਮੈਨੂੰ ਲੱਗਦੈ ਕਿ ਉਸਦਾ ਹੌਂਸਲਾ ਈ ਨਹੀਂ ਪੈ ਰਿਹਾ ਹੋਣਾਂ।"

"ਫਿਰ ਤੂੰ ਕਿਵੇਂ ਕਿਹਾ ਸੀ ਕਿ ਉਹ ਫੋਨ ਕਰੂਗੀ ?" ਮੈਂ ਪੁੱਛਿਆ।

"ਕਿਹਾ ਤਾਂ ਉਸਨੇ ਸੀ। ਪਰ ਇੰਨੇ ਭਿਆਨਕ ਸਦਮਿਆਂ 'ਚੋਂ ਗੁਜ਼ਰਨ ਤੋਂ ਬਾਅਦ ਤਾਂ ਕੋਈ ਵੀ ਸਾਵਾਂ ਨਹੀਂ ਰਹਿ ਸਕਦਾ ਤੇ ਉਹ ਤਾਂ ਵਿਚਾਰੀ....।"

"ਕੀ ਮਤਲਬ ?"

"ਚੱਲ ਛੱਡ। ਅੱਜ ਸ਼ਾਮ ਨੂੰ ਮੈਂ ਤੈਨੂੰ ਉਸਦੇ ਘਰ ਹੀ ਲੈ ਚੱਲੂੰ।"

ਫਿਰ ਸ਼ਾਮ ਵੇਲੇ ਮੈਂ ਜਸਕੀਰਤ ਕੋਲ ਪਹੁੰਚ ਗਿਆ। ਉਸਨੇ ਆਪਦੀ ਸਿਕਿਉਰਟੀ ਵਾਲਿਆਂ ਨੂੰ ਝਕਾਨੀ ਦਿੱਤੀ ਸਾਧਾਰਣ ਜਿਹੇ ਲਿਬਾਸ ਵਿੱਚ ਮੇਰੇ ਨਾਲ ਤੁਰ ਪਿਆ। ਉਥੋਂ ਅਸੀਂ ਰਾਣੀ ਦੇ ਘਰ ਵੱਲ ਨੂੰ ਚੱਲ ਪਏ। ਮੈਨੂੰ ਹੈਰਾਨੀ ਅਤੇ ਵਿਸਮਾਦ ਨੇ ਘੇਰਿਆ ਹੋਇਆ ਸੀ। ਮੈਨੂੰ ਬੜੀ ਉਤਸਕਤਾ ਨਾਲ ਉਸ ਘੜੀ ਦੀ ਉਡੀਕ ਸੀ ਜਦੋਂ ਰਾਣੀ ਨਾਲ ਸਾਹਮਣਾ ਹੋਣਾ ਸੀ। ਉਸਦੇ ਘਰ ਕੋਲ ਪਹੁੰਚਕੇ ਜਸਕੀਰਤ ਨੇ ਪਤਾ ਕਰਵਾਇਆ ਤਾਂ ਪਤਾ ਚੱਲਿਆ ਕਿ ਰਾਣੀ ਘਰ ਨਹੀਂ ਹੈ ਤੇ ਉਹ ਉਸ ਦੇ ਪਿਛਾੜੀ ਪੈਂਦੇ ਗੁਆਂਢੀ ਦੇ ਘਰ ਗਈ ਹੋਈ ਹੈ ਜਿੱਥੇ ਕਿ ਕਿਸੇ ਦੇ ਘਰ ਹਫਤਾ ਪਹਿਲਾਂ ਕਿਸੇ ਦੇ ਮੁੰਡੇ ਦਾ ਜਨਮ ਹੋਇਆ ਸੀ। ਅਸੀਂ ਉਪਰ ਦੀ ਘੁੰਮ ਕੇ ਗੁਆਂਢੀ ਦੇ ਘਰ ਹੀ ਚਲੇ ਗਏ। ਅਗਾਂਹ ਜਾਕੇ ਵੇਖਿਆ ਕਿ ਨਵ ਜਨਮੇ ਬੱਚੇ ਦੀ ਖੁਸ਼ੀ ਮਨਾਈ ਜਾ ਰਹੀ ਸੀ। ਪੂਰਾ ਇਕੱਠ ਸੀ ਤੇ ਵਿਹੜੇ ਵਿੱਚ ਨੱਚਣ ਵਾਲਿਆਂ ਨੇ ਧਰਤੀ ਪੱਟਣੀ ਕੀਤੀ ਹੋਈ ਸੀ। ਮੈਂ ਇਕੱਠ ਵਿੱਚ ਥਾਂ ਜਿਹੀ ਬਣਾਉਂਦੇ ਨੇ ਆਲੇ ਦੁਆਲੇ ਵੇਖਿਆ ਕਿ ਸ਼ਾਇਦ ਕਿਸੇ ਪਾਸੇ ਖੜੀ ਰਾਣੀ ਦੀ ਝਲਕ ਮਿਲ ਜਾਵੇ ਪਰ ਉਹ ਮੈਨੂੰ ਕਿਤੇ ਨਾ ਦਿਸੀ। ਮੈਂ ਹੋਰਨਾਂ ਦੀ ਤਰ੍ਹਾਂ ਨੱਚਣ ਵਾਲਿਆਂ ਵੱਲ



ਵੇਖਣ ਲੱਗਿਆ। ਉਹ ਖੁਸਰੇ ਸਨ ਜੋ ਨੱਚ ਗਾਕੇ ਵਧਾਈਆਂ ਦੇ ਰਹੇ ਸਨ। ਉੱਧਰ ਵੇਖਦਾ ਮੈਂ ਦੂਸਰੇ ਪਾਸੇ ਨਿਗਾਹ ਮਾਰਦਾ ਰਾਣੀ ਨੂੰ ਲੱਭਣ ਦੀ ਕੋਸ਼ਿਸ਼ ਕਰ ਰਿਹਾ ਸੀ। ਮੈਂ ਅੰਦਰ ਵੱਲ ਨੂੰ ਵੇਖ ਰਿਹਾ ਸੀ ਜਦੋਂ ਮੈਨੂੰ ਜਸਕੀਰਤ ਨੇ ਕੂਹਣੀ ਮਾਰੀ।

"ਕੀ ਐ ?"

"ਉਹ ਵੇਖ ?"

"ਕਿੱਧਰ ?"

"ਸਾਹਮਣੇ ਵੇਖ ਰਾਣੀ।"

"ਮੈਨੂੰ ਤਾਂ ਕਿਤੇ ਦਿਸਦੀ ਨ੍ਹੀਂ।"

"ਉਸਨੇ ਤੈਨੂੰ ਵੇਖ ਲਿਆ ਐ ਤੇ ਵੇਖਿਆ ਵੀ ਜੀ ਭਰਕੇ ਐ।"

ਮੈਂ ਸਾਹਮਣੇ ਝਾਕਣ ਲੱਗਿਆ ਪਰ ਮੈਂ ਉਸਨੂੰ ਫਿਰ ਵੀ ਕਿਧਰੇ ਨਾ ਵੇਖ ਸਕਿਆ। ਉੱਧਰੋਂ ਨਜ਼ਰਾਂ ਹਟੀਆਂ ਤਾਂ ਧਿਆਨ ਫਿਰ ਨੱਚ ਰਹੇ ਖੁਸਰਿਆਂ ਵੱਲ ਚਲਾ ਗਿਆ। ਉਹ ਨੱਚਦੇ ਗਾਉਂਦੇ ਧਮਾਲਾਂ ਪਾ ਰਹੇ ਸਨ। ਮੈਂ ਘੁੰਡ ਕੱਢਕੇ ਨੱਚ ਅਤੇ ਗਾ ਰਹੇ ਖੁਸਰੇ ਦੇ ਨੇੜੇ ਹੋ ਗਿਆ। ਇੰਨੇ ਨੂੰ ਉਸਨੇ ਗਾਣਾ ਖਤਮ ਕਰਕੇ ਨੱਚਣਾ ਬੰਦ ਕੀਤਾ ਤੇ ਅਗਾਂਹ ਨੂੰ ਹੱਥ ਕੱਢਦਿਆਂ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ।

"ਹੁਣ ਮੈਂ ਆਪਣੇ ਦਿਲ ਦਾ ਗਾਣਾ ਸੁਣਾ ਰਹੀ ਆਂ।" ਇੰਨਾਂ ਕਹਿਕੇ ਖੁਸਰੇ ਨੇ ਪਰਾਂਹ ਨੂੰ ਮੂੰਹ ਕਰਕੇ ਲੰਬੀ ਹੇਕ ਲਾਈ।

"ਰੂਹ ਲੈ ਗਿਆ ਦਿਲਾਂ ਦਾ ਜਾਨੀ ਤੇ ਹੱਡ ਸਾਨੂੰ ਚੁੱਕਣੇ ਪਏ...ਦਿੱਤੀ ਰੱਬ ਚੰਦਰੇ ਨਾ ਢੋਈ, ਤੇਰਾ ਸੱਜਣਾ ਕਸੂਰ ਨਾ ਵੇ ਕੋਈ ਹੱਡ ਸਾਨੂੰ ਚੁੱਕਣੇ ਪਏ.......।" ਮੈਨੂੰ ਉਸਦੇ ਦਿਲ ਟੁੰਬਮੇ ਗੀਤ ਨੇ ਹਲੂਣ ਦਿੱਤਾ ਤੇ ਮੈਂ ਬੜੇ ਧਿਆਨ ਨਾਲ ਉਸਦਾ ਗੀਤ ਸੁਣਨ ਲੱਗਿਆ। ਉਸਨੇ ਗੀਤ ਗਾਉਂਦੀ ਨੇ ਗੇੜਾ ਦਿੱਤਾ ਤੇ ਫਿਰ ਮੇਰੇ ਵੱਲ ਨੂੰ ਆਉਂਦੀ ਗਈ। ਮੇਰੇ ਕੋਲ ਆਕੇ ਉਹ ਪਲ ਭਰ ਰੁਕੀ ਤੇ ਫਿਰ ਧਾਹ ਮਾਰਕੇ ਮੈਨੂੰ ਚੰਬੜ ਗਈ। ਉਸਦੀਆਂ ਧਾਹਾਂ ਨੇ ਮੈਨੂੰ ਹਿਲਾਕੇ ਰੱਖ ਦਿੱਤਾ। ਇੰਨੇ ਨੂੰ ਉਹਦੇ ਇਕ ਸਾਥੀ ਦੀ ਆਵਾਜ਼ ਆਈ:

"ਰਾਣੀ ! ਸੰਭਾਲ ਆਪਣੇ ਆਪ ਨੂੰ......।"

'ਹੈਂ ! ਰਾਣੀ !!.....ਰਾਣੀ ਐਂ ਇਹ !! ?'

ਮੈਨੂੰ ਲੱਗਿਆ ਜਿਵੇਂ ਸਰੀਰ 'ਚੋਂ ਬਿਜਲੀ ਲੰਘ ਗਈ ਹੋਵੇ। ਮੈਂ ਉਸਦੇ ਰੋਂਦੀ ਦੇ ਚਿਹਰੇ ਤੋਂ ਪੱਲਾ ਹਟਾਇਆ ਤੇ ਧਿਆਨ ਨਾਲ ਉਸਦੇ ਚਿਹਰੇ ਵੱਲ ਵੇਖਿਆ। ਉਸਦੇ ਦੁੱਖਾਂ ਨਾਲ ਝੁਰੜੇ ਚਿਹਰੇ ਤੋਂ ਦਸ ਸਾਲ ਪਹਿਲਾਂ ਵਾਲੀ ਰਾਣੀ ਦੇ ਨਕਸ਼ ਉਘੜਨ ਲੱਗੇ। ਹੌਲੀ ਹੌਲੀ ਉਸਦਾ ਚਿਹਰਾ ਸਾਫ ਹੋ ਗਿਆ ਤੇ ਮੈਂ ਉਸਦੇ ਉੱਪਰ ਦੀ ਬਾਂਹ ਵਲ ਲਈ।

---


**ਮੇਪਲ ਦੇ ਰੰਗ (ਕਹਾਣੀ ਸੰਗ੍ਰਹਿ)**

**ਕੈਨੇਡਾ ਦੀ ਚੋਣਵੀਂ ਕਹਾਣੀ**

**ਸੰਪਾਦਕ : ਜਰਨੈਲ ਸਿੰਘ**

## ਤਲਖ਼ੀਆਂ ਹੀ ਤਲਖ਼ੀਆਂ/ਜੋਗਿੰਦਰ ਸਿੰਘ ਨਿਰਾਲਾ

ਜ਼ਿੰਦਗੀ ਤਲਖ਼ੀਆਂ ਤੇ ਰੰਗੀਨੀਆਂ ਦਾ ਮਿਲਗੋਭਾ ਹੁੰਦੀ ਹੈ। ਮੇਰੇ ਜੀਵਨ ਦੇ ਹਿੱਸੇ ਤਲਖ਼ੀਆਂ ਕੁਝ ਵਧੇਰੇ ਹੀ ਆਈਆਂ, ਇਹ ਨਹੀਂ ਕਿ ਰੰਗੀਨੀਆਂ ਮਾਨਣ ਦੇ ਮੌਕੇ ਨਹੀਂ ਮਿਲੇ ਪਰ ਇਹ ਇੰਨੇ ਥੋੜ੍ਹ ਚਿਰੇ ਸਨ ਕਿ ਝੱਟ ਹੀ ਤਲਖ਼ੀਆਂ ਨੇ ਘੇਰੇ ਘੱਤ ਲਏ। ਸਮਾਜ ਵਿਚ ਵਿਚਰਦਿਆਂ ਬਹੁਤ ਸਾਰੇ ਅਜਿਹੇ ਵਿਅਕਤੀਆਂ ਅਤੇ ਵਰਤਾਰਿਆਂ ਨਾਲ ਵਾਹ ਪੈਂਦਾ ਹੈ ਜਿਸ ਕਾਰਨ ਤਣਾਓ ਦੀ ਸਥਿਤੀ ਉਤਪੰਨ ਹੋ ਜਾਂਦੀ ਹੈ ਅਤੇ ਇਹ ਸੰਤਾਪਮਈ ਤਣਾਓ, ਕਸ਼ਮਕਸ਼, ਦਬਾਓ ਹੀ ਤਲਖ਼ੀਆਂ ਨੂੰ ਜਨਮ ਦੇਣ ਦਾ ਕਾਰਨ ਬਣਦਾ ਹੈ। ਜੀਵਨ ਦੇ ਏਸ ਪੜਾ ਉਪਰ ਪਹੁੰਚ ਕੇ ਜਦੋਂ ਮੈਂ ਪਿਛਲ-ਝਾਤ ਮਾਰਦਾ ਹਾਂ ਤਾਂ ਮਹਿਸੂਸ ਹੁੰਦਾ ਹੈ ਕਿ ਜੇ ਅਜਿਹੀਆਂ ਤਲਖ਼ੀਆਂ ਦਾ ਸਾਹਮਣਾ ਨਾ ਕਰਨਾ ਪੈਂਦਾ ਤਾਂ ਮੈਂ 'ਨਿਰਾਲਾ' ਨਾ ਹੁੰਦਾ, ਕੋਈ ਹੋਰ ਹੁੰਦਾ। ਉਹ ਕਿਹੋ ਜਿਹਾ ਅਤੇ ਕੀ ਹੁੰਦਾ ਇਸ ਬਾਰੇ ਗੱਲ ਕਦੇ ਫੇਰ ਸਹੀ। ਸਮਾਜਿਕ, ਸਭਿਆਚਾਰਕ, ਰਾਜਨੀਤਕ, ਸਾਹਿਤਕ ਆਦਿ ਖੇਤਰਾਂ ਵਿਚ ਜਿਹੜੀਆਂ ਵਿਰੋਧੀ ਸਥਿਤੀਆਂ ਦਾ ਸਾਹਮਣਾ ਹੋਇਆ, ਏਹਨਾਂ ਦੇ ਵੇਰਵੇ ਵੀ 'ਕਦੇ ਫੇਰ ਸਹੀ' ਲੇਕਿਨ ਇਸ ਵੇਰਵੇ ਨੂੰ ਸੰਖੇਪ ਰੱਖਣ ਲਈ ਮੈਂ ਮਹਿਜ਼ ਉਹ ਹੀ ਲਏ ਹਨ ਜਿਹੜੇ ਮੇਰੇ 'ਕਿੱਤਿਆਂ' ਨਾਲ ਸੰਬੰਧਿਤ ਹਨ। ਮੇਰੇ ਬਹੁਤ ਸਾਰੇ ਸਾਥੀ ਅਜਿਹੇ ਹਨ ਜਿਹੜੇ ਫ਼ੌਜ ਵਿਚ ਭਰਤੀ ਹੋਏ ਅਤੇ 'ਫ਼ੌਜੀ' ਹੀ ਰਿਟਾਇਰ ਹੋਏ, ਕਲਰਕ ਭਰਤੀ ਹੋ ਕੇ 'ਕਲਰਕ' ਹੀ ਸੇਵਾ-ਮੁਕਤ ਹੋਏ, ਅਧਿਆਪਕ ਜਾਂ ਪ੍ਰੋਫੈਸਰ ਭਰਤੀ ਹੋ ਕੇ ਇਸੇ ਤਰ੍ਹਾਂ ਹੀ ਅਵਕਾਸ਼ ਪ੍ਰਾਪਤ ਕਰ ਗਏ, ਪਰ ਮੇਰੇ ਨਾਲ ਅਜਿਹਾ ਨਹੀਂ ਵਾਪਰਿਆ। ਜ਼ਿੰਦਗੀ ਵਿਚ ਏਨੇ 'ਪਾਪੜ ਵੇਲੇ' ਹਨ, ਏਨੇ 'ਕਿੱਤੇ' ਅਪਨਾਏ, ਜਿੰਨੇ ਬਾਕੀ ਲੋਕਾਂ ਨੂੰ ਅਪਨਾਉਣ ਲਈ ਕਈ ਕਈ ਜਨਮ ਧਾਰਨ ਕਰਨੇ ਪੈਣ। ਨਾਲ ਲੱਗਵੀਂ ਗੱਲ ਇਹ ਕਿ ਇਨ੍ਹਾਂ ਨੌਕਰੀਆਂ ਵਿਚ ਜਿਹੜੀਆਂ ਤਲਖ਼ੀਆਂ ਦਾ ਸਾਹਮਣਾ ਕਰਨਾ ਪਿਆ, ਉਹ ਸ਼ਾਇਦ ਹੀ ਕਿਸੇ 'ਮਾਂ ਦੇ ਲਾਲ' ਦੇ ਹਿੱਸੇ ਆਈਆਂ ਹੋਣੇ। ਇਸੇ ਲਈ ਵੀ ਮੈਂ ਕੁਝ ਹੀ 'ਕਿੱਤਿਆਂ' ਦੀਆਂ ਤਲਖ਼ੀਆਂ ਦੀ ਚੋਣ ਕੀਤੀ ਹੈ ਤਾਂ ਜੁ ਬਹੁਤੀਆਂ ਦਾ ਜ਼ਿਕਰ ਕਰਕੇ ਮੈਂ ਮਹਿਸੂਸ ਕਰਦਾ ਹਾਂ ਕਿ ਖੁਦ ਵੀ 'ਹੀਣ-ਭਾਵਨਾ' ਦਾ ਸ਼ਿਕਾਰ ਹੋਵਾਂਗਾ ਅਤੇ 'ਤਰਸ ਦਾ ਪਾਤਰ' ਬਣ ਕੇ ਤੁਹਾਡਾ ਵੀ ਦਿਲ ਦੁਖੀ ਕਰਾਂਗਾ।

**ਫ਼ੌਜ ਵਿਚ**

ਫ਼ੌਜ ਵਿੱਚ ਮੈਂ 9 ਜੁਲਾਈ, 1963 ਨੂੰ ਭਾਰਤੀ ਹੋਇਆ। 62 ਦੀ ਹਿੰਦ-ਚੀਨ ਦੀ ਲੜਾਈ ਸਮੇਂ ਐਮਰਜੰਸੀ ਦੌਰਾਨ ਭਰਤੀ ਖੁੱਲ੍ਹੀ ਸੀ। ਮੈਂ ਵੀ ਹੋਰਨਾਂ ਵਾਂਗ ਭਰਤੀ ਦੀ ਲਾਈਨ ਵਿਚ ਲੱਗ ਗਿਆ। ਖ਼ਿਆਲ ਸੀ ਪਈ ਮੇਰੇ ਵਰਗੇ 'ਮਾੜਕੂ ਜਿਹੇ, ਅਲੂੰਏ ਜਿਹੇ ਛੋਕਰੇ' ਨੂੰ ਕੌਣ ਭਰਤੀ ਕਰੇਗਾ। ਨਾਲੇ ਉਸ ਟਾਈਮ ਮੇਰੀ ਉਮਰ ਵੀ ਭਰਤੀ ਦੀ ਯੋਗ ਉਮਰ ਨਾਲੋਂ ਘੱਟ ਸੀ, ਪਰ ਭਰਤੀ ਜੁ ਸੀ ਐਮਰਜੰਸੀ ਦੀ, ਉਸ ਵੇਲੇ ਉਮਰ ਜਾਂ ਸਰੀਰਕ ਯੋਗਤਾ ਨੂੰ ਕੌਣ ਦੇਖਦਾ ਸੀ। ਫ਼ੌਜੀ ਅਫਸਰ ਆਪ ਕਹਿੰਦੇ ਸੁਣੇ ਜਾਂਦੇ ਸਨ, 'ਚੱਲੋ, ਇੱਕ ਗੋਲੀ ਤਾਂ ਠੰਢੀ ਕਰੇਗਾ।' ਖੈਰ! ਮੈਂ ਹੋਰਨਾਂ ਰਕਰੂਟਾਂ ਵਾਂਗ ਆਰਮੀ ਦੀ ਸਿਗਨਲ ਕੋਰ ਵਿਚ ਸਿਗਨਲਮੈਨ ਵਜੋਂ ਭਰਤੀ ਹੋਇਆ ਤਾਂ ਸਾਨੂੰ ਜਬਲਪੁਰ ਵਿਖੇ ਟਰੇਨਿੰਗ ਲਈ ਭੇਜ ਦਿੱਤਾ ਗਿਆ। ਰਸਤੇ ਵਿਚ ਤਾਂ ਅਸੀਂ 'ਮੌਜ ਮਸਤੀ' ਕਰਦੇ ਰਹੇ ਕਿਉਂਜੁ ਸਾਰੇ ਹੀ ਚੜ੍ਹਦੀ ਜਵਾਨੀ ਵਿਚ ਸਾਂ ਪਰ ਜਦੋਂ ਜਬਲਪੁਰ ਦੇ ਸਟੇਸ਼ਨ 'ਤੇ ਉੱਤਰ ਕੇ ਫ਼ੌਜੀ ਟਰੱਕ ਵਿਚ ਬੈਠੇ ਅਤੇ ਗਿਣਤੀ ਕਰਕੇ ਜਦੋਂ ਟਰੱਕ ਦਾ ਪਿਛਲਾ 'ਸ਼ਟਰ' ਬੰਦ ਕਰ ਦਿੱਤਾ ਮੈਂ ਮਹਿਸੂਸ ਕੀਤਾ ਪਈ ਕੈਦਖਾਨੇ ਵਿਚ ਫਸ ਗਏ। ਉਪਰੋਂ ਉਸਤਾਦ ਹੌਲਦਾਰ ਨੇ ਕਿਹਾ, 'ਏਹ ਫ਼ੌਜ ਹੈ, ਮੌਜ ਨਹੀਂ' ਤਾਂ ਸਾਡਾ ਤਾਂ ਸਾਹ ਹੀ ਸੂਤਿਆ ਗਿਆ। ਟਰੇਨਿੰਗ ਸੈਂਟਰ ਵਿਚ ਜਿਹੜੀਆਂ



ਤਲਖ਼ੀਆਂ ਦਾ ਸਾਹਮਣਾ ਕਰਨਾ ਪਿਆ, ਉਨ੍ਹਾਂ ਦੀ ਲਿਸਟ ਵੀ ਲੰਬੀ ਹੈ ਜਿਵੇਂ ਰੇਸ ਸਮੇਂ ਦੌਰਾਨ ਹਫ ਜਾਣਾ ਜਾਂ ਪਿੱਛੇ ਰਹਿ ਜਾਣਾ, ਰੱਸਾ ਨਾ ਚੜ੍ਹਨ ਕਾਰਣ ਰਾਈਫਲ ਦੇ ਬੱਟਾਂ ਦੀ ਮਾਰ, ਰਾਤ ਸਮੇਂ ਬੈਠਕਾਂ ਵਿਚ 'ਖਟਮਲਾਂ' ਦੀ ਭਰਮਾਰ ਆਦਿ ਆਦਿ। ਪਰ ਇਨ੍ਹਾਂ ਤੇ ਹੋਰਨਾਂ 'ਦੁਸ਼ਵਾਰੀਆਂ' ਦਾ ਜ਼ਿਕਰ ਛੱਡ ਮੈਂ ਦੋ ਘਟਨਾਵਾਂ ਦਾ ਜ਼ਿਕਰ ਜ਼ਰੂਰ ਕਰਨਾ ਚਾਹਾਂਗਾ। ਚੜ੍ਹਦੀ ਜਵਾਨੀ ਦੇ ਦਿਨਾਂ ਵਿਚ ਸੈਕਸ ਪੱਖੋਂ ਸਰੀਰ ਵਿਚ ਅਜੀਬ ਤਰ੍ਹਾਂ ਦੀਆਂ ਹਰਕਤਾਂ ਹੁੰਦੀਆਂ ਰਹਿੰਦੀਆਂ, ਜਿਹੜੀਆਂ ਕਈ ਤਰ੍ਹਾਂ ਦੀਆਂ 'ਹਲਚਲਾਂ' ਮਚਾ ਕੇ ਖੌਰੂ ਪਾਉਂਦੀਆਂ ਰਹਿੰਦੀਆਂ। ਇਕ ਦਿਨ ਮੇਰੇ ਮਿੱਤਰ ਸੁਖਵਿੰਦਰ ਨੇ ਕਿਹਾ ਕਿ ਅੱਜ 'ਆਊਟ ਪਾਸ' ਲੈ ਕੇ ਬਾਜ਼ਾਰ ਦੇ 'ਨਜ਼ਾਰੇ' ਲੈਣ ਚੱਲਣੈ। ਸ਼ਾਪਿੰਗ ਕਰਨ ਤੋਂ ਬਾਅਦ ਉਹ ਮੈਨੂੰ 'ਬਾਜ਼ਾਰ' ਵਿਚ ਲੈ ਵੜਿਆ। ਮੈਂ ਦੇਖ ਕੇ ਹੈਰਾਨ ਰਹਿ ਗਿਆ। ਉਹਨਾਂ ਦਿਨਾਂ ਵਿਚ ਮੱਧ-ਪ੍ਰਦੇਸ਼ ਵਿਚ 'ਵੇਸਵਾਗਿਰੀ' ਦੀ ਖੁੱਲ੍ਹ ਸੀ। ਬਹੁਤ ਸਾਰੀਆਂ ਕੋਠਿਆਂ ਉਪਰ ਬੈਠੀਆਂ ਇਸ਼ਾਰੇ ਕਰ ਕਰ ਕੇ 'ਗਾਹਕਾਂ' ਨੂੰ ਬੁਲਾ ਰਹੀਆਂ ਸਨ। ਇੱਕ ਵੱਲ ਜਦੋਂ ਮੈਂ ਦੇਖਿਆ ਤਾਂ ਦੇਖਦਾ ਹੀ ਰਹਿ ਗਿਆ, ਉਸਨੇ ਮੈਨੂੰ ਅੱਖ ਮਾਰ ਦਿੱਤੀ ਅਤੇ ਹੱਥ ਦੇ ਇਸ਼ਾਰਿਆਂ ਨਾਲ ਉਪਰ ਬੁਲਾਉਣ ਲੱਗੀ। ਮੇਰੀ ਜ਼ਿੰਦਗੀ ਵਿਚ ਇਹ ਪਹਿਲਾ ਮੌਕਾ ਸੀ, ਜਦੋਂ ਮੈਂ ਕਿਸੇ 'ਔਰਤ' ਨੂੰ ਏਦਾਂ ਇਸ਼ਾਰੇ ਕਰਕੇ ਬੁਲਾਉਂਦਿਆਂ ਵੇਖਿਆ ਹੋਵੇ। ਮੈਂ ਸੁਖਵਿੰਦਰ ਨੂੰ ਕਿਹਾ, 'ਚੱਲੀਏ, ਉਪਰ।' 'ਸਾਲਿਆ! ਮਰਨੈਂ, ਵੀ. ਡੀ. ਲੱਗ ਜੂ। ਨਾਲੇ ਦੇਖ ਉਹ ਸਾਹਮਣੇ ਸਿਵਲ ਡਰੈਸ ਵਿਚ ਮਿਲਟਰੀ ਪੁਲੀਸ ਦੇ ਜਵਾਨ ਖੜੇ ਆਪਾਂ ਨੂੰ ਓਬਜਰਵ ਕਰ ਰਹੇ ਨੇ।' ਸਵੇਰ ਦੀ 'ਰੋਲ ਕਾਲ' ਸਮੇਂ ਸਾਨੂੰ ਦੁਹਾਂ (ਸੁਖਵਿੰਦਰ ਤੇ ਮੈਨੂੰ) ਖੜਾ ਕਰ ਲਿਆ ਗਿਆ, ਕੰਪਨੀ ਹੌਲਦਾਰ ਨੇ ਲੰਮਾ ਚੌੜਾ ਭਾਸ਼ਣ ਝਾੜਦਿਆਂ ਕਿਹਾ, 'ਇਨ ਕੋ ਦੇਖੋ, ਯੇ ਸਾਲੇ ਉਧਰ ਘੂੰਮ ਰਹੇ ਥੇ, ਅਬ ਇਨਕੀ ਉਮਰ ਹੀ ਕਿਆ ਹੈ...।' ਏਸ ਲੰਬੇ ਚੌੜੇ ਭਾਸ਼ਣ ਤੋਂ ਬਾਅਦ ਉਸਨੇ ਸਾਨੂੰ 'ਸੱਤ ਦਿਨ ਲਈ ਪਿੱਠੂ ਦੀ ਸਜ਼ਾ' ਸੁਣਾ ਦਿੱਤੀ। ਫ਼ੌਜ ਵਿਚ ਇਕ ਹੋਰ ਤਲਖ਼ੀ ਹੈ ਜਿਸਦਾ ਜ਼ਿਕਰ ਭਾਵੇਂ ਮੈਂ ਪਹਿਲਾਂ ਵੀ ਆਪਣੀ 'ਨੰਗੀ ਸੜਕ ਦੀ ਗਾਥਾ' ਵਿਚ ਕਰ ਚੁੱਕਿਆ ਹਾਂ, ਏਥੇ ਵੀ ਕਰ ਰਿਹਾ ਹਾਂ। ਫ਼ੌਜ ਵਿਚ ਰਾਈਫਲ ਟਰੇਨਿੰਗ ਲਈ ਅਸੀਂ ਹੌਲਦਾਰ ਕਰਤਾਰ ਸਿੰਘ ਦੇ ਅੰਡਰ ਸਾਂ। ਹੌਲਦਾਰ ਕਰਤਾਰ ਸਿੰਘ ਬੜਾ ਹੀ ਦਲੇਰ ਅਤੇ ਦਿਲਚਸਪ ਪਾਤਰ ਸੀ। ਉਹ ਸਿੱਧਾ ਹਵਲਦਾਰ ਭਰਤੀ ਹੋਇਆ ਅਤੇ ਸਾਰੀ ਨੌਕਰੀ ਦੌਰਾਨ 'ਹੌਲਦਾਰ' ਹੀ ਰਿਹਾ, ਇਹ ਨਹੀਂ ਕਿ ਉਸਦੇ ਸਟਾਰ ਨਹੀਂ ਲੱਗੇ, ਪਰ ਸਾਰੇ ਕਿਸੇ ਨਾ ਕਿਸੇ ਅਨੁਸ਼ਾਸਨੀ ਕਾਰਗੁਜ਼ਾਰੀ ਦੀ ਭੇਂਟ ਹੁੰਦੇ ਰਹੇ। ਖੈਰ...ਜਦੋਂ ਰਾਈਫਲ ਟਰੇਨਿੰਗ ਦਾ ਇਮਤਿਹਾਨ ਸੀ ਤਾਂ ਸਾਨੂੰ 'ਬਕੇਰ' ਵੱਲ ਜਾਣ ਦੀ ਮਨਾਹੀ ਸੀ। ਕਰਤਾਰ ਸਿੰਘ ਨੇ ਦੱਸਿਆ ਕਿ ਬੰਕਰ ਵਿੱਚ ਹੌਲਦਾਰ ਰੰਗਾਸਵਾਸੀ ਦੀ ਡਿਊਟੀ ਹੈ, ਜਿਸਨੂੰ 'ਮੁੰਡੇ' ਖਰਾਬ ਕਰਨ ਦੀ ਆਦਤ ਹੈ, ਏਸ ਲਈ ਉਸਨੂੰ ਯੂਨਿਟ ਵਿਚ ਆਉਣ ਤੋਂ ਰੋਕਿਆ ਗਿਆ ਹੈ। ਸਾਡੇ 'ਚੋਂ ਇਕ ਨੂੰ ਉਹ ਫੁਸਲਾ ਕੇ ਲੈ ਵੀ ਗਿਆ ਅਤੇ ਜਦੋਂ ਉਹ ਵਾਪਸ ਆਇਆ, ਉਸਦੀ ਸਾਰੀ ਪੈਂਟ ਲਹੂ ਨਾਲ ਭਰੀ ਪਈ ਸੀ। ਉਹ ਸੱਤ ਦਿਨ ਮਿਲਟਰੀ ਹਸਪਤਾਲ ਵਿਚ ਇਲਾਜ ਕਰਵਾਉਂਦਾ ਰਿਹਾ। ਫ਼ੌਜ ਦਾ ਕਾਨੂੰਨ ਵੇਖੋ, ਰੰਗਾਸਵਾਮੀ ਨੂੰ ਤਾਂ ਕੁਝ ਨਾ ਕਿਹਾ ਗਿਆ ਪਰ ਉਸ ਮੁੰਡੇ ਨੂੰ ਸੱਤ ਦਿਨ 'ਕੁਆਰਟਰ ਮਾਰਡ' ਵਿਚ ਜੇਲ੍ਹ ਦੀ ਹਵਾ ਖਾਣੀ ਪਈ। ਫਾਈਫਲ ਸਟੇਰਿੰਗ ਦੇ ਇਮਤਿਹਾਨ ਦੌਰਾਨ ਹੀ ਜਦੋਂ ਮੇਰੀ ਲਾਈਟ ਮਸ਼ੀਨ ਗਨ ਚਲਾਉਣ ਦੀ ਵਾਰੀ ਆਈ ਤਾਂ ਸਾਹਮਣੇ ਇੱਕ ਹੋਰ ਰੰਗਰੂਟ ਜਿਸਦੀ ਖਾਲੀ ਖੋਖੇ ਚੁੱਕਣ ਦੀ ਡਿਊਟੀ ਸੀ, ਖਾਲੀ ਖੋਖੇ ਚੁੱਕ ਰਿਹਾ ਸੀ, ਤਾਂ ਮੈਥੋਂ ਅਚਨਚੇਤ ਹੀ 'ਘੋੜਾ' ਦੱਬ ਹੋ ਗਿਆ, ਮਸ਼ੀਨ ਗਨ ਵਿੱਚ ਫਸਿਆ ਕਾਰਤੂਸ ਚੱਲ ਗਿਆ, ਸ਼ੁਕਰ ਹੈ ਰੱਬ ਦਾ ਉਸ ਵੇਲੇ ਉਹ ਰੰਗਰੂਟ ਝੁਕ ਕੇ ਖਾਲੀ ਖੋਖੇ ਚੁੱਕ ਰਿਹਾ ਸੀ, ਜੇ ਖੜਾ ਹੁੰਦਾ ਤਾਂ ਉਸਨੇ ਮੇਰੇ ਹੱਥੋਂ ਮਾਰਿਆ ਜਾਣਾ ਸੀ। ਇਸ 'ਤੇ ਭਾਵੇਂ ਉਸਤਾਦ ਨੇ ਮੈਨੂੰ ਪਾਸ ਤਾਂ ਕਰ ਦਿੱਤਾ ਪਰ ਰਾਈਫਲ ਦੇ ਬੱਟ ਮਾਰ ਮਾਰ ਕੇ ਜਿਹੜੀ ਮੇਰੀ ਧੋੜੀ ਲਾਹੀ, ਉਹ ਮੈਂ ਹੀ ਜਾਣਦਾ ਹਾਂ।

**ਕਲਰਕੀ ਦੌਰਾਨ**

ਮੈਂ ਕਲਰਕ ਨਹੀਂ ਸਾਂ ਬਣਨਾ ਚਾਹੁੰਦਾ। ਕਲਰਕੀ ਤੋਂ ਮੈਨੂੰ ਜਨਮ-ਜਾਤ ਦੀ ਨਫ਼ਰਤ ਸੀ। ਕਲਰਕ ਨੂੰ 'ਡੰਬ ਤੇ ਡੌਂਗ' ਕਿਹਾ ਗਿਆ ਹੈ ਪਰ ਕਹਿੰਦੇ ਨੇ 'ਕਿਸੀ ਕੋ ਸਾਰਾ ਜਹਾਂ ਨਹੀਂ ਮਿਲਤਾ।' ਮੈਨੂੰ ਕਲਰਕੀ ਵੀ ਕਰਨੀ ਪਈ। 1975 ਤੋਂ ਲੈ ਕੇ 1980 ਤੱਕ ਮੈਂ ਬਿਜਲੀ ਬੋਰਡ ਵਿਚ ਕਲਰਕ ਰਿਹਾ। ਭਾਵੇਂ ਥੋੜ੍ਹੀ ਬਹੁਤੀ ਸੌਖ ਰਹੀ, ਕਿਉਂਕਿ ਮੈਂ ਅਪਰ ਡਵੀਜ਼ਨ ਕਲਰਕ ਸਾਂ, ਇਸ ਲਈ ਦਫਤਰ ਦਾ ਸਾਰਾ ਮਨਸਟਰੀਅਲ ਅਸਲਾ ਮੇਰੇ ਅੰਡਰ ਸੀ। ਬਹੁਤ ਸਾਰੇ ਲੋਕ ਹੁਣ ਵੀ ਮੈਨੂੰ 'ਸਾਬਕਾ ਬੋਰਡ ਇੰਪਲਾਈ' ਹੀ ਸਮਝਦੇ ਹਨ। ਖੈਰ ਇੱਥੇ ਆਪਣੇ 'ਬਾਗੀਆਨਾ ਤਬੀਅਤ' ਕਾਰਨ ਮੈਨੂੰ ਬਹੁਤ ਸਾਰੀਆਂ 'ਤਲਖ਼ੀਆਂ' ਝੱਲਣੀਆਂ ਪਈਆਂ। ਥੋੜ੍ਹਾ ਬਹੁਤ ਮਾਰਕਸਵਾਦ ਪੜ੍ਹਿਆ ਹੋਣ ਕਰਕੇ ਅਤੇ ਜਥੇਬੰਦੀ ਦਾ ਭੁਸ ਪੈਣ ਕਾਰਨ ਮੈਨੂੰ ਬਿਜਲੀ ਬੋਰਡ ਦੀ ਸੀ. ਸੀ. ਐਮ. ਸੀ. ਏ ਦਾ ਜ਼ਿਲ੍ਹੇ ਦਾ ਜਥੇਬੰਦਕ ਸਕੱਤਰ ਬਣਾ ਦਿੱਤਾ, ਹੜਤਾਲਾਂ ਕਰਨੀਆਂ, ਕਰਵਾਉਣੀਆਂ, ਮੁਲਾਜ਼ਮਾਂ ਦੇ ਰੁਕੇ ਹੋਏ ਕੰਮ ਕਰਵਾਉਣੇ ਅਤੇ ਸੰਗਰੂਰ ਜ਼ਿਲ੍ਹੇ ਵਿਚ 'ਯੂਨਿਟਾਂ' ਸਥਾਪਿਤ ਕਰਨੀਆਂ ਮੇਰੇ ਜ਼ਿੰਮੇ ਸਨ, ਜਿਸ ਲਈ ਮੈਂ ਛੇਤੀ ਹੀ ਅਫ਼ਸਰਾਂ ਦੀ ਨਿਗਾਹ ਚੜ੍ਹ ਗਿਆ। ਐਕਸੀਅਨ ਖੁਰਾਣਾ ਮੇਰੇ ਵਿਰੁੱਧ ਅਨੁਸ਼ਾਸਨੀ ਕਾਰਵਾਈ ਕਰਨ ਲਈ ਮੇਰੇ ਐਸ. ਡੀ. ਓ. ਗਰਗ ਨੂੰ ਉਕਸਾਉਂਦਾ ਰਹਿੰਦਾ ਪਰ ਗਰਗ ਕਿਉਂਜੁ ਬਰਨਾਲੇ ਵਿਆਹਿਆ ਹੋਇਆ ਸੀ, ਅਤੇ ਫੇਰ ਜਿਸ ਕੁੜੀ ਨਾਲ ਵਿਆਹਿਆ ਸੀ, ਉਹ ਮੇਰੀ ਕਲਾਸ ਫੈਲੋ ਵੀ ਰਹੀ ਸੀ ਅਤੇ ਕਾਲਜ ਸਮੇਂ ਦੌਰਾਨ ਮੈਂ ਐਸ. ਐਫ. ਆਈ. ਦੇ ਮੋਢੀਆਂ 'ਚੋਂ ਹੋਣ ਕਰਕੇ ਹਮੇਸ਼ਾ 'ਆਦਰਸ਼ ਵਿਦਿਆਰਥੀ' ਹੀ ਬਣਿਆ ਰਹਿਣਾ ਚਾਹੁੰਦਾ ਸਾਂ। ਮੇਰੀ ਕੁੜੀਆਂ ਵਿਚ 'ਚੰਗੀ ਭੱਲ' ਸੀ। ਇਹਨਾਂ ਅਤੇ ਹੋਰ ਕਾਰਨਾਂ ਕਰਕੇ ਐਸ. ਡੀ. ਓ. ਗਰਗ ਮੇਰੀ ਹਮੇਸ਼ਾ ਤਰਫਦਾਰੀ ਕਰਦਾ ਰਹਿੰਦਾ। ਇਕ ਵਾਰ ਟੀ. ਐਸ. ਯੂ. ਨੇ ਐਕਸੀਅਨ ਖੁਰਾਣਾ ਦੇ ਖਿਲਾਫ ਉਸਦੀ ਕੋਠੀ ਅੱਗੇ ਅਣਮਿੱਥੇ ਸਮੇਂ ਲਈ ਧਰਨਾ ਦਿੱਤਾ ਅਤੇ ਸੀ. ਸੀ. ਐਮ. ਸੀ. ਏ. ਵੱਲੋਂ ਮੇਰੀ ਸ਼ਿਰਕਤ ਲਾਜ਼ਮੀ ਸੀ। ਉਸਨੇ ਬਹੁਤ ਸਾਰੇ ਮੁਲਾਜ਼ਮਾਂ ਨੂੰ ਸਸਪੈਂਡ ਕਰ ਦਿੱਤਾ। ਮੈਨੂੰ ਭਾਵੇਂ ਸਸਪੈਂਡ ਤਾਂ ਨਾ ਕੀਤਾ (ਕਿਉਂਜਿ ਮੇਰੇ ਫੁੱਫੜ ਜੀ, ਖੁਦ ਰਿਟਾਇਰ ਐਕਸੀਅਨ ਸਨ ਤੇ ਮੈਨੂੰ ਇਨ੍ਹਾਂ 'ਕੁੱਤੇ ਕੰਮਾਂ' ਤੋਂ ਵਰਜਦੇ ਰਹਿੰਦੇ ਸਨ, ਭਾਵੇਂ ਮੈਂ ਉਨ੍ਹਾਂ ਦੀ ਗੱਲ ਕਦੇ ਨਾ ਮੰਨੀ) ਪਰ ਮੈਨੂੰ ਆਪ ਵੀ 'ਹਿਟ ਲਿਸਟ' ਦੀ ਵੇਟਿੰਗ ਲਿਸਟ ਵਿਚ ਰੱਖ ਲਿਆ। ਅਤੇ ਇਹ ਮੌਕਾ ਵੀ ਉਸਨੂੰ ਛੇਤੀ ਹੀ ਮਿਲ ਗਿਆ ਜਦੋਂ ਮੈਂ 'ਲੰਬੀ ਛੁੱਟੀ' ਲੈਕੇ ਪਟਿਆਲੇ ਬੀ. ਐੱਡ. ਕਰਨ ਚਲਿਆ ਗਿਆ। ਬੀ. ਐੱਡ. ਕਰਨ ਤੋਂ ਬਾਅਦ ਜਦੋਂ ਆਇਆ ਤਾਂ ਉਸਨੇ ਮੈਨੂੰ ਜੁਆਇਨ ਤਾਂ ਕਰਵਾ ਲਿਆ ਪਰ ਨਾਲ ਹੀ ਚਾਰਜ-ਸ਼ੀਟ ਵੀ ਕਰ ਦਿੱਤਾ। ਭਾਵੇਂ ਮੈਂ ਚਾਰਜ-ਸ਼ੀਟ ਦਾ ਜੁਆਬ ਪੂਰੀ ਤਸੱਲੀ ਨਾਲ ਦਿੱਤਾ ਸੀ ਪਰ ਜਿਵੇਂ ਉਹ ਪਹਿਲਾਂ ਹੀ ਫੈਸਲਾ ਕਰੀ ਬੈਠਾ ਸੀ, ਮੇਰੇ ਪੰਜ ਇੰਕਰੀਮੈਂਟ ਵਿਚ ਫਿਊਚਰ ਇਫੈਕਟ ਬੰਦ ਕਰ ਦਿੱਤੇ। ਉਸ ਸਮੇਂ ਮੇਰੀ ਸਰਵਿਸ ਵੀ ਪੰਜ ਸਾਲਾਂ ਦੀ ਹੀ ਹੋਈ ਸੀ। ਭਾਵੇਂ ਇਹ ਮੇਰੀਆਂ ਤਲਖ਼ੀਆਂ ਵਿਚ ਵਾਧਾ ਕਰਨ ਹੀ ਕੀਤਾ ਗਿਆ ਸੀ, ਪਰ ਇਸ ਸਮੇਂ ਦੌਰਾਨ ਹੀ ਮੈਂ ਬਿਜਲੀ ਬੋਰਡ ਦੀ ਨੌਕਰੀ ਛੱਡ ਦੇਣ ਦਾ ਫੈਸਲਾ ਵੀ ਕਰ ਲਿਆ ਸੀ, ਏਸ ਲਈ ਇਹ 'ਸਜ਼ਾ' ਮੇਰੇ ਲਈ ਕੋਈ ਬਹੁਤੀ ਅਹਿਮੀਅਤ ਨਹੀਂ ਸੀ ਰੱਖਦੀ। ਅਗਸਤ, 1980 ਨੂੰ ਮੇਰੀ ਸਿਲੈਕਸ਼ਨ ਪੰਜਾਬ ਐਗਰੀਕਲਰਚਲ ਯੂਨੀਵਰਸਿਟੀ, ਲੁਧਿਆਣਾ ਵੱਲੋਂ ਚਲਾਏ ਜਾ ਰਹੇ ਸਾਇੰਸ ਕਾਲਜ, ਕਾਉਣੀ ਵਿਖੇ ਹੋ ਗਈ।

ਅੱਸੀਵਿਆਂ ਵਿਚ ਹੀ ਮੇਰੇ ਉਪਰ ਪੀ. ਐਚ. ਡੀ. ਕਰਨ ਦਾ ਭੂਤ ਸਵਾਰ ਹੋ ਗਿਆ। ਇਸ ਤੋਂ ਪਹਿਲਾਂ ਇਕ ਹੋਰ ਗੱਲ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਜਦੋਂ ਮੇਰੀ ਨਿਯੁਕਤੀ ਕਾਉਣੀ ਵਿਖੇ ਹੋਈ ਤਾਂ ਦੋਸਤਾਂ/ਮਿੱਤਰਾਂ ਨੇ ਬੜਾ ਕੋਸਿਆ। ਇਕ ਤਾਂ ਇਹ ਨਿਯੁਕਤੀ ਟੈਂਪੇਰੇਰੀ ਸੀ, ਛੇ



ਮਹੀਨਿਆਂ ਬਾਅਦ ਮਨਜ਼ੂਰੀ ਲੈਣੀ ਪੈਂਦੀ ਸੀ, ਬਿਜਲੀ ਬੋਰਡ ਵਿੱਚ ਪੱਕੀ ਨੌਕਰੀ ਅਤੇ ਪੈਨਸ਼ਨ ਯੋਗ ਸੀ, ਇਸ ਲਈ ਹਿਤੈਸ਼ੀਆਂ ਅਤੇ ਸਨੇਹੀਆਂ ਨੂੰ ਮੇਰਾ ਇਹ ਫੈਸਲਾ 'ਬਚਕਾਨਾ' ਲਗਦਾ ਸੀ, ਪਰ ਮੇਰੀ ਫਿਤਰਤ ਹੀ ਅਜਿਹੀ ਹੈ ਕਿ ਮੈਂ ਕਿਸੇ ਵੀ ਕਿੱਤੇ ਵਿਚ ਪੱਕੀ ਤਰ੍ਹਾਂ ਟਿਕਿਆ ਨਹੀਂ ਰਹਿ ਸਕਦਾ।(ਸਕੂਲ ਮਾਸਟਰੀ, ਤਹਿਸੀਲ ਦੀ ਕਲਰਕੀ, ਫੂਡ ਸਪਲਾਈ ਦੀ ਸਬ-ਇੰਸਪੈਕਟਰੀ ਆਦਿ ਕੁਝ ਹੋਰ ਨੌਕਰੀਆਂ ਹਨ, ਜਿਹੜੀਆਂ ਮੈਂ ਕੀਤੀਆਂ ਅਤੇ 'ਆਵਾਜਾਰੀਆਂ' ਵੀ ਝੱਲੀਆਂ ਪਰ ਇਨ੍ਹਾਂ ਦਾ ਜ਼ਿਕਰ ਕਦੇ ਫੇਰ ਕਰਾਂਗਾ।) ਅੱਸੀਵਿਆਂ ਵਿਚ ਪੀ. ਐਚ. ਡੀ. ਕਰਨ ਲਈ ਮੈਨੂੰ ਡਾਕਟਰ ਐਸ. ਐਸ. ਦੁਸਾਂਝ ਤੇ ਡਾ. ਸਾਧੂ ਸਿੰਘ ਨੇ ਪਰੇਰਿਆ। ਉਹ ਕਹਿਣ ਲੱਗੇ, "ਦੇਖ ਜੇ ਯੂਨੀਵਰਸਿਟੀ ਦੀ ਨੌਕਰੀ ਕਰਨੀ ਹੈ ਤਾਂ ਪੀ. ਐਚ. ਡੀ. ਕਰ ਲੈ ਨਹੀਂ ਤਾਂ ਸੁਰਜੀਤ ਪਾਤਰ ਵਾਂਗ ਸਾਰੀ ਉਮਰ ਸਹਾਇਕ ਪ੍ਰੋਫੈਸਰ ਹੀ ਰਹੇਂਗਾ। (ਉਦੋਂ ਤੱਕ ਪਾਤਰ ਨੇ ਪੀ. ਐਚ. ਡੀ. ਨਹੀਂ ਸੀ ਕੀਤੀ।) ਮੇਰੀ ਰਜਿਸਟਰੇਸ਼ਨ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਹੋਏ ਸੀ, ਗਾਈਡ ਸੀ ਤਾਂ ਗੁਰਬਖ਼ਸ਼ ਸਿੰਘ ਫਰੈਂਕ ਜਿਸਦਾ ਅਕਸ ਵਿਭਾਗ ਵਿਚ 'ਸਨਕੀ' ਜਿਹਾ ਸੀ। ਪਰ ਮੇਰੇ ਨਾਲ ਉਨ੍ਹਾਂ ਦਾ ਵਰਤ ਵਿਚਾਰ ਚੰਗਾ ਹੀ ਰਿਹਾ। ਫੇਰ ਤੁਹਾਨੂੰ ਪਤਾ ਹੀ ਹੈ ਅੱਸੀਵਿਆਂ ਦਾ ਸਮਾਂ 'ਖਾੜਕੂਵਾਦ' ਦਾ ਸਮਾਂ ਸੀ ਅਤੇ ਅੰਮ੍ਰਿਤਸਰ ਤਾਂ ਖਾੜਕੂਆਂ ਦਾ ਗੜ੍ਹ ਸੀ। ਜਦੋਂ ਮੈਂ ਆਪਣਾ ਚੈਪਟਰ ਲੈ ਕੇ ਜਾਂਦਾ ਸਾਂ ਤਾਂ ਹਮੇਸ਼ਾ ਰਾਹ ਵਿਚ 'ਖਾੜਕੂਆਂ' ਦੀਆਂ ਲੱਦੀਆਂ ਲਾਸ਼ਾਂ ਵੇਖ ਕੇ ਦਹਿਲ ਜਾਂਦਾ ਸਾਂ। ਪਰ ਅਸ਼ਕੇ ਜਾਈਏ ਡਾ. ਫਰੈਂਕ ਅਤੇ ਮੋਹਨ ਸਿੰਘ ਰਾਹੀ ਦੇ ਜਿਨ੍ਹਾਂ ਦੇ ਘਰ ਭਾਵੇਂ ਛੋਟੇ ਸਨ ਪਰ ਦਿਲ ਬਹੁਤ ਵੱਡੇ ਸਨ। ਅਜਿਹੇ ਬੰਦਿਆਂ ਦੇ ਘਰਾਂ ਅਤੇ ਦਿਲਾਂ ਵਿਚ ਰਹਿ ਕੇ ਹੀ ਮੈਂ ਪੀ. ਐਚ. ਡੀ. ਕਰ ਸਕਿਆ। 1987 ਵਿਚ ਅਣਖੀ ਨੂੰ ਸਾਹਿਤਕ ਅਕਾਡਮੀ ਦਾ ਇਨਾਮ ਅਤੇ ਮੈਨੂੰ ਪੀ. ਐਚ. ਡੀ. ਦੀ ਡਿਗਰੀ ਇਕੱਠਿਆਂ ਹੀ ਮਿਲੀ ਤਾਂ ਡਾ. ਫਰੈਂਕ ਨੇ ਕਿਹਾ, "ਤੇਰੇ ਲਈ ਪੀ. ਐਚ. ਡੀ. ਡਿਗਰੀ ਕਿਸੇ ਵੀ ਤਰ੍ਹਾਂ ਸਾਹਿਤਕ ਅਕਾਡਮੀ ਦੇ ਇਨਾਮ ਨਾਲੋਂ ਘੱਟ ਨਹੀਂ।" ਪਰ ਪੀ. ਐਚ. ਡੀ. ਕਰਨ ਨਾਲ ਹੀ ਮੇਰੀਆਂ ਤਲਖ਼ੀਆਂ ਵਿਚ ਵਾਧਾ ਹੋਣਾ ਸ਼ੁਰੂ ਹੋ ਗਿਆ। ਸਾਡੇ ਕਾਲਜ ਦਾ ਡੀਨ ਜਿਹੜਾ ਮੇਰਾ ਚੰਗਾ ਮਿੱਤਰ ਸੀ, ਉਹ ਮੇਰੇ ਨਾਲ ਖਾਰ ਖਾਣ ਲੱਗ ਪਿਆ। ਮੈਂ ਕਿਉਂਜੁ ਉਸਦੇ ਆਉਣ ਤੋਂ ਪਹਿਲਾਂ ਹੀ ਉਥੇ ਕੰਮ ਕਰਦਾ ਸਾਂ ਅਤੇ ਵਿਦਿਆਰਥਣਾਂ ਵਿਚ ਕਾਫੀ 'ਪਾਪੂਲਰ ਸਾਂ', ਇਸ ਲਈ ਉਸਨੂੰ ਮੇਰੇ ਪੀ. ਐਚ. ਡੀ. ਕਰਨ ਨਾਲ ਇਹ ਜਾਪਣ ਲੱਗ ਪਿਆ ਪਈ ਮੈਂ ਉਸਦੀ ਜਗ੍ਹਾ ਲੈ ਲਵਾਂਗਾ। ਹਾਲੇਕਿ ਮੇਰਾ ਅਜਿਹਾ ਕੋਈ ਇਰਾਦਾ ਨਹੀਂ ਸੀ। ਪਰ ਰੱਸੀ ਨੂੰ ਸੱਪ ਸਮਝਣ ਵਾਲੇ, ਸੱਪ ਨੂੰ ਰੱਸੀ ਵੀ ਸਮਝ ਲੈਂਦੇ ਨੇ। ਉਸਨੇ ਮੇਰੇ ਖਿਲਾਫ ਗੋਦਾਂ ਗੁੰਦਣੀਆਂ ਸ਼ੁਰੂ ਕਰ ਦਿੱਤੀਆਂ। ਕਾਉਣੀ ਦੇ ਓਦੋਂ ਦੇ ਸਰਪੰਚ ਕਰਮ ਸਿੰਘ ਮਿੱਠੂ ਨਾਲ ਮੇਰੀ ਵਾਹਵਾ ਬਣਦੀ ਸੀ, ਉਹ ਸਾਡੇ ਇਲਾਕੇ ਦੇ ਸ਼ਾਇਰ ਨਿਰੰਜਨ ਸਿੰਘ ਚੀਮਾ ਦਾ ਮਸੇਰ ਸੀ, ਉਸਨੇ ਸਾਨੂੰ ਰਹਿਣ ਲਈ ਪਿੰਡ ਦੀ ਪੰਚਾਇਤ ਵਿਚ ਕਮਰੇ ਦਿੱਤੇ ਸਨ, ਮੇਰੇ ਖਿਲਾਫ ਅਨੁਸ਼ਾਸਨੀ ਕਾਰਵਾਈ ਕਰਨ ਲਈ ਇਹ ਕਾਫੀ ਸੀ। ਚਾਰਜ ਸ਼ੀਟ ਤਿਆਰ ਕੀਤੀ ਗਈ ਕਿ ਮੈਂ ਪੰਚਾਇਤੀ ਥਾਂ ਉਪਰ ਰਹਿੰਦਾ ਹਾਂ ਅਤੇ ਹਾਊਸ ਰੈਂਟ ਕਲੇਮ ਕਰਦਾ ਹਾਂ। ਇਹ ਸਾਬਤ ਕਰਨ ਲਈ ਉਸਨੂੰ ਇਨਕੁਆਰੀ ਕਮੇਟੀ ਬਣਾਉਣੀ ਸੀ, ਜਦੋਂ ਕੋਈ ਅਧਿਆਪਕ ਮੇਰੇ ਵਿਰੁੱਧ ਭੁਗਤਣ ਲਈ ਤਿਆਰ ਨਾ ਹੋਇਆ ਤਾਂ ਉਸਨੇ ਲੇਡੀ ਡਾਕਟਰ ਨੂੰ ਨਾਲ ਲੈ ਲਿਆ। ਕਿਉਂਜਿ ਲੇਡੀ ਡਾਕਟਰ ਆਪਣੇ ਪ੍ਰੋਫੈਸ਼ਨ ਵਿਚ ਨੀਪੱਖ ਸੀ ਅਤੇ ਵਿਦਿਆਰਥੀਆਂ ਵੱਲੋਂ ਉਸਦੀਆਂ ਸ਼ਿਕਾਇਤਾਂ ਆਮ ਹੁੰਦੀਆਂ ਰਹਿੰਦੀਆਂ ਸਨ, ਉਸਦੀ ਇਸ ਕਮਜ਼ੋਰੀ ਦਾ ਡੀਨ ਨੇ ਖੂਬ ਲਾਹਾ ਲਿਆ। ਇਨਕੁਆਰੀ ਕਰਕੇ ਮੈਨੂੰ ਸਸਪੈਂਡ ਕਰ ਦਿੱਤਾ ਗਿਆ। ਮੈਂ ਲਗਪਗ ਤਿੰਨ ਮਹੀਨੇ ਮੁਅਤਲ ਰਿਹਾ। ਇਸ ਮੁਅੱਤਲੀ ਦੌਰਾਨ ਮੈਨੂੰ ਕਾਫੀ ਮਾਨਸਿਕ ਉਤਪੀੜਨ ਝੱਲਣਾ ਪਿਆ। ਜਦੋਂ ਮੈਂ ਇਸ ਬਾਰੇ ਵਾਈਸ ਚਾਂਸਲਰ ਨੂੰ ਮਿਲਿਆ ਤਾਂ

ਉਸਨੇ ਬੜੀ ਹੀ ਬੇਰੁਖੀ ਨਾਲ ਜੁਆਬ ਦਿੱਤਾ। ਕਿਉਂਜੁ ਉਸ ਤੋਂ ਪਹਿਲਾਂ ਹੀ ਭਾਈ ਸ਼ਮਿੰਦਰ ਸਿੰਘ ਮੁਕਤਸਰ ਇਲਾਕੇ ਦਾ ਐਮ. ਪੀ. ਡੀਨ ਦੀ ਸ਼ਿਫਾਰਿਸ਼ ਕਰਕੇ ਗਿਆ ਸੀ। ਇਹ ਮੈਨੂੰ ਬਾਅਦ ਵਿਚ ਹੀ ਪਤਾ ਲੱਗਿਆ ਕਿ ਮੈਂ ਰਾਜਨੀਤਕ-ਸਾਜ਼ਿਸ਼ ਦਾ ਵੀ ਸ਼ਿਕਾਰ ਹੋਇਆ ਸਾਂ। ਕਰਮ ਸਿੰਘ ਸਰਪੰਚ ਕਾਂਗਰਸੀ ਸੀ ਅਤੇ ਮੈਨੂੰ 'ਕਾਂਗਰਸੀ ਏਜੰਟ' ਸਮਝਿਆ ਗਿਆ। ਕਾਉਣੀ ਕਿਉਂਜੁ ਗਿੱਦੜਬਾਹਾ ਹਲਕੇ ਵਿਚ ਪੈਂਦਾ ਸੀ ਜੋ ਬਾਦਲਾਂ ਦਾ ਗੜ੍ਹ ਮੰਨਿਆ ਜਾਂਦਾ ਹੈ। ਪਿੰਡ ਦੀ ਰਾਜਨੀਤੀ ਤੋਂ ਖਹਿੜਾ ਛੁਡਾਉਣ ਹਿੱਤ ਮੈਂ ਲੁਧਿਆਣੇ ਯੂਨੀਵਰਸਿਟੀ ਵਿਖੇ ਬਦਲੀ ਕਰਾਉਣ ਲਈ ਤਰੱਦਦ ਕਰਨ ਲੱਗਿਆ। ਉਸ ਵੇਲੇ ਪੰਜਾਬੀ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਡਾ. ਪੁਆਰ ਸੀ। ਮੈਂ ਪੁਆਰ ਨੂੰ ਬੇਨਤੀ ਕੀਤੀ ਕਿ ਉਹ ਸਾਡੇ ਵੀ. ਸੀ. ਨੂੰ ਕਹਿ ਕੇ ਮੇਰਾ ਇਹ ਕੰਮ ਕਰਵਾ ਦੇਵੇ। ਫੇਰ ਜਦੋਂ ਮੈਂ ਡਾ. ਪੁਆਰ ਨੂੰ ਪਟਿਆਲੇ ਮਿਲਣ ਗਿਆ ਤਾਂ ਉਥੇ ਉਸਦੇ ਦਫਤਰ ਵਿਚ ਡਾ. ਰਘਬੀਰ ਸਿੰਘ 'ਸਿਰਜਣਾ', ਜੋ ਉਸ ਸਮੇਂ ਪੰਜਾਬੀ ਵਿਭਾਗ ਦਾ ਮੁਖੀ ਸੀ, ਬੈਠਾ ਸੀ। ਮੈਂ ਸੋਚਿਆ ਹੁਣ ਕੰਮ ਬਣ ਜਾਵੇਗਾ ਪਰ ਜਦੋਂ ਡਾ. ਪੁਆਰ ਨੇ ਖ਼ਚਰੀ ਮੁਸਕਾਨ ਮੂੰਹ ਉਪਰ ਲਿਆਉਂਦਿਆਂ ਕਿਹਾ, "ਤੇਰਾ ਵੀ. ਸੀ. ਤਾਂ ਬੜਾ ਨਰਾਜ਼ ਐ, ਕਹਿੰਦਾ ਨਿਰਾਲਾ ਤਾਂ ਚੂੜਿਆਂ ਨਾਲ ਸ਼ਰਾਬ ਪੀ ਲੈਂਦੈ।" ਤਾਂ ਮੇਰੀ ਖਾਨਿਉਂ ਗਈ। ਰਘਬੀਰ ਸਿੰਘ ਨੇ ਮੇਰੇ ਵੱਲ ਵੇਖਿਆ ਤੱਕ ਵੀ ਨਾ। ਫੇਰ ਮੈਂ ਏਨਾ ਹੀ ਕਹਿ ਸਕਿਆ, 'ਬੱਸ ਫਰਕ ਏਨਾ ਹੀ ਹੈ, ਉਹ ਕਲੱਬਾਂ ਵਿਚ ਪੀਂਦੈ ਤੇ ਘਰ ਡਿਗਦਾ ਢਹਿੰਦਾ ਆਉਂਦੈ ਤੇ ਮੈਂ........।' ਇਸੇ ਸਮੇਂ ਦੌਰਾਨ ਹੀ ਮੇਰੀ ਪ੍ਰੇਮਿਕਾ/ਪਤਨੀ ਹਰਿਲਾਭ ਕੌਰ ਬਿਮਾਰ ਰਹਿਣ ਲੱਗ ਪਈ। ਦਯਾਨੰਦ ਜਾ ਕੇ ਪਤਾ ਲੱਗਿਆ ਕਿ ਕੈਂਸਰ ਸੀ ਜੋ ਉਦੋਂ ਤੱਕ ਬਹੁਤ ਵਧ ਚੁੱਕਿਆ ਸੀ, ਇਲਾਜ ਮੁਸ਼ਕਿਲ ਸੀ। (ਇਹ ਬਾਅਦ 'ਚ ਸਹੀ) ਪਤਨੀ ਦੀ ਮ੍ਰਿਤੂ ਤੋਂ ਬਾਅਦ ਮੇਰੀ ਬਦਲੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਹੋ ਗਈ। ਯੂਨੀਵਰਸਿਟੀ ਦਾ ਮਾਹੌਲ ਕਾਉਣੀ ਕਾਲਜ ਨਾਲੋਂ ਵੱਖਰਾ ਸੀ। ਕਾਉਣੀ ਵਿਖੇ ਵਿਦਿਆਰਥੀਆਂ ਨਾਲ ਸਿੱਧਾ ਸੰਬੰਧ ਹੋਣ ਕਰਕੇ ਸਾਰੇ ਇੱਕ ਟੱਬਰ ਵਾਂਗ ਰਹਿੰਦੇ ਸਨ ਪਰ ਯੂਨੀਵਰਸਿਟੀ ਵਿਖੇ ਲੈਂਗੂਏਜ ਡਿਪਾਰਟਮੈਂਟ 'ਚੋਂ ਅਧਿਆਪਕ ਵੱਖੋ ਵੱਖਰੇ ਕਾਲਜਾਂ ਵਿਚ ਸਿਰਫ਼ ਪੀਰੀਅਡ ਲੈਣ ਹੀ ਜਾਂਦੇ ਸਨ। ਯੂਨੀਵਰਸਿਟੀ ਵਿਚ ਮੈਂ ਇਕੱਲਾ ਹੀ ਸਾਂ ਜਿਸਨੂੰ ਪੰਜਾਬੀ ਦੇ ਨਾਲ ਨਾਲ ਅੰਗਰੇਜ਼ੀ ਵੀ ਪੜ੍ਹਾਉਣੀ ਪੈਂਦੀ ਸੀ ਕਿਉਂਜੁ ਮੇਰੀ ਪੋਸਟ ਹੀ ਅਜਿਹੀ ਸੀ। ਇਸਦਾ ਮੈਨੂੰ ਫਾਇਦਾ ਹੋਣ ਨਾਲੋਂ ਨੁਕਸਾਨ ਹੀ ਵਧੇਰੇ ਹੋਇਆ। ਪੰਜਾਬੀ ਵਾਲੇ ਮੈਨੂੰ 'ਅੰਗਰੇਜ਼ੀ ਦਾ ਬੰਦਾ' ਅਤੇ ਅੰਗਰੇਜ਼ੀ ਵਾਲੇ ਮੈਨੂੰ 'ਪੰਜਾਬੀ ਦਾ ਬੰਦਾ' ਸਮਝਦੇ ਸਨ। ਇਸ ਲਈ ਮੈਂ ਨਾ ਘਰ ਦਾ ਰਿਹਾ ਅਤੇ ਨਾ ਘਾਟ ਦਾ। ਪਰ ਵਿਦਿਆਰਥੀਆਂ ਵਿਚ ਮੇਰੀ ਹਰਮਨ ਪਿਆਰਤਾ ਵਧ ਗਈ ਕਿਉਂਜੁ ਵਿਦਿਆਰਥੀ ਵਧੇਰੇ ਗਿਣਤੀ ਵਿਚ ਪੇਂਡੂ ਪਿਛੋਕੜ ਵਾਲੇ ਸਨ, ਚਾਹੁੰਦੇ ਸਨ ਕਿ ਅੰਗਰੇਜ਼ੀ ਪੰਜਾਬੀ ਰਾਹੀਂ ਹੀ ਪੜ੍ਹਾਈ ਜਾਵੇ, ਪਰ ਇੱਥੇ ਇਕ ਸਮੱਸਿਆ ਇਹ ਆਈ ਕਿ ਮੈਨੂੰ ਅਧਿਆਪਨ ਦੇ ਨਾਲ ਨਾਲ ਅੰਗਰੇਜ਼ੀ ਵਿਚ ਖ਼ਬਰਾਂ ਲਿਖਣ ਦੇ ਨਾਲ ਨਾਲ ਯੂਨੀਵਰਸਿਟੀ ਦੇ ਅੰਗਰੇਜ਼ੀ ਰਿਸਾਲੇ 'ਪ੍ਰਾਗੈਸਿਵ ਫਾਰਮਿੰਗ' ਦਾ ਸੰਪਾਦਕ ਵੀ ਬਣਾ ਦਿੱਤਾ। ਮੈਂ ਕੁਝ ਕਿਤਾਬਾਂ ਦੇ ਅਨੁਵਾਦ ਵੀ ਕੀਤੇ, ਪਰ ਖ਼ਬਰਾਂ ਲਿਖਣ ਦਾ ਕੰਮ ਟੇਢਾ ਸੀ। ਪੱਤਰਕਾਰੀ ਮੇਰੇ ਖ਼ੂਨ ਵਿਚ ਨਹੀਂ ਸੀ, ਇਕ ਵਾਰ 'ਹਿੰਦੁਸਤਾਨ ਟਾਈਮ' ਵਾਲਿਆਂ ਮੇਰੇ ਖਿਲਾਫ ਖ਼ਬਰ ਛਾਪ ਦਿੱਤੀ ਕਿ ਯੂਨੀਵਰਸਿਟੀ ਵਿਚ ਖ਼ਬਰਾਂ ਭੇਜਣ ਵਾਲਾ ਖ਼ਬਰਾਂ ਨੂੰ 'ਪੰਜਾਬੀ ਟੱਚ' ਦੇ ਦਿੰਦਾ ਹੈ। ਬਦਕਿਸਮਤੀ ਨਾਲ ਉਹਨਾਂ ਦਿਨਾਂ ਵਿਚ ਹੀ ਮੇਰੀ ਪ੍ਰੋਮੋਸ਼ਨ ਹੋਣੀ ਸੀ। ਵਾਈਸ ਚਾਂਸਲਰ ਮੇਰੇ ਨਾਲ ਖਫ਼ਾ ਹੋ ਗਿਆ। ਭਾਵੇਂ ਮੇਰੀਆਂ ਸਾਰੀਆਂ ਰਿਪੋਰਟਾਂ-'ਆਊਟ ਸਟੈਡਿੰਗ' ਸਨ, ਵਿਸ਼ਾ-

**ਬਾਕੀ ਪੰਨਾ ਨੰ: 21 'ਤੇ**



# ਇਹ ਅੰਨ੍ਹੀ ਕਦੋਂ ਤਕ ਪੀਹੇਗੀ ?

**-ਗੁਰਮੇਲ ਮਡਾਹੜ**

## ਤਿਰੰਗਾ ਕਿਉਂ ਨਹੀਂ ਚੜ੍ਹਦਾ?

ਦੋਹਤੇ ਦਾ ਅੱਜੇ ਤਕ ਫੋਨ ਨਹੀਂ ਆਇਆ। ਮੈਨੂੰ ਉਸ ਦੀ ਬਹੁਤ ਚਿੰਤਾ ਹੈ। ਇੰਨੀ ਚਿੰਤਾ ਤਾਂ ਮੈਨੂੰ ਪਹਿਲਾਂ ਕਦੇ ਨਹੀਂ ਹੋਈ ਸੀ। ਲੰਮਾ ਸਮਾਂ ਮੈਂ ਖੇਡਦਾ ਰਿਹਾਂ। ਫੇਰ ਮੇਰਾ ਬੇਟਾ ਤੇ ਹੁਣ ਜਦ ਮੇਰਾ ਦੋਹਤਾ ਪਹਿਲੀ ਵਾਰ ਪੰਜਾਬ ਦੀ ਟੀਮ ਵਿਚ ਸ਼ਾਮਲ ਹੋ ਕੇ ਨੈਸ਼ਨਲ ਖੇਡਣ ਗਿਆ ਹੈ ਤਾਂ ਪਤਾ ਨਹੀਂ ਮੇਰਾ ਦਿਲ ਕਿਉਂ ਘਬਰਾ ਰਿਹਾ ਹੈ। ਕਿਉਂ ਮਨ ਨੂੰ ਇੰਨੀ ਬੇਚੈਨੀ ਹੋ ਰਹੀ ਹੈ। ਆਪਣੇ ਤੇ ਆਪਣੇ ਬੇਟੇ ਨਾਲ ਤਾਂ..... ਪਰ ਦੋਹਤੇ ਬਾਰੇ ਸੋਚ ਕੇ ਕੰਬ ਜਾਂਦਾ ਹਾਂ। ਤੇ ਅਤੀਤ ਵਿਚ ਪਹੁੰਚ ਜਾਂਦਾ ਹਾਂ।

ਸ਼ਾਮ ਦੇ ਸੱਤ ਵਜੇ ਦਾ ਵਕਤ ਸੀ। ਮੈਂ ਵਾਲੀਬਾਲ ਖੇਡ ਕੇ ਅਰਾਮ ਕਰਨ ਲਈ ਰੁਕ ਗਿਆ ਸਾਂ। ਖਿਡਾਰੀ ਆਪੋ ਆਪਣੇ ਵਸਤਰ ਪਾ ਕੇ ਘਰਾਂ ਨੂੰ ਜਾਣੇ ਸ਼ੁਰੂ ਹੋ ਗਏ ਸੀ।

"ਬਾਈ ਕੀ ਗੱਲ ਤੈਂ ਪੰਜਾਬ ਸਿਵਲ ਸਰਵਿਸ ਦੀ ਟੀਮ ਲਈ ਟਰਾਇਲ ਨਹੀਂ ਦਿੱਤੀ ?" ਜਗਦੀਪ ਸਿੰਘ ਨੇ ਮੇਰੇ ਕੋਲ ਦੀ ਲੰਘਦੇ ਹੋਏ ਨੇ ਮੈਨੂੰ ਪੁੱਛਿਆ ਸੀ।

"ਕਿਥੇ ? ਤੇ ਕਦੋਂ ਹੋਈ ਹੈ ? ਮੈਨੂੰ ਤਾਂ ਪਤਾ ਹੀ ਨਹੀਂ।" ਮੈਂ ਹੈਰਾਨੀ ਪ੍ਰਗਟ ਕੀਤੀ।

"ਤੈਨੂੰ ਕੋਚ ਸਾਹਿਬ ਨੇ ਨਹੀਂ ਦੱਸਿਆ ?" ਮੇਰੀ ਗੱਲ ਸੁਣ ਕੇ ਜਗਦੀਪ ਸਿੰਘ ਮੇਰੇ ਨਾਲੋਂ ਵੀ ਹੈਰਾਨ ਦਿਖਾਈ ਦੇ ਰਿਹਾ ਸੀ।

"ਨਹੀਂ....।"

"ਬੜੀ ਮਾੜੀ ਗੱਲ ਕੀਤੀ।" ਜਗਦੀਪ ਦੇ ਬੋਲਾਂ ਵਿਚ ਰੰਜਸ਼ ਸੀ।

ਫੇਰ ਉਸ ਨੇ ਦੱਸਿਆ, "ਕਲ੍ਹ ਟਰਾਇਲ ਸੀ ਪਰ ਕੋਚ ਸਾਹਿਬ ਨੇ ਜ਼ਿਲ੍ਹੇ ਦੇ ਕਿਸੇ ਵੀ ਖਿਡਾਰੀ ਨੂੰ ਸੂਚਿਤ ਨਹੀਂ ਕੀਤਾ ਕਿਉਂਕਿ ਇਹ ਆਪਣੇ ਕਿਸੇ ਰਿਸ਼ਤੇਦਾਰ ਨੂੰ ਅਡਜਸਟ ਕਰਾਉਣਾ ਚਾਹੁੰਦਾ ਸੀ। ਇਸ ਲਈ ਸਿਰਫ ਉਸ ਨੂੰ ਹੀ ਟਰਾਇਲ ਲਈ ਲੈ ਕੇ ਗਿਆ ਸੀ। ਉਸ ਨੂੰ ਸਲੈਕਟ ਕਰਵਾਕੇ ਆਇਆ ਹੈ...." ਤੇ ਉਸਨੇ ਮੈਨੂੰ ਉਸ ਖਿਡਾਰੀ ਬਾਰੇ ਵੀ ਪੂਰੀ ਜਾਣਕਾਰੀ ਦਿੱਤੀ ਸੀ, ਜਿਹੜਾ ਸਿਲੈਕਟ ਹੋਇਆ ਸੀ। ਕੌਣ ਹੈ, ਕਿਥੇ ਦਾ ਹੈ ਤੇ ਕੀ ਕਰਦਾ ਹੈ ਆਦਿ।

ਜਗਦੀਪ ਸਿੰਘ ਦੀ ਗੱਲ ਸੁਣ ਕੇ ਮੈਨੂੰ ਵਾਲੀਬਾਲ ਕੋਚ ਉੱਤੇ ਬਹੁਤ ਗੁੱਸਾ ਆਇਆ ਸੀ। ਕਿਉਂਕਿ ਕੁਝ ਦਿਨ ਪਹਿਲਾਂ ਹੀ ਮੈਂ ਓਪਨ ਪੰਜਾਬ ਵਾਲੀਬਾਲ ਚੈਂਪੀਅਨਸ਼ਿਪ ਵਿਚ ਆਪਣੇ ਜ਼ਿਲ੍ਹੇ ਵੱਲੋਂ ਕਪੂਰਥਲੇ ਭਾਗ ਲੈ ਕੇ ਆਇਆ ਸੀ। ਉਥੇ ਮੇਰੀ ਚੰਗੀ ਪ੍ਰਫਾਰਮੈਂਸ ਸੀ ਪਰ ਕੋਚ ਦਾ ਉਹ ਬੰਦਾ ਜੋ ਪੰਜਾਬ ਸਿਵਲ ਸਰਵਿਸ ਦੀ ਟੀਮ ਲਈ ਚੁਣਿਆ ਗਿਆ ਸੀ ਉਥੇ ਕਿਤੇ ਦਰਸ਼ਕਾਂ ਵਿਚ ਵੀ ਨਜ਼ਰ ਨਹੀਂ ਆਇਆ ਸੀ, ਕਿਸੇ ਜ਼ਿਲ੍ਹੇ ਦੀ ਟੀਮ ਵਿਚ ਸ਼ਾਮਲ ਹੋਣਾ ਤਾਂ ਇਕ ਵੱਖਰੀ ਗੱਲ ਸੀ। ਮੈਂ ਗੁੱਸੇ ਵਿਚ ਭਰਿਆ ਕੋਚ ਸਾਹਿਬ ਕੋਲ ਚਲਿਆ ਗਿਆ ਸੀ ਜੋ ਘਰ ਨੂੰ ਜਾਣ ਲਈ ਤਿਆਰ ਹੋ ਰਿਹਾ ਸੀ।

"ਕੋਚ ਸਾਹਿਬ ਇਕ ਮਿੰਟ ?" ਮੈਂ ਉਸ ਨੂੰ ਸੰਬੋਧਨ ਹੋਇਆ।

"ਦੱਸੋ ?" ਉਸ ਦੇ ਬੋਲਾਂ ਵਿਚ ਰੁਖਾਪਣ ਸੀ। ਸ਼ਾਇਦ ਉਸ ਨੂੰ ਕਿਤੋਂ ਭਿਣਕ ਪੈ ਗਈ ਹੋਵੇਗੀ ਕਿ ਜਗਦੀਪ ਸਿੰਘ ਨੇ ਮੈਨੂੰ ਸਭ ਕੁਝ ਦੱਸ ਦਿੱਤਾ ਹੈ ਤੇ ਮੈਂ ਉਸ ਸੰਬੰਧੀ ਉਸ ਨਾਲ ਗੱਲ ਕਰਨ ਆਇਆ ਹਾਂ। ਹੋ ਸਕਦੈ ਚੋਰ ਦੀ ਦਾੜ੍ਹੀ ਵਿਚ ਤਿਣਕੇ ਵਾਲੀ ਗੱਲ ਹੋਵੇ।

"ਕੱਲ੍ਹ ਕੋਈ ਵਾਲੀਬਾਲ ਦੀ ਟਰਾਇਲ ਵੀ ਹੋਈ ਸੀ ?"

"ਹਾਂ।"

"ਫੇਰ ਤੁਸੀਂ ਮੈਨੂੰ ਕਿਉਂ ਨਹੀਂ ਦੱਸਿਆ ?"

ਮੇਰਾ ਸਵਾਲ ਸੁਣ ਕੇ ਉਹ ਇਕ ਵਾਰ ਤਾਂ ਝੁੰਜਲਾ ਗਿਆ ਤੇ ਫੇਰ ਸੰਭਲ ਕੇ ਬੋਲਿਆ,"ਤੈਨੂੰ ਤੇਰੇ ਦਫਤਰ ਖੱਤ ਭੇਜਿਆ ਸੀ। ਡਾਕ 'ਚ ਰੁਲ ਗਿਆ ਹੋਣੈ।"

"ਪਹਿਲੀ ਗੱਲ ਤਾਂ ਇਹ ਕਿ ਲੋਕਲ ਡਾਕ ਵਿਚ ਖੱਤ ਭੇਜਣ ਦੀ ਤੁੱਕ ਕੋਈ ਨਹੀਂ ? ਦੂਜੀ ਜਦ ਮੈਂ ਰੋਜ਼ ਤੁਹਾਡੇ ਕੋਲ ਸ਼ਾਮ ਨੂੰ ਸਟੇਡੀਅਮ ਵਿਚ ਪ੍ਰੈਕਟਿਸ ਕਰਨ ਆਉਂਨਾ ਤਾਂ ਦਫਤਰ ਭੇਜਣ ਦੀ ਕੀ ਲੋੜ ਸੀ, ਨਾਲੇ ਜੁਬਾਨੀ ਵੀ ਤਾਂ ਦੱਸ ਸਕਦੇ ਸੀ ?"

"ਕਾਗਜ਼ੀ ਕਾਰਵਾਈ ਕਰਨੀ ਵੀ ਤਾਂ ਜ਼ਰੂਰੀ ਹੈ।"

"ਉਹ ਵੀ ਕਰ ਲੈਂਦੇ ਤੇ ਜ਼ੁਬਾਨੀ ਵੀ ਦੱਸ ਦਿੰਦੇ।"

"ਮੈਂ ਕਿਸੇ ਦਾ ਬੰਨ੍ਹਿਆ ਹੋਇਆ ਤਾਂ ਨਹੀਂ.... ਖੇਡਣ ਵੇਲੇ ਗੱਲ ਦਿਮਾਗ ਵਿਚੋਂ ਨਿਕਲ ਵੀ ਸਕਦੀ ਹੈ।"

"ਹਾਂ ਤੁਸੀਂ ਕਿਸੇ ਦੇ ਬੰਨ੍ਹੇ ਨਹੀਂ, ਮੈਂ ਮੰਨਦਾ ਹਾਂ ਪਰ ਤੁਸੀਂ ਆਪਣੇ ਕਿੱਤੇ ਨਾਲ ਜ਼ਰੂਰ ਬੰਨ੍ਹੇ ਹੋਏ ਹੋ। ਉਸ ਪ੍ਰਤੀ ਇਮਾਨਦਾਰ ਰਹਿਣਾ ਤੁਹਾਡੇ ਲਈ ਜ਼ਰੂਰੀ ਵੀ ਹੈ ਤੇ ਫਰਜ਼ ਵੀ ਬਣਦਾ ਹੈ।"

"ਤੂੰ ਮੇਰੀ ਇਮਾਨਦਾਰੀ ਤੇ ਸ਼ੱਕ ਕਰਨ ਵਾਲਾ ਹੁੰਦਾ ਕੌਣ ਹੈਂ ?" ਉਹ ਤਲਖੀ ਵਿਚ ਆ ਕੇ ਬੋਲਿਆ।

"ਇਕ ਖਿਡਾਰੀ, ਜਿਸ ਦਾ ਹੱਕ ਮਾਰਿਆ ਗਿਆ ਹੋਵੇ।" ਮੈਂ ਉਸ ਤੋਂ ਵੀ ਵੱਧ ਤਲਖ ਹੋ ਕੇ ਬੋਲਣਾ ਸ਼ੁਰੂ ਕਰ ਦਿੱਤਾ। "ਮੁਆਫ ਕਰਨਾ ਕਿ ਆਪਣੇ ਜ਼ਿਲ੍ਹੇ 'ਚੋਂ ਕਿੰਨੇ ਖਿਡਾਰੀ ਟਰਾਇਲ ਦੇਣ ਲਈ ਗਏ ਸੀ ? ਸਿਰਫ ਇਕ ਹੀ...? ਉਹ ਵੀ ਤੁਹਾਡਾ ਰਿਸ਼ਤੇਦਾਰ ? ਠੀਕ ਹੈ ਨਾ ?" ਗੁੱਸੇ ਵਿਚ ਆ ਕੇ ਮੈਂ ਗਰਜਿਆ।

"ਤੇਰੇ ਜ਼ਿਲ੍ਹੇ ਵਿਚ ਖਿਡਾਰੀ ਹੈ ਹੀ ਕਿਹੜਾ ਜਿਹੜਾ ਮੈਂ ਲੈ ਕੇ ਜਾਂਦਾ ?"

"ਇਹ ਤੁਹਾਡੀ ਅਗਿਆਨਤਾ ਹੈ, ਜਿਹੜਾ ਸੰਗਰੂਰ ਜ਼ਿਲ੍ਹੇ ਦੇ ਖਿਡਾਰੀਆਂ ਨੂੰ ਨਹੀਂ ਜਾਣਦਾ.... ਕਸੂਰ ਤੁਹਾਡਾ ਨਹੀਂ.... ਪਹਿਲਾਂ ਫ਼ੌਜ ਵਿਚ ਰਹੇ... ਫੇਰ ਐਨ. ਆਈ. ਐਸ. ਕਰਕੇ ਕੋਚ ਲੱਗ ਗਏ, ਪੰਜਾਬ ਵਿਚ ਤਕੜੇ ਖਿਡਾਰੀ ਕਿਹੜੇ ਨੇ, ਉਨ੍ਹਾਂ ਬਾਰੇ ਉੱਕੇ ਅਣਜਾਣ ਹੋ ਜਾਂ ਫੇਰ ਬੇਈਮਾਨੀ ਹੋ ਜਿਹੜੇ ਸਭ ਕੁਝ ਜਾਣਦੇ ਹੋਏ ਵੀ ਅਣਜਾਣ ਬਣੇ ਹੋਏ ਹੋ....।" ਕਹਿਕੇ ਫੇਰ ਮੈਂ ਉਸਨੂੰ ਆਪਣੇ ਜ਼ਿਲ੍ਹੇ ਦੇ ਉਨ੍ਹਾਂ ਸਾਰੇ ਸਰਕਾਰੀ ਮੁਲਾਜ਼ਮ ਖਿਡਾਰੀਆਂ ਦੇ ਨਾਮ ਗਿਣਾ ਦਿੱਤੇ ਜਿਹੜੇ ਸਮੇਂ ਸਮੇਂ ਓਪਨ ਪੰਜਾਬ ਵੱਲੋਂ ਹਿੰਦੁਸਤਾਨ ਪੱਧਰ ਤੇ ਖੇਡਦੇ ਰਹੇ ਹਨ ਤੇ ਅਰਾਮ ਨਾਲ ਪੰਜਾਬ ਸਿਵਲ ਸਰਵਿਸ ਦੀ ਟੀਮ ਵਿਚ ਚੁਣੇ ਜਾ ਸਕਦੇ ਸੀ।"

ਸਾਨੂੰ ਉੱਚੀ ਉੱਚੀ ਬੋਲਦੇ ਦੇਖਕੇ ਪਰਿਓਂ ਅਥਲੈਟਿਕ ਕੋਚ ਵੀ ਆ ਗਿਆ, ਜੋ ਮੇਰਾ ਬਹੁਤ ਪ੍ਰੇਮ ਸੀ। ਵੱਡੇ ਭਾਈਆਂ ਵਰਗਾ ਦੋਸਤ। ਜ਼ਿਲ੍ਹਾ ਸਪੋਰਟ ਅਫਸਰ। ਉਸ ਨੇ ਸਾਰੀ ਗੱਲ ਸੁਣ ਕੇ ਮੈਨੂੰ ਕਿਹਾ, "ਯਾਰ ਨਾ ਤਾਂ ਤੈਨੂੰ ਸਰਟੀਫਿਕੇਟਾਂ ਦੀ ਲੋੜ ਹੈ, ਨਾ ਹੀ ਸ਼ੋਹਰਤ ਦੀ, ਉਹ ਸਭ ਕੁਝ ਤੇਰੇ ਕੋਲ ਪਹਿਲਾਂ ਹੀ ਬਹੁਤ ਹੈ। ਤੈਂ ਸਿਰਫ ਸੈਰ ਹੀ ਕਰਨੀ ਹੈ, ਚਲ ਤੈਨੂੰ ਮੈਂ ਅਥਲੈਟਿਕ ਦੀ ਟੀਮ ਵਿਚ ਲੈ ਚਲਦਾ ਹਾਂ। ਸਕੂਲ ਵਕਤ ਤੂੰ ਚੰਗੀ ਡਿਸਕਸ ਤੇ ਗੋਲਾ ਸੁੱਟਦਾ ਰਿਹਾ ਹੈਂ।"

ਅਥਲੈਟਿਕ ਕੋਚ ਦੀ ਗੱਲ ਸੁਣ ਕੇ ਮੈਨੂੰ ਹੋਰ ਵੀ ਬਹੁਤ ਦੁੱਖ ਹੋਇਆ। ਉਸ ਵਿਚਾਰੇ ਨੇ ਤਾਂ ਆਪਣੀ ਜਾਣ ਮੇਰੇ ਨਾਲ ਹਮਦਰਦੀ ਕੀਤੀ ਸੀ ਤੇ ਝਗੜਾ ਮਿਟਾਉਣਾ ਚਾਹਿਆ ਸੀ ਪਰ ਉਸ ਨੂੰ ਕੀ ਪਤਾ ਸੀ ਕਿ ਗੱਲ ਸਗੋਂ ਉਲਟ ਪੈ ਜਾਵੇਗੀ। ਮੈਂ ਹੋਰ ਕੜਕ ਕੇ ਕਿਹਾ, "ਕੋਚ ਸਾਹਿਬ



ਕਿਉਂ ਖੇਡਾਂ ਦਾ, ਖਿਡਾਰੀਆਂ ਦਾ ਭੱਠਾ ਬੈਠਾਉਨਿਓਂ, ਮਜ਼ਾਕ ਉਡਾਉਂਨਿਓਂ...। ਇਹੀ ਗੱਲਾਂ ਤਾਂ ਸਾਨੂੰ ਦੁਨੀਆਂ ਦੀਆਂ ਖੇਡਾਂ ਵਿਚ ਸ਼ਰਮਿੰਦਾ ਕਰਦੀਆਂ ਨੇ। ਜਿਥੇ ਮੈਂ ਹੱਕ ਰੱਖਦਾ ਸੀ ਉਥੇ ਇਸ ਆਦਮੀ ਨੇ ਗਲਤ ਆਦਮੀ ਭੇਜਿਆ, ਜਿਥੇ ਕੋਈ ਹੋਰ ਹੱਕ ਰੱਖਦਾ ਹੈ ਓਥੇ ਤੁਸੀਂ ਮੈਨੂੰ ਗਲ਼ਤ ਬੰਦੇ ਨੂੰ ਭੇਜ ਰਹੇ ਹੋ। ਸਿਰਫ ਦੋਸਤੀ ਪਾਲਣ ਲਈ ? ਫੇਰ ਸੋਚਦੇ ਹੋ ਕਿ ਉਲੰਪਿਕ ਖੇਡਾਂ ਵਿਚ ਤਿਰੰਗਾ ਕਿਉਂ ਨਹੀਂ ਚੜ੍ਹਦਾ .....?"

ਮੇਰੀ ਗੱਲ ਸੁਣਕੇ ਦੋਵੇਂ ਕੋਚ ਨਿਰਉੱਤਰ ਹੋ ਗਏ ਸੀ ਤੇ ਮੈਨੂੰ ਜਗਦੀਪ ਸਿੰਘ ਬਾਹੋਂ ਫੜ ਕੇ ਘਰ ਵੱਲ ਲੈ ਤੁਰਿਆ ਸੀ।

## 2
## ਸਪੋਰਟਸ ਵਿੰਗ ਬਨਾਮ ਚੋਣ

ਯੂਨੀਵਰਸਿਟੀ ਦੀ ਬਾਸਕਟਬਾਲ ਦੀ ਟੀਮ ਦੀ ਚੋਣ ਹੋਣੀ ਸੀ। ਮੇਰਾ ਬੇਟਾ ਸਕੂਲ ਵਿਚੋਂ ਪਲੱਸ ਟੂ ਕਰਕੇ ਸਰਕਾਰੀ ਕਾਲਜ ਵਿਚ ਦਾਖਲ ਹੋ ਗਿਆ ਸੀ। ਉਹ ਸਕੂਲਾਂ ਅਤੇ ਆਕਦਮੀਆਂ ਵੱਲੋਂ ਸੰਗਰੂਰ ਜ਼ਿਲ੍ਹੇ ਵੱਲੋਂ ਪੰਜਾਬ ਬਾਸਕਟਬਾਲ ਖੇਡਦਾ ਰਿਹਾ ਸੀ। ਕਾਲਜ ਵਿਚ ਬਾਸਕਟਬਾਲ ਦੀ ਟੀਮ ਨਾ ਹੋਣ ਕਰਕੇ ਉਸਨੂੰ ਯੂਨੀਵਰਸਿਟੀ ਦੀ ਟੀਮ ਲਈ ਸਿੱਧੀ ਟਰਾਇਲ ਦੇਣੀ ਪੈਣੀ ਸੀ। ਟੀਮਾਂ ਦੀ ਚੋਣ ਕਿਸ ਤਰ੍ਹਾਂ ਹੁੰਦੀ ਹੈ, ਇਸ ਬਾਰੇ ਮੈਨੂੰ ਖੁਦ ਖਿਡਾਰੀ ਅਤੇ ਇਕ ਚੋਣਕਾਰ ਹੋਣ ਦੇ ਨਾਤੇ ਚੰਗੀ ਤਰ੍ਹਾਂ ਪਤਾ ਸੀ। ਰਾਜਿੰਦਰਾ ਕਾਲਜ ਦੇ ਬਾਸਕਿਟਬਾਲ ਵਿੰਗ ਦਾ ਕੋਚ ਮੇਰਾ ਰਿਸ਼ਤੇਦਾਰ ਸੀ। ਮੈਨੂੰ ਪੂਰਨ ਆਸ ਸੀ ਕਿ ਉਹ ਮੇਰੇ ਮੁੰਡੇ ਦੀ ਜੇ ਮਦਦ ਨਹੀਂ ਕਰੇਗਾ ਤਾਂ ਉਸ ਨਾਲ ਬੇਇਨਸਾਫੀ ਵੀ ਨਹੀਂ ਹੋਣ ਦੇਵੇਗਾ। ਫੇਰ ਵੀ ਕਿਸੇ ਪ੍ਰਕਾਰ ਦੀ ਧੱਕੇਸ਼ਾਹੀ ਨੂੰ ਰੋਕਣ ਲਈ ਮੈਂ ਰਾਜਿੰਦਰਾ ਕਾਲਜ ਦੇ ਪ੍ਰਿੰਸੀਪਲ ਨੂੰ ਉਸ ਦੇ ਰਿਸ਼ਤੇਦਾਰ ਤੋਂ ਫੋਨ ਕਰਾਇਆ, "ਪਰਸੋਂ ਤੁਹਾਡੇ ਕਾਲਜ ਵਿਚ ਯੂਨੀਵਰਸਿਟੀ ਦੀ ਬਾਸਕਿਟਬਾਲ ਦੀ ਟੀਮ ਲਈ ਟਰਾਇਲ ਹੋਣੀ ਹੈ। ਇਕ ਸਿਫਾਰਸ਼ ਮੇਰੀ ਨੋਟ ਕਰ ਲਵੋ। ਧਰਮ ਸਿੰਘ ਪੁੱਤਰ ਕਰਮ ਸਿੰਘ ਬਰਨਾਲਾ...। ਤੁਸੀਂ ਸਿਰਫ ਏਨੀ ਹੀ ਖੇਚਲ ਕਰਨੀ ਹੈ ਕਿ ਜੇ ਮੁੰਡਾ ਟੀਮ ਵਿਚ ਆਉਣ ਕਾਬਲ ਹੋਵੇ ਤਾਂ ਜ਼ਰੂਰ ਸਿਲੈਕਟ ਕਰ ਲੈਣਾ... ਜੇ ਕਾਬਿਲ ਨਾ ਹੋਵੇ ਤਾਂ ਬਿਲਕੁਲ ਨਾ ਕਰਨਾ ਪਰ ਇਸ ਦੇ ਨਾਲ ਕੋਈ ਬੇਇਨਸਾਫੀ ਨਹੀਂ ਹੋਣੀ ਚਾਹੀਦੀ। ਮੈਨੂੰ ਆਸ ਹੈ.... ਨਿਰਾਸ਼ ਨਹੀਂ ਕਰੋਗੇ....।"

ਇਸ ਦੇ ਬਾਵਜੂਦ ਵੀ ਧਰਮ ਨਾਲ ਧੱਕਾ ਹੋਇਆ। ਮੈਂ ਆਪਣੇ ਰਿਸ਼ਤੇਦਾਰ ਨੂੰ ਪੁੱਛਿਆ, "ਕੀ ਆਪਣਾ ਧਰਮਾ ਯੂਨੀਵਰਸਿਟੀ ਦੇ ਕੈਂਪ ਵਿਚ ਵੀ ਨਹੀਂ ਆਉਂਦਾ ਸੀ ?"

"ਆਉਂਦਾ ਸੀ।" ਉਸ ਨੇ ਝੱਟ ਹਾਮੀ ਭਰ ਦਿੱਤੀ।

"ਫੇਰ ਰੱਖਿਆ ਕਿਉਂ ਨਹੀਂ ?"

"ਜੇ ਅਸੀਂ ਇਸ ਤਰ੍ਹਾਂ ਬਾਹਰਲੇ ਮੁੰਡੇ ਰੱਖਣ ਲੱਗ ਪਈਏ ਤਾਂ ਫੇਰ ਸਾਡੇ ਵਿੰਗ ਵਿਚ ਕੌਣ ਦਾਖਲਾ ਲਊ ?"

ਸੁਣ ਕੇ ਮੇਰੇ ਤਨ-ਬਦਨ ਨੂੰ ਅੱਗ ਲੱਗ ਗਈ ਤੇ ਮੈਂ ਗੁੱਸੇ ਵਿਚ ਆ ਕੇ ਪੁੱਛਿਆ, "ਇਸ ਦਾ ਮਤਲਬ ਤੁਸੀਂ ਖਿਡਾਰੀ ਦੀ ਖੇਡ ਨਹੀਂ ਉਸ ਦੇ ਵਿੰਗ ਨੂੰ ਦੇਖਕੇ ਕਿ ਕਿਹੜੇ ਪਾਸੇ ਤੋਂ ਭਾਗ ਲੈ ਰਿਹਾ ਹੈ ਚੋਣ ਕਰਦੇ ਹੋ ? ਕਦੇ ਸੋਚਿਐ ਜੇ ਇਹੀ ਥਿਊਰੀ ਤੇਰੇ ਉਤੇ ਲਾਗੂ ਹੁੰਦੀ ਭਾਈ ਸਾਹਿਬ ਅੱਜ ਤੂੰ ਕੋਚ ਨਾ ਹੁੰਦਾ....।"

ਮੈਨੂੰ ਗੁੱਸੇ ਵਿਚ ਆਇਆ ਦੇਖਕੇ ਉਹ ਚੁੱਪ ਕਰਕੇ ਖੜ੍ਹਾ ਰਿਹਾ ਤੇ ਮੈਂ ਕੁਝ ਦੇਰ ਉਸ

ਵੱਲ ਗੁੱਸੇ ਭਰੀਆਂ ਨਜ਼ਰਾਂ ਨਾਲ ਘੂਰਦਾ ਰਿਹਾ।

ਘਰ ਆ ਕੇ ਮੈਂ ਧਰਮ ਸਿੰਘ ਨੂੰ ਸਾਰੀ ਗੱਲ ਦੱਸ ਦਿੱਤੀ ਤੇ ਉਸ ਨੂੰ ਇਸ ਗੱਲ ਉੱਤੇ ਮਨਾ ਲਿਆ ਕਿ ਤੂੰ ਇਸ ਸਾਲ ਐਨੀ ਮਿਹਨਤ ਕਰਨੀ ਹੈ ਕਿ ਉਹ ਚਾਹੁੰਦੇ ਹੋਏ ਵੀ ਤੈਨੂੰ ਕਿਸੇ ਤਰ੍ਹਾਂ ਨਾਲ ਛੱਡ ਕੇ ਨਾ ਜਾ ਸਕਣ।

ਮੇਰੀ ਗੱਲ ਮੰਨ ਕੇ ਉਸਨੇ ਜ਼ੋਰਦਾਰ ਮਿਹਨਤ ਕੀਤੀ। ਦੋ ਵਾਰ ਯੂਨੀਵਰਸਿਟੀ ਵੱਲੋਂ ਸਰਵ ਭਾਰਤੀ ਇੰਟਰਯੂਨੀਵਰਸਿਟੀ ਖੇਡਿਆ ਪਰ ਤੀਸਰੀ ਵਾਰ ਉਸਨੇ ਮੈਨੂੰ ਆ ਕੇ ਕਿਹਾ, "ਪਾਪਾ ਜੀ ਇਸ ਵਾਰ ਮੈਨੂੰ ਫੇਰ ਛੱਡ ਕੇ ਜਾਣਗੇ...।"

"ਕਿਉਂ ?"

"ਇਕ ਮੁੰਡਾ ਤਾਂ ਬਾਸਕਿਟਬਾਲ ਦੇ ਨੈਸ਼ਨਲ ਕੋਚ ਦਾ ਮੁੰਡਾ ਹੈ, ਇਕ ਪੁਲਿਸ ਇੰਸਪੈਕਟਰ ਦਾ ਭਰਾ ਹੈ, ਦੋ ਦੀਆਂ ਹੋਰ ਵੱਡੀਆਂ ਸਿਫਾਰਸ਼ਾਂ ਨੇ। ਦੋ ਮੁੰਡੇ ਮੇਰੇ ਤੋਂ ਤਕੜੇ ਨੇ। ਪੰਜ ਮੇਰੇ ਬਰਾਬਰ ਦੇ ਨੇ। ਬੱਸ ਉਨੀ ਵੀਹ ਦਾ ਫਰਕ ਹੈ। ਇਨ੍ਹਾਂ 'ਚੋਂ ਵੱਡੀ ਉਮਰ ਦਾ ਹੋਣ ਕਰਕੇ ਮੈਨੂੰ ਕੱਢਣਗੇ...।"

"ਜੇ ਤੂੰ ਇਸ ਵਾਰ ਇੰਟਰਯੂਨੀਵਰਸਿਟੀ ਨਹੀਂ ਖੇਡੇਂਗਾ ਤਾਂ ਤੇਰੀ ਗਰੇਡੇਸ਼ਨ ਵਿਚ ਕੋਈ ਫਰਕ ਪਵੇਗਾ.... ?"

"ਨਹੀਂ ਜੀ...।"

"ਫੇਰ ਇਸ ਤਰ੍ਹਾਂ ਕਰੀਂ ਜੇ ਤੈਨੂੰ ਉਨ੍ਹਾਂ ਨੇ ਸਲੈਕਟ ਨਾ ਕੀਤਾ ਤਾਂ ਡਿਪਟੀ ਡਾਇਰੈਕਟਰ ਦੇ ਪੇਸ਼ ਹੋ ਕੇ ਪਿਛਲੇ ਚਾਰ ਨਾਲ ਮੁਕਾਬਲਾ ਕਰਾਉਣ ਲਈ ਚੈਲਿੰਜ ਕਰ ਦੇਵੀਂ। ਜੇ ਮੁਕਾਬਲਾ ਕਰਵਾ ਦਿੱਤਾ ਤਾਂ ਸੁਆਦ ਆ ਜਾਵੇਗਾ, ਹਰਾ ਤਾਂ ਤੂੰ ਸਾਰਿਆਂ ਨੂੰ ਦੇਵੇਂਗਾ ਹੀ... ਤੇਰੀ ਬੱਲੇ ਬੱਲੇ ਹੋ ਜਾਵੇਗੀ...। ਵੱਧ ਤੋਂ ਵੱਧ ਸਿਲੈਕਸ਼ਨ ਕਮੇਟੀ ਤੇਰੇ ਨਾਲ ਨਰਾਜ਼ ਹੋ ਜਾਵੇਗੀ, ਕੀ ਕਰ ਲੈਣਗੇ ਉਹ ਤੇਰਾ ? ਉਂਝ ਵੀ ਤੇਰਾ ਇਹ ਆਖਰੀ ਸਾਲ ਹੈ...।"

"ਠੀਕ ਹੈ ਜੀ... ਮੇਰੇ ਨਾਲਦੇ ਵੀ ਕਹਿੰਦੇ ਨੇ ਜੇ ਤੈਨੂੰ ਸਲੈਕਟ ਨਾ ਕੀਤਾ ਤਾਂ ਅਸੀਂ ਵੀ ਅੱਗੇ ਜਾਣ ਤੋਂ ਜਵਾਬ ਦੇ ਦੇਵਾਂਗੇ।"

"ਇਹ ਤਾਂ ਹੋਰ ਵੀ ਚੰਗੀ ਗੱਲ ਹੈ, ਪਰ ਪਹਿਲਾਂ ਕੁਝ ਨਾ ਕਹਿਓ।"

"ਉਹ ਤਾਂ ਮੌਕਾ ਦੱਸੂਗਾ ਕਿ ਕੀ ਕਰਨਾ ਹੈ।" ਧਰਮ ਨੇ ਕਿਹਾ।

ਤੇ ਮੌਕੇ ਨੇ ਵੀ ਉਸਨੂੰ ਦੱਸ ਦਿੱਤਾ ਕਿ ਹੁਣ ਤੈਨੂੰ ਕੀ ਕਰਨਾ ਚਾਹੀਦਾ ਹੈ। ਗੱਲ ਉਹੀ ਹੋਈ ਜਿਸ ਦਾ ਉਸਨੂੰ ਸ਼ੱਕ ਸੀ। ਧਰਮ ਨੂੰ ਟੀਮ 'ਚੋਂ ਬਾਹਰ ਕਰ ਦਿੱਤਾ ਗਿਆ ਸੀ।

"ਅਸੀਂ ਵੀ ਜਵਾਬ ਦੇ ਦਿੰਦੇ ਹਾਂ...ਲੈ ਜਾਣ ਜਿਸ ਨੂੰ ਲੈ ਜਾਣਾ ਹੈ।" ਉਸਦੇ ਇਕ ਦੋਸਤ ਨੇ ਉਸ ਨੂੰ ਕਿਹਾ।

"ਨਹੀਂ ਅਜੇ ਰੁਕੋ...ਪਹਿਲਾਂ ਮੈਂ ਡਿਪਟੀ ਡਾਇਰੈਕਟਰ ਸਾਹਿਬ ਨੂੰ ਮਿਲ ਆਵਾਂ, ਫੇਰ ਤਹਿ ਕਰਾਂਗੇ ਅਗਲਾ ਪ੍ਰੋਗਰਾਮ।" ਕਹਿਕੇ ਧਰਮ ਸਿੰਘ ਡਿਪਟੀ ਡਾਇਰੈਕਟਰ ਸਪੋਰਟਸ ਦੇ ਦਫਤਰ ਵਿਚ ਜਾ ਵੜਿਆ ਤੇ ਜਾ ਕੇ ਸਤਿ ਸ੍ਰੀ ਅਕਾਲ ਬੁਲਾਉਣ ਤੋਂ ਮਗਰੋਂ ਕਿਹਾ, "ਸਰ ਮੇਰੇ ਨਾਲ ਬੇਇਨਸਾਫੀ ਹੋਈ ਹੈ, ਮੈਨੂੰ ਟੀਮ 'ਚੋਂ ਕੱਢ ਕੇ ਸਿਫਾਰਸ਼ੀ ਮੁੰਡੇ ਪਾਏ ਗਏ ਹਨ। ਮੇਰੀ ਬੇਨਤੀ ਹੈ ਕਿ ਪਿਛਲੇ ਛੇ ਖਿਡਾਰੀਆਂ ਨੂੰ ਮੇਰੇ ਨਾਲ ਇਕੱਲੇ-ਇਕੱਲੇ ਨੂੰ ਖਿਡਾ ਦੇਓ... ਜੇ ਮੈਂ ਸਾਰੇ ਹਰਾ ਦਿੱਤੇ ਤਾਂ ਮੈਨੂੰ ਟੀਮ ਵਿਚ ਸ਼ਾਮਲ ਕਰ ਲੈਣਾ ਨਹੀਂ ਛੱਡ ਜਾਣਾ।"

"ਚਲ....," ਕਹਿਕੇ ਡਿਪਟੀ ਸਾਹਿਬ ਦਫਤਰ 'ਚੋਂ ਬਾਹਰ ਆ ਗਏ ਤੇ ਚੋਣਕਾਰਾਂ ਨੂੰ ਬੁਲਾ ਕੇ ਕਿਹਾ, "ਇਹ ਮੁੰਡਾ ਕਹਿੰਦੈ ਮੇਰੇ ਨਾਲ ਧੱਕਾ ਹੋਇਐ ?"

"ਕੋਈ ਧੱਕਾ ਨਹੀਂ ਹੋਇਆ ਜੀ, ਇਹ ਫਿਜੀਕਲੀ ਫਿਟ ਨਹੀਂ ਹੈ ਸਰ।"



"ਪਰ ਇਸ ਨੇ ਤਾਂ ਚੈਲਿੰਗ ਕੀਤਾ ਹੈ ਕਿ ਪਿਛਲੇ ਛੇ ਮੁੰਡੇ ਮੇਰੇ ਨਾਲ ਇਕੱਲਾ-ਇਕੱਲਾ ਕਰਕੇ ਖਿਡਾ ਕੇ ਦੇਖ ਲਵੋ ਜੇ ਮੈਂ ਹਰਾ ਦਿੱਤੇ ਤਾਂ ਲੈ ਜਾਣਾ ਨਹੀਂ....।"

"ਪਰ ਸਰ..."

"ਸਰ ਸੁਰ ਕੁਛ ਨਹੀਂ। ਪਿਛਲੇ ਛੇ ਮੁੰਡਿਆਂ ਨੂੰ ਕਪੜੇ ਪਾਉਣ ਤੋਂ ਰੋਕ ਦੇਵੋ। ਮੈਂ ਖੁਦ ਦੇਖਣਾ ਹੈ....ਇਹ ਮੁੰਡਾ ਜਿਸ ਕੰਨਫੀਡੈਂਸ ਨਾਲ ਕਹਿ ਰਿਹਾ ਹੈ, ਗਲਤ ਨਹੀਂ ਹੋ ਸਕਦਾ," ਡਿਪਟੀ ਡਾਇਰੈਕਟਰ ਸਾਹਿਬ ਨੇ ਥੋੜ੍ਹਾ ਗੁੱਸੇ ਵਿਚ ਆ ਕੇ ਹੁਕਮ ਦਿੱਤਾ।

ਤੇ ਫੇਰ ਉਸ ਨੇ ਬਾਰਵੇਂ ਖਿਡਾਰੀ ਨੂੰ ਸੱਦ ਕੇ ਖੇਡਣ ਲਈ ਕਿਹਾ ਤੇ ਧਰਮ ਸਿੰਘ ਤੋਂ ਪੁੱਛਿਆ, "ਗਰਾਉਂਡ ਪੂਰਾ ਰੱਖਣਾ ਹੈ ਜਾਂ ਅੱਧਾ....।"

"ਕੋਈ ਰੱਖ ਲਵੋਂ ਸਰ.... ਮੈਨੂੰ ਕੋਈ ਫਰਕ ਨਹੀਂ ਪੈਂਦਾ," ਉਸ ਨੇ ਜਵਾਬ ਦਿੱਤਾ।

ਇਸ ਤੋਂ ਪਹਿਲਾਂ ਕਿ ਡਿਪਟੀ ਸਾਹਿਬ ਬਾਰਵੇਂ ਖਿਡਾਰੀ ਤੋਂ ਪੁੱਛਣ ਕਿ ਗਰਾਉਂਡ ਅੱਧਾ ਰੱਖਣਾ ਹੈ ਜਾਂ ਪੂਰਾ ਉਹ ਪਹਿਲਾਂ ਹੀ ਬੋਲ ਉਠਿਆ,"ਅੱਧਾ ਠੀਕ ਹੈ ਸਰ...।"

ਗੇਮ ਸ਼ੁਰੂ ਹੋਈ। ਬਾਰਵਾਂ ਖਿਡਾਰੀ ਭਾਰੀ ਫਰਕ ਨਾਲ ਹਾਰ ਗਿਆ। ਫੇਰ ਗਿਆਰਵਾਂ ਖਿਡਾਰੀ ਆਇਆ, ਉਹ ਵੀ ਤਕੜੇ ਨੰਬਰਾਂ ਦੇ ਅੰਤਰ ਨਾਲ ਹਾਰ ਗਿਆ। ਇਸੇ ਤਰ੍ਹਾਂ ਦਸਵਾਂ ਤੇ ਨੌਂਵਾਂ ਖਿਡਾਰੀ ਵੀ ਆਏ ਤੇ ਹਾਰ ਕੇ ਮੁੜਦੇ ਰਹੇ।

"ਲਓ ਟੀਮ 'ਚ ਤਾਂ ਇਸ ਮੁੰਡੇ ਨੇ ਆਪਣੀ ਥਾਂ ਪੱਕੀ ਕਰ ਲਈ ਹੈ। ਹਰਾ ਇਹ ਹੋਰ ਨੂੰ ਵੀ ਸਕਦੈ ਪਰ ਮੈਂ ਇਸ ਨੂੰ ਹੋਰ ਥਕਾਉਣਾ ਨਹੀਂ ਚਾਹੁੰਦਾ। ਤੁਸੀਂ ਦੱਸੋ ਹੋਰ ਦੇਖਣੀਐ ਇਸ ਦੀ ਫਿਜੀਕਲ ਫਿਟਨੈਸ ?"

ਚੋਣਕਾਰ ਚੁੱਪ ਕਰਕੇ ਖੜ੍ਹੇ ਰਹੇ ਤੇ ਡਿਪਟੀ ਡਾਇਰੈਕਟਰ ਸਾਹਿਬ ਧਰਮ ਸਿੰਘ ਦਾ ਨਾਮ ਟੀਮ ਵਿਚ ਸ਼ਾਮਲ ਕਰਵਾ ਕੇ ਵਾਪਸ ਦਫਤਰ ਵਿਚ ਚਲੇ ਗਏ।

ਤੇ ਫੇਰ ਸੰਤ ਨਗਰ ਜਦ ਯੂਨੀਵਰਸਿਟੀ ਦੀ ਟੀਮ ਖੇਡ ਰਹੀ ਸੀ ਤਾਂ ਡਿਪਟੀ ਡਾਇਰੈਕਟਰ ਸਾਹਿਬ ਨੇ ਧਰਮ ਸਿੰਘ ਨੂੰ ਪਹਿਲੇ ਪੰਜ ਖਿਡਾਰੀਆਂ ਵਿਚ ਖੇਡਦਾ ਦੇਖਕੇ ਟੀਮ ਕੋਚ ਨੂੰ ਕਿਹਾ, "ਕਿਥੇ ਤਾਂ ਤੁਸੀਂ ਇਸ ਨੂੰ ਬਾਰਵਾਂ ਖਿਡਾਰੀ ਵੀ ਨਹੀਂ ਰੱਖਦੇ ਸੀ ਤੇ ਹੁਣ ਪਹਿਲੇ ਪੰਜ ਵਿਚ ਕਿਵੇਂ ਆ ਗਿਆ.... ? ਬਹੁਤ ਅਫਸੋਸ ਹੈ ਤੁਹਾਡੀ ਅਜਿਹੀ ਇਮਾਨਦਾਰੀ 'ਤੇ.....।"

ਕੋਚ ਪੱਥਰ ਦਾ ਬੁੱਤ ਬਣਿਆ ਖੜ੍ਹਾ ਸੀ।

## 3
## ਜ਼ੁੰਮੇਵਾਰੀ

ਮੁਬਾਇਲ ਦੀ ਘੰਟੀ ਵਜਦੀ ਹੈ। ਮੈਂ ਤ੍ਰਭਕ ਕੇ ਬੀਤੇ 'ਚੋਂ ਵਰਤਮਾਨ ਵਿਚ ਪਰਤ ਆਉਂਦਾ ਹਾਂ।

"ਹੈਲੋ ਪਾਪਾ ਜੀ...." ਅੱਗੋਂ ਮੇਰੀ ਵੱਡੀ ਬੇਟੀ ਬੋਲਦੀ ਹੈ।

"ਹਾਂ ਬੇਟੇ...।"

"ਬੇਟੇ ਦਾ ਕੋਈ ਫੋਨ ਆਇਆ ?" ਉਹ ਪੁੱਛਦੀ ਹੈ।

"ਨਹੀਂ....।" ਮੈਂ ਜਵਾਬ ਦਿੰਦਾ ਹਾਂ।

"ਜੇ ਪਹਿਲਾਂ ਤੁਹਾਨੂੰ ਫੋਨ ਆਵੇ ਤਾਂ ਮੈਨੂੰ ਖੁਸ਼ਖਬਰੀ ਦੱਸ ਦੇਣੀ... ਜੇ ਮੈਨੂੰ ਪਹਿਲਾਂ ਆਇਆ ਤਾਂ ਤੁਹਾਨੂੰ ਦੱਸ ਦੇਊਂਗੀ।" ਕਹਿ ਕੇ ਉਸ ਨੇ ਮੋਬਾਇਲ ਫੋਨ ਬੰਦ ਕਰ ਦਿੱਤਾ ਹੈ।

ਪ੍ਰਭਜੋਤ ਸਿੰਘ ਮੇਰਾ ਦੋਹਤਾ ਹੈ। ਟੇਬਲ ਟੈਨਿਸ ਦਾ ਉਭਰਦਾ ਖਿਡਾਰੀ ਹੈ। ਬੇਹੱਦ ਮਿਹਨਤੀ ਹੈ। ਪਿਛਲੇ ਸਾਲ ਉਹ ਅੰਡਰਏਜ ਹੋਣ ਕਰਕੇ ਖੇਡ ਨਹੀਂ ਸਕਦਾ ਸੀ ਪਰ ਉਸ ਦੇ ਕੋਚ ਨੇ ਉਸਦੀ ਕਾਬਲੀਅਤ ਨੂੰ ਦੇਖਕੇ ਕਾਗਜ਼ਾਂ ਵਿਚ ਉਸਦੀ ਉਮਰ ਵਧਵਾਕੇ ਉਸਨੂੰ ਜ਼ਿਲ੍ਹੇ ਦੀ ਟੀਮ ਵਿਚ ਖਿਡਾਉਣਾ ਚਾਹਿਆ ਸੀ। ਉਸ ਨੂੰ ਪੂਰਨ ਆਸ ਸੀ ਕਿ ਉਹ ਪਹਿਲੇ ਸਾਲ ਹੀ ਨੈਸ਼ਨਲ ਵਿਚੋਂ ਕੋਈ ਨਾ ਕੋਈ ਪੁਜੀਸ਼ਨ ਹਾਸਲ ਕਰ ਲਵੇਗਾ ਪਰ ਜਦੋਂ ਮੈਨੂੰ ਇਸ ਗੱਲ ਦਾ ਪਤਾ ਚਲਿਆ ਸੀ ਤਾਂ ਮੈਂ ਗਲਤ ਉਮਰ ਵਧਾ ਕੇ ਉਸ ਨੂੰ ਖਿਡਾਉਣ ਨਾਲੋਂ ਨਾ ਖਿਡਾਉਣਾ ਬਿਹਤਰ ਸਮਝਿਆ ਸੀ। ਮੈਂ ਨਹੀਂ ਚਾਹੁੰਦਾ ਸੀ ਕਿ ਉਹ ਜਾਲ੍ਹੀ ਜਨਮ ਸਰਟੀਫਿਕੇਟ ਲੈ ਕੇ, ਉਮਰ ਵਧਾ ਕੇ ਕਿਸੇ ਹੋਰ ਹੱਕਦਾਰ ਦਾ ਹੱਕ ਮਾਰੇ।

ਇਸ ਵਾਰ ਉਹ ਸਕੂਲ ਵੱਲੋਂ ਜੋਨ ਖੇਡਿਆ, ਸਕੂਲ ਦੀ ਟੀਮ ਹਾਰ ਗਈ ਪਰ ਉਹ ਜਿੱਤ ਗਿਆ। ਜੋਨ ਦੀ ਟੀਮ ਲਈ ਚੁਣ ਲਿਆ ਗਿਆ। ਜੋਨ ਦੀ ਟੀਮ ਹਾਰ ਗਈ ਪਰ ਉਹ ਜਿੱਤ ਗਿਆ। ਜ਼ਿਲ੍ਹੇ ਦੀ ਟੀਮ ਵਾਸਤੇ ਚੁਣ ਲਿਆ ਗਿਆ। ਜ਼ਿਲ੍ਹੇ ਦੀ ਟੀਮ ਪੰਜਾਬ ਵਿਚ ਹਾਰ ਗਈ ਪਰ ਉਹ ਜਿੱਤ ਗਿਆ ਤੇ ਉਸ ਨੂੰ ਪੰਜਾਬ ਦੀ ਟੀਮ ਲਈ ਚੁਣ ਲਿਆ ਗਿਆ।

ਹੁਣ ਉਹ ਨੈਸ਼ਨਲ ਖੇਡਣ ਗਿਆ ਹੋਇਆ ਹੈ। ਪਹਿਲੇ ਮੈਚ ਵਿਚ ਉਸ ਨੂੰ ਨਾ ਖਿਡਾਇਆ, ਟੀਮ ਹਾਰ ਗਈ। ਦੂਜੇ, ਤੀਜੇ, ਚੌਥੇ ਮੈਚ ਵਿਚ ਉਸਨੂੰ ਖਿਡਾਇਆ ਗਿਆ। ਜਿਥੇ ਉਹ ਸਾਰੇ ਮੈਚ ਜਿੱਤਿਆ ਉਥੇ ਉਸਦੀ ਟੀਮ ਵੀ ਤਿੰਨੇ ਮੈਚ ਜਿੱਤ ਗਈ। ਅੱਜ ਉਸ ਦਾ ਕੁਆਟਰ ਫਾਈਨਲ ਮੈਚ ਹੋਣਾ ਹੈ। ਸਾਨੂੰ ਪੂਰਨ ਆਸ ਹੈ ਕਿ ਉਹ ਅੱਜ ਦਾ ਮੈਚ ਜਿੱਤ ਸਕਦਾ ਹੈ। ਜੇ ਉਹ ਕੁਆਟਰ ਫਾਈਨਲ ਜਿੱਤ ਲੈਂਦਾ ਹੈ ਤਾਂ ਫੇਰ ਨੈਸ਼ਨਲ ਵਿਚੋਂ ਇਕ ਮੈਡਲ ਦੀ ਉਸ ਦੀ ਆਸ ਬਝਦੀ ਜਾ ਰਹੀ ਹੈ। ਇਸ ਲਈ ਅਸੀਂ ਸਾਰੇ ਉਸ ਤੋਂ ਖ਼ਬਰ ਸੁਨਣ ਲਈ ਉਤਾਵਲੇ ਹਾਂ। ਪਰ ਕੀ ਕਰੀਏ ਨਾ ਉਸ ਦਾ ਫੋਨ ਮਿਲ ਰਿਹਾ ਹੈ, ਨਾ ਉਸ ਵੱਲੋਂ ਫੋਨ ਆ ਰਿਹਾ ਹੈ। ਕੰਨ ਮੁਬਾਇਲ ਉਤੇ ਹੀ ਲੱਗੇ ਹੋਏ ਹਨ।

ਫੋਨ ਦੀ ਘੰਟੀ ਵਜਦੀ ਹੈ। ਮੈਂ ਫੋਨ ਖੋਲ੍ਹ ਕੇ "ਹੈਲੋ " ਕਹਿੰਦਾ ਹਾਂ। ਅੱਗੋਂ ਬੇਟੀ ਦੀਆਂ ਸਿਸਕੀਆਂ ਦੀ ਆਵਾਜ਼ ਆ ਰਹੀ ਹੈ। ਉਸ ਦੀਆਂ ਸਿਸਕੀਆਂ ਸੁਣ ਕੇ ਮੈਂ ਸੋਚਦਾ ਹਾਂ ਦੋਹਤਾ ਮੈਚ ਹਾਰ ਗਿਆ ਹੋਵੇਗਾ, ਇਸ ਲਈ ਬੇਟੀ ਨੂੰ ਹੌਸਲਾ ਦੇਣ ਲਈ ਕਹਿੰਦਾ ਹਾਂ, "ਕੀ ਹੋ ਗਿਆ ਜੇ ਉਹ ਹਾਰ ਗਏ... ਅੱਜੇ ਤਾਂ ਉਸ ਦੀ ਬਥੇਰੀ ਉਮਰ ਪਈ ਹੈ, ਖੇਡਣ ਲਈ... ਤੂੰ ਰੋ ਕਿਉਂ ਰਹੀ ਹੈਂ ....ਏਨਾ ਥੋੜ੍ਹੈ ਕਿ ਆਪਣਾ ਮੁੰਡਾ ਪਹਿਲੇ ਸਾਲ ਹੀ ਨੈਸ਼ਨਲ ਦੇ ਕੁਆਟਰ ਫਾਈਨਲ ਤਕ ਪਹੁੰਚ ਗਿਆ। ਸਕੂਲ ਤੋਂ ਲੈ ਕੇ ਪੰਜਾਬ ਤਕ ਬੇਸ਼ੱਕ ਉਸ ਦੀ ਟੀਮ ਹਾਰ ਦੀ ਰਹੀ ਪਰ ਉਹ ਤਾਂ ਜਿੱਤ ਦਾ ਰਿਹਾ ਹੈ। "

"ਹਾਰਿਆ ਕਾਨੂੰ ਐ ਪਾਪਾ....," ਉਹ ਸਿਸਕਣਾ ਰੋਕ ਕੇ ਕਹਿੰਦੀ ਹੈ।

"ਹੋਰ ਕੀ ਹੋ ਗਿਆ ?" ਮੈਂ ਹੈਰਾਨ ਹਾਂ।

"ਉਨ੍ਹਾਂ ਦੀ ਟੀਮ ਸਕਰੈਚ ਕਰ ਦਿੱਤੀ।"

"ਉਹ ਕਿਉਂ ?" ਮੈਂ ਹੋਰ ਹੈਰਾਨ ਹੋਇਆ ਪੁੱਛਦਾ ਹਾਂ।

"ਮੈਚ ਦਾ ਟਾਈਮ ਸਵੇਰੇ ਅੱਠ ਵਜੇ ਦਾ ਸੀ ਤੇ ਉਨ੍ਹਾਂ ਦਾ ਕੋਚ ਉਨ੍ਹਾਂ ਨੂੰ ਸਾਢੇ ਅੱਠ ਵਜੇ ਲੈ ਕੇ ਗਿਆ।"

"ਉਹ ਕਿਉਂ ?"

**ਬਾਕੀ ਦੇਖੋ ਪੰਨਾ ਨੰ : 21 'ਤੇ**



## ਜ਼ਿੰਦਗੀ ਵਿਚ ਏਨਾ ਤਲਖ਼ ਅਹਿਸਾਸ ਕਦੀ ਨਹੀਂ ਸੀ ਹੋਇਆ
### -ਬਲਦੇਵ ਸਿੰਘ

ਜ਼ਿੰਦਗੀ ਵਿਚ ਬਹੁਤ ਘੱਟ ਮੈਨੂੰ ਤਲਖ਼ ਤਜ਼ੁਰਬਾ ਹੋਇਆ ਹੈ। ਕੁਝ ਕੁਝ ਮੇਰਾ ਸੁਭਾਅ ਵੀ ਅਜਿਹਾ ਹੈ। ਮੈਂ ਸੰਕਟਾਂ ਨੂੰ ਕਦੇ ਵੀ ਬਹੁਤੀ ਗੰਭੀਰਤਾ ਨਾਲ ਨਹੀਂ ਲਿਆ। ਇਕ ਵਾਰ ਸਿਰਫ਼ ਇਕ ਵਾਰ ਮੈਂ ਆਪਣੇ ਇਕ ਸਨੇਹੀ ਦੇ ਵਿਵਹਾਰ ਉਪਰ ਬੇਹੱਦ ਦੁੱਖੀ ਹੋਇਆ। ਜਿਸ ਉਪਰ ਮੈਂ ਆਪਣੇ ਪੁੱਤਰਾਂ ਨਾਲੋਂ ਵੱਧ ਵਿਸ਼ਵਾਸ ਕੀਤਾ। ਹਰ ਸਾਹਿਤਕ ਸਮਾਗਮ ਉਪਰ ਮੈਂ ਉਸਨੂੰ ਨਾਲ ਲੈ ਕੇ ਜਾਂਦਾ। ਉਸਦੀ ਹਰ ਕਚ-ਘਰੜ ਰਚਨਾ ਨੂੰ ਸੋਧਦਾ, ਉਸਦਾ ਨਾਮਕਰਣ ਕਰਦਾ। ਮੈਂ ਆਪਣੇ ਸਾਹਿਤਕ ਜੀਵਨ ਦੇ 30 ਵਰ੍ਹਿਆਂ ਵਿਚ ਜਿੰਨੀ ਜਾਣ-ਪਹਿਚਾਣ ਬਣਾਈ ਸਾਹਿਤਕ ਦੋਸਤੀ ਬਣਾਏ। ਮੀਡੀਆਂ ਵਿਚ ਪਹਿਚਾਣ ਬਣੀ। ਮੈਂ ਉਹ ਸਭ ਸਾਲ ਦੋ ਸਾਲਾਂ ਦੇ ਵਕਫ਼ੇ ਵਿਚ ਉਸਦੀ ਪਹਿਚਾਣ ਬਣਾ ਦਿੱਤੀ। ਸਾਹਿਤਕ ਅਦਾਰੇ ਜਿੰਨਾ ਮੈਨੂੰ ਜਾਣਦੇ ਸਨ, ਹੁਣ ਓਨਾ ਹੀ ਉਸਨੂੰ ਵੀ ਜਾਣਨ ਲੱਗੇ।

ਮੈਂ ਨਾ ਪਬਲਿਸ਼ਰਾਂ ਦੀ ਜ਼ਹਿਨੀਅਤ ਸਮਝ ਸਕਿਆ ਹਾਂ, ਨਾ ਵਪਾਰੀ ਲੋਕਾਂ ਦੀ। ਮੇਰਾ ਇਹ ਅਜੀਜ਼ ਵੀ ਵਪਾਰੀ ਹੈ ਤੇ ਮੁੰਡਿਆਂ ਵੀ ਵਿਦੇਸ਼ ਭੇਜਣ ਦਾ ਧੰਦਾ ਕਰਦਾ ਹੈ। ਮੇਰੇ ਛੋਟੇ ਲੜਕੇ ਦੀ ਮੈਡੀਕਲ ਪਰੈਕਟਿਸ ਉਸ ਤਰ੍ਹਾਂ ਦੀ ਨਹੀਂ ਸੀ, ਜਿਸ ਤਰ੍ਹਾਂ ਦੀ ਉਹ ਤਵੱਕੋ ਕਰਦਾ ਸੀ। ਕੁਝ ਕੁਝ ਉਦਾਸ ਰਹਿਣ ਲੱਗਾ ਸੀ। ਇਹਨਾਂ ਦਿਨਾਂ ਵਿਚ ਇੰਗਲੈਂਡ ਵਾਲਿਆਂ ਸਟੂਡੈਂਟ ਵੀਜ਼ੇ ਖੋਲ੍ਹ ਦਿੱਤੇ। ਲੜਕਾ ਕਹਿੰਦਾ ਜੇ ਮੈਂ ਇੰਗਲੈਂਡ ਚਲਿਆ ਜਾਵਾਂ, ਉਥੇ ਜੇ ਸੈਟਿੰਗ ਹੋ ਜਾਵੇ। ਹਰ ਕੋਈ ਬੇਹਤਰ ਜੀਵਨ ਜਿਉਣ ਦੇ ਸੁਪਨੇ ਲੈਂਦਾ ਹੈ। ਸੁਪਨੇ ਲੈਣੇ ਵੀ ਚਾਹੀਦੇ ਨੇ। ਮੈਂ ਵਪਾਰੀ ਅਜ਼ੀਜ ਨਾਲ ਗੱਲ ਕੀਤੀ। ਉਸਨੇ ਮੈਨੂੰ ਇਕ 'ਸਾਮੀ' ਸਮਝ ਕੇ ਫਸਾ ਲਿਆ।

ਪੇਪਰ ਤਿਆਰ ਹੋਣ ਲੱਗੇ। ਬੈਂਕ ਲਿਮਿਟ ਬਣਾਉਣ ਦਾ ਜ਼ਿਮਾ ਲੈ ਲਿਆ, ਯੂ. ਕੇ. ਵਿਚ ਕਾਲਜ ਦੀ ਫੀਸ ਜਮ੍ਹਾਂ ਕਰਵਾ ਲਈ। ਜਿਵੇਂ ਕਿ ਉਹ ਕਹਿੰਦਾ ਗਿਆ, ਮੈਂ ਕਰਦਾ ਗਿਆ। ਪਹਿਲਾਂ ਇਕ ਸਾਲ ਦੀ ਫੀਸ ਲਈ। ਫਿਰ ਕੁਝ ਦਿਨਾਂ ਬਾਅਦ ਕਿਹਾ, 'ਵੀਜ਼ਾ ਨਹੀਂ ਲੱਗਣਾ ਇਕ ਸਾਲ ਦੀ ਹੋਰ ਫੀਸ ਜਮ੍ਹਾਂ ਕਰਾਓ।' ਮੇਰੇ ਕੋਲ 12 ਕੁ ਮਰਲੇ ਦਾ ਪਲਾਟ ਭਲੇ ਵੇਲਿਆਂ ਦਾ ਖਰੀਦਿਆ ਪਿਆ ਸੀ। ਵਕਾਊ ਕੀਤਾ ਤਾਂ ਗਾਹਕ ਨੇ ਮਨ-ਮਰਜ਼ੀ ਦੇ ਭਾਅ ਖਰੀਦਣ ਦੀ ਹਾਮੀ ਭਰੀ। ਹਮਦਰਦੀਆਂ ਕਿਹਾ-'ਨਾ ਵੇਚ ਇਹ ਤਾਂ ਲੁੱਟ ਦੇ ਭਾਅ ਐ।' ਪਰ ਅੱਗ ਲੱਗੀ ਤੋਂ ਮਸ਼ਕਾਂ ਨਾਲ ਸੌਦੇ-ਬਾਜ਼ੀ ਨਹੀਂ ਹੁੰਦੀ। ਮੈਂ ਪਲਾਟ ਵੇਚ ਦਿੱਤਾ। ਵਪਾਰੀ ਮਿੱਤਰ ਦੀ ਹਰ ਮੰਗ ਪੂਰੀ ਕਰ ਦਿੱਤੀ। ਮੁੰਡਾ ਯੂ. ਕੇ. ਚਲਿਆ ਗਿਆ। ਉਸਦੀ ਪਤਨੀ, ਬੱਚੇ ਨਵੇਂ ਸੁਪਨੇ ਵੇਖਣ ਲੱਗੇ। ਮਹੀਨੇ ਕੁ ਪਿੱਛੋਂ ਮੁੰਡੇ ਦਾ ਫੋਨ ਆਇਆ, 'ਜਿਹੜਾ ਕੋਰਸ ਮੈਂ ਫਾਰਮ ਵਿਚ ਲਿਖਿਆ ਸੀ। ਉਹ ਨਹੀਂ ਦੇ ਰਹੇ।' ਅਜ਼ੀਜ ਕੋਲ ਗਿਆ, ਉਸਨੇ ਕਿਹਾ ਮੈਂ ਗੱਲ ਕਰਦੈਂ। ਕੁਝ ਦਿਨਾਂ ਬਾਅਦ ਕਿਹਾ, 'ਅਜੇ ਓਹੀ ਕੋਰਸ ਕਰੀ ਜਾਵੇ, ਬਾਅਦ ਵਿਚ ਬਦਲਾ ਦਿਆਂਗੇ।' ਲੜਕੇ ਦਾ ਫਿਰ ਫੋਨ ਆਇਆ- 'ਕਾਲਜ ਵਾਲੇ ਕਹਿੰਦੇ ਨੇ ਦੂਸਰੇ ਸਾਲ ਦੀ ਫੀਸ ਵੀ ਜਮ੍ਹਾਂ ਕਰਾਓ।' ਮੈਂ ਫਿਰ ਉਸ ਏਜੰਟ ਕੋਲ ਗਿਆ। 'ਫੀਸ ਤਾਂ ਭੇਜੀ ਹੋਈ ਐ।'

ਫਿਰ ਲੜਕੇ ਦੇ ਯੂ. ਕੇ. ਤੋਂ ਫੋਨ ਆਉਂਦੇ ਰਹੇ। ਫੀਸ ਉਹਨਾਂ ਕੋਲ ਨਹੀਂ ਗਈ। ਇਹ ਕਹਿੰਦਾ, 'ਅਸੀਂ ਭੇਜੀ ਐ।'....ਏਨੀ ਦੂਰ ਹਰ ਰੋਜ਼ ਫੋਨ ਕਰਨਾ, ਫੇਰ ਏਜੰਟ ਨੂੰ ਮਿਲਣਾ-ਪੰਜ ਛੇ ਮਹੀਨੇ ਏਵੇਂ ਲੰਘ ਗਏ। ਉਧਰ ਪੜ੍ਹਨ ਗਏ ਵਿਦਿਆਰਥੀ ਯੂ. ਕੇ. ਦੀਆਂ ਸੜਕਾਂ 'ਤੇ ਰੁਲਣ ਲੱਗੇ। ਕੰਮ 20 ਘੰਟੇ ਹਫਤੇ ਤੋਂ 10 ਘੰਟੇ ਹਫਤਾ ਕਰ ਦਿੱਤਾ। ਮੁੰਡੇ ਉਧਰ ਭੁੱਖੇ ਮਰਨ ਲੱਗੇ,

ਏਧਰ ਏਜੰਟਾਂ ਨੇ ਤਿਜੌਰੀਆਂ ਭਰ ਲਈਆਂ।

ਮੈਂ ਅਜੀਜ਼ ਮਿੱਤਰ ਦੀਆਂ ਮਿੰਨਤਾਂ ਕੀਤੀਆਂ, ਜੇ ਪੈਸੇ ਨਹੀਂ ਭੇਜੇ ਸਾਲ ਦੀ ਫੀਸ ਦੇ ਤਾਂ ਹੁਣ ਭੇਜੀ ਨਾ। ਮੈਨੂੰ ਵਾਪਸ ਦੇਦੇ। ਲੜਕਾ ਉਥੇ ਰਹਿਣਾ ਨਹੀਂ ਚਾਹੁੰਦਾ। ਇਹ ਕਹੇ, ਮੈਂ ਫੀਸ ਭੇਜ ਦਿੱਤੀ ਹੈ। ਕਾਲਜ ਵਾਲੇ ਕਹੀ ਜਾਣ, ਸਾਨੂੰ ਫੀਸ ਮਿਲੀ ਨਹੀਂ। ਤਿੰਨ ਹਜ਼ਾਰ ਪੌਂਡ ਥੋੜ੍ਹੇ ਨਹੀਂ ਹੁੰਦੇ, ਮੇਰੇ ਵਰਗੇ ਬੰਦੇ ਲਈ। ਮਨ ਬਹੁਤ ਪ੍ਰੇਸ਼ਾਨ ਰਹਿਣ ਲੱਗਾ। ਦੋਸਤ ਸਲਾਹਾਂ ਦੇਣ ਲੱਗੇ। ਕੋਈ ਕਹੇ ਕੋਰਟ ਵਿਚ ਕੇਸ ਕਰਦੇ। ਕੋਈ ਕਹੇ ਠਾਣੇ ਐਫ. ਆਈ. ਆਰ. ਦਰਜ ਕਰਾ। ਲੜਕਾ ਪੰਦਰਾਂ ਦਿਨਾਂ ਦੀ ਛੁੱਟੀ ਲੈ ਕੇ ਆ ਗਿਆ। ਏਜੰਟ ਨੂੰ ਮਿਲੇ। ਉਸਨੇ ਸਾਰੇ ਪਰਿਵਾਰ ਦੀ ਜਾਣੀ ਚਾਰ ਜੀਆਂ ਦੀ ਬੈਂਕ ਲਿਮਿਟ ਬਣਾਈ ਸੀ ਜਿਹੜੀ ਸਿਰਫ਼ ਹਫਤੇ ਕੁ ਭਰ ਲਈ ਸੀ, ਜਹਾਜ਼ ਚੜ੍ਹਨ ਤੱਕ। ਬੈਂਕ ਵਾਲਿਆਂ ਦੀ ਮਿਲੀ ਭੁਗਤ ਨਾਲ ਮੈਨੂੰ ਡੇਢ ਲੱਖ ਦਾ ਚੂਨਾ ਲਗਾ ਦਿੱਤਾ ਸੀ।

ਲੜਕਾ ਝਗੜਿਆ ਵੀ। ਏਜੰਟ ਨੇ ਪੈਰਾਂ ਉਪਰ ਪਾਣੀ ਨਹੀਂ ਪੈਣ ਦਿੱਤਾ। ਮੈਂ ਠਾਣੇ ਦਰਖਾਸਤ ਦਿੱਤੀ। ਉਸਨੇ ਇੰਚਾਰਜ ਗੰਢ ਲਿਆ। ਗੱਲ ਡੀ. ਐਸ. ਪੀ. ਤੱਕ ਪੁੱਜੀ। ਉਥੇ ਵੀ ਘਾਲਾ ਮਾਲਾ ਹੋ ਗਿਆ। ਮੈਂ ਹਾਰ ਕੇ ਘਰ ਬੈਠ ਗਿਆ। ਮੇਰੀ ਉਮਰ 70 ਸਾਲਾਂ ਦੇ ਨੇੜੇ ਢੁੱਕਣ ਲੱਗੀ ਹੈ। ਸਾਰੀ ਹਯਾਤੀ ਮੈਂ ਏਨੀ ਨਮੋਸ਼ੀ ਕਦੇ ਵੀ ਨਹੀਂ ਮਹਿਸੂਸ ਕੀਤੀ। ਬਿਲਕੁਲ ਆਪਣਾ ਹੋ ਕੇ ਜਿਸਦੀ ਹਰ ਰਚਨਾ ਨੂੰ ਮੈਂ ਪਰਮੋਟ ਕਰਦਾ ਰਿਹਾ, ਉਹੀ ਜਿਹੜਾ ਮੈਨੂੰ ਗੁਰੂ ਕਹਿਕੇ ਸੰਬੋਧਨ ਕਰਦਾ ਰਿਹਾ ਇਸ ਤਰ੍ਹਾਂ ਮੇਰੇ ਨਾਲ ਛਲ ਕਪਟ ਕਰੇਗਾ, ਇਹੀ ਸੋਚਕੇ ਮੈਂ ਧਰਤੀ ਵਿਚ ਨਿਘਾਰਦਾ ਮਹਿਸੂਸ ਕਰਦਾ ਰਿਹਾ। ਦੋ ਸਾਲਾਂ ਦੀ ਫੀਸ ਭਰਨ ਲਈ ਵੇਚੇ ਪਲਾਟ ਦੀਆਂ ਕੀਮਤਾਂ ਅਸਮਾਨੀ ਜਾ ਚੜ੍ਹੀਆਂ। ਹੁਣ ਉਸ ਪਲਾਟ ਦੀ ਮਾਰਕੀਟ ਕੀਮਤ 35-36 ਲੱਖ ਹੋ ਗਈ ਹੈ। ਜਿਹੜਾ ਮੈਂ ਭੰਗ ਦੇ ਭਾਅ ਵੇਚਿਆ ਹੁਣ ਮੈਂ ਹਰ ਰੋਜ਼ ਆਪਣੇ ਆਪ ਨੂੰ ਕੋਸਦਾ ਹਾਂ, ਮੇਰੇ ਸਿਸ਼ ਨੇ ਸਭ ਕੁਝ ਜਾਣਦੇ ਹੋਏ ਵੀ, ਆਪਣੇ ਥੋੜ੍ਹੇ ਜਿਹੇ ਲਾਲਚ ਪਿੱਛੇ, ਮੈਨੂੰ ਕਿਉਂ ਧੋਖੇ ਵਿਚ ਰੱਖਿਆ।

ਜ਼ਿੰਦਗੀ ਵਿਚ ਬਹੁਤ ਉਤਰਾ ਚੜ੍ਹਾ ਆਏ ਹਨ। ਕਲਕੱਤੇ ਟਰਾਂਸਪੋਰਟ ਦਾ ਧੰਦਾ ਕਰਦਿਆਂ, ਵੱਡੀਆਂ ਵੱਡੀਆਂ ਦੁਰਘਟਨਾਵਾਂ ਦੇ ਰੂ-ਬਰੂ ਹੋਇਆ ਹਾਂ, ਪਰ ਜਿਸ ਤਰ੍ਹਾਂ ਦੀ ਸੱਟ ਇਸ ਅਜੀਜ਼ ਏਜੰਟ ਨੇ ਮਾਰੀ ਹੈ, ਉਹ ਸ਼ਾਇਦ ਮੈਂ ਜ਼ਿੰਦਗੀ ਭਰ ਨਾ ਭੁੱਲ ਸਕਾਂ। ਕਿਉਂਕਿ ਇਸ ਸਾਰੇ ਐਪੀਸੋਡ ਨੇ ਮੇਰੀ ਰੋਜ਼-ਮਰਾ ਦੀ ਜ਼ਿੰਦਗੀ ਵਿਚ ਨਾ ਬਰਦਾਸ਼ਤ ਕਰਨ ਵਾਲੀ ਉਥਲ-ਪੁਥਲ ਪੈਦਾ ਕਰ ਦਿੱਤੀ ਹੈ।

ਜ਼ਿੰਦਗੀ ਵਿਚ ਏਨਾ ਤਲਖ਼ ਅਹਿਸਾਸ ਮੈਨੂੰ ਕਦੀ ਨਹੀਂ ਸੀ ਹੋਇਆ।

---

**ਪੰਨਾ ਨੰ: 53 ਦਾ ਬਾਕੀ**

ਸਕਿਊਰਟੀ ਅਫਸਰ ਅਤੇ ਕਮਾਡਿੰਗ ਅਫਸਰ ਦੋਹਾਂ ਨੇ ਮੇਰੇ ਹੱਕ ਵਿਚ ਰਿਪੋਟਰ ਦਿੱਤੀ। ਫਿਰ ਜਾ ਕੇ ਮੇਰੀ ਖਲਾਸੀ ਹੋਈ ।

ਪਰ ਇਹ ਸਭ ਕੁਝ ਛੱਡ ਕੇ ਮੈਨੂੰ ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਮੈਨੂੰ ਲੇਖਕਾਂ ਦੀ ਬਰਾਦਰੀ 'ਚੋਂ ਛੇਕ ਦਿੱਤਾ ਹੋਵੇ । ਉਹਨਾਂ ਨੂੰ ਮਿਲਣਾ ਤਾਂ ਦੂਰ ਚਿੱਠੀ ਪੱਤਰ ਰਾਹੀਂ ਸੰਬੰਧ ਰੱਖਣ ਤੇ ਵੀ ਡਰ ਲੱਗਦਾ ਸੀ । ਆਪਣੇ ਪੰਜਾਂ ਦੋਸਤਾਂ ਨਾਲ ਵੀ ਸਾਰੀਆਂ ਸਾਂਝਾਂ ਖਤਮ ਹੋ ਗਈਆਂ ਸਨ ।



## ਬਰਾਦਰੀ 'ਚੋਂ ਛੇਕਿਆ ਬੰਦਾ/ ਦੇਵਿੰਦਰ ਦੀਦਾਰ

ਮੈਂ ਕਦੀ ਵੀ ਗਲਤ ਕੰਮ ਕਰਕੇ ਪਛਤਾਣ ਵਿਚ ਵਿਸ਼ਵਾਸ ਨਹੀਂ ਰਖਦਾ। ਮੈਂ ਅਰਾਮ ਅਤੇ ਦ੍ਰਿੜਤਾ ਨਾਲ ਚਲ ਕੇ ਮੰਜਲ ਤੇ ਪਹੁੰਚਣ ਦੇ ਹੱਕ ਵਿਚ ਹਾਂ । ਮੇਰੇ ਵਿਚਾਰ ਮੁਤਾਬਿਕ ਦੌੜਨ ਅਤੇ ਕਾਹਲੀ ਕਰਨ ਵਾਲਾ ਆਦਮੀ ਛੇਤੀ ਹੰਬ ਜਾਂਦਾ ਹੈ, ਸੋ ਜ਼ਿੰਦਗੀ ਦੇ ਹਰ ਪਲ ਨੂੰ ਪੂਰੀ ਸਿੱਦਤ ਨਾਲ ਜਿਉਣਾ ਚਾਹੀਦਾ ਹੈ। ਕਈ ਆਦਮੀ ਸ਼ਰਾਬ ਦਾ ਹਾੜਾ ਇਕ ਦਮ ਚੁੱਕਣ ਵਾਂਗ ਜਿਉਂਦੇ ਹਨ ਪਰ ਮੈਂ ਸਿੱਪ ਕਰਕੇ ਪੈੱਗ ਮਕਾਉਣ ਵਾਂਗ ਜ਼ਿੰਦਗੀ ਜਿਉਣ ਦੇ ਹੱਕ ਵਿਚ ਹਾਂ।

ਹਵਾਈ ਸੈਨਾ ਦੀ ਨੌਕਰੀ ਦੌਰਾਨ ਮੈਂ ਕੁਝ ਖਾਸ ਦੋਸਤਾਂ ਨਾਲ ਹੀ ਵਾਸਤਾ ਰਖਿਆ ਸੀ, ਬਾਕੀਆਂ ਨਾਲ ਸਿਰਫ "ਗੁਡ ਮੌਰਨਿੰਗ ਟਾਈਪ ਰਿਸ਼ਤਾ", ਜਿਸ ਨੂੰ ਦੁਆ-ਸਲਾਮ ਤੱਕ ਸੀਮਤ ਤੁਅਲਕਾਤ ਕਹਿ ਸਕਦੇ ਹਾਂ। ਇਸ ਸਟੇਸ਼ਨ ਤੇ ਪੰਜ ਕੁ ਮੁੰਡੇ ਸਨ ਜਿਨ੍ਹਾਂ ਨਾਲ ਮੇਰਾ ਜ਼ਿਆਦਾ ਮੇਲ-ਜੋਲ ਸੀ । ਪੜ੍ਹਨ ਵਾਲੇ, ਸਿਆਣੇ, ਜ਼ਿੰਦਗੀ ਦੀ ਸੇਧ ਨੂੰ ਸਮਝਣ ਵਾਲੇ ਅਤੇ ਮੇਰੇ ਵਾਂਗ ਆਪਣੇ-ਆਪ ਵਿਚ ਸੀਮਤ ਰਹਿਣ ਵਾਲੇ, ਜਿਸ ਨਾਲ ਜੁੜਦੇ ਸੌ ਫੀਸਦੀ ਜੁੜਦੇ, ਨਹੀਂ ਤਾਂ ਦੂਰ ਦੀ ਸਲਾਮ । ਉਹ ਸ਼ਰਤਾਂ ਨਾਲ ਜਾਂ ਬਟਿਆਂ ਵਿਚ ਜੁੜਨ ਵਾਲੇ ਨਹੀਂ ਸਨ ।

ਕਰਮਜੀਤ ਸਿੰਘ ਐੱਮ. ਏ. ਕਰਕੇ ਬੀ.ਐੱਡ. ਕਰ ਰਿਹਾ ਸੀ। ਮੋਹਣ ਸਿੰਘ ਐੱਮ. ਏ. ਕਰ ਰਿਹਾ ਸੀ । ਗੁਰਮੀਤ ਸਿੰਘ ਤੂਰ, ਬੀ. ਏ. ਕਰਕੇ ਲਾਅ ਕਰ ਰਿਹਾ ਸੀ। ਸੁਖਦੇਵ ਸਿੰਘ ਲਾਲੀ ਅਤੇ ਕਰਮ ਸਿੰਘ ਗਿੱਲ ਬੀ.ਏ. ਕਰ ਰਹੇ ਸਨ । (ਸਾਰੇ ਪੱਤਰ-ਵਿਹਾਰ ਰਾਹੀਂ ) ਉਹਨਾਂ ਵਿਚ ਇਕ ਮੈਂ ਹੀ ਸਾਂ ਜੋ ਪੜ੍ਹਦਾ ਭਾਵੇਂ ਉਹਨਾਂ ਤੋਂ ਜ਼ਿਆਦਾ ਸਾਂ ਪਰ ਕੋਈ ਡਿਗਰੀ ਨਹੀਂ ਸੀ ਕੀਤੀ । ਮੇਰਾ ਵਿਸ਼ਵਾਸ ਸੀ ਕਿ ਜ਼ਿੰਦਗੀ ਵਿਚ ਬਿਨਾਂ ਡਿਗਰੀ ਵੀ ਇਨਸਾਨ ਕਾਮਯਾਬ ਹੋ ਸਕਦਾ ਹੈ ।

ਇਥੇ ਬਦਲੀ ਹੋਣ 'ਤੇ ਮੈਂ ਇਸੇ ਬੈਰਿਕ ਵਿਚ ਆਣ ਟਿਕਿਆ, ਅਸੀਂ ਸਾਰੇ ਅਮਰੀਕਨ ਸਿਸਟਮ ਨਾਲ ਰਹਿੰਦੇ ਸਾਂ । ਦੋ ਅਖ਼ਬਾਰਾਂ, ਤਿੰਨ ਚਾਰ ਮੈਗਜ਼ੀਨ ਅਸਾਂ ਆਪਣੀ ਬੈਰਿਕ ਵਿਚ ਲਗਵਾਏ ਹੋਏ ਸਨ। ਹਫਤੇ ਵਿਚ ਇਥੇ ਦੋ ਦਿਨ ਬਾਜ਼ਾਰ ਲਗਦਾ ਸੀ, ਵੀਰਵਾਰ ਅਤੇ ਐਤਵਾਰ, ਅਸਾਂ ਦੋਵੇਂ ਦਿਨ ਬਾਜ਼ਾਰ 'ਚੋਂ ਮੁਰਗਾ ਕਟਵਾ ਕੇ ਲਿਆਉਣਾ, ਹੀਟਰ ਤੇ ਰਿਨਣਾ।(ਹਾਲਾਂ ਕਿ ਏਅਰ ਫੋਰਸ ਵਿਚ ਰੋਜ਼ ਰਾਤ ਨੂੰ ਇਕ ਦਿਨ ਮੁਰਗਾ, ਇਕ ਦਿਨ ਮੱਛੀ ਅਤੇ ਬਾਕੀ ਦਿਨ ਮਟਨ ਮਿਲਦਾ ਸੀ) ਪਰ ਅਸੀਂ ਮੈਸ ਨਾਲੋਂ ਆਪਣੇ ਬਣਾਏ ਮੁਰਗੇ ਨੂੰ ਤਰਜੀਹ ਦੇਂਦੇ ਸਾਂ। ਮੈਸ ਤੋਂ ਸਿਰਫ ਰੋਟੀਆਂ ਹੀ ਲਿਆਉਣੀਆਂ । ਸਾਡੀ ਸਭ ਤੋਂ ਅਜੀਬ ਗੱਲ ਜੋ ਬਾਕੀਆਂ ਨੂੰ ਲਗਦੀ ਸੀ ਕਿ ਸਾਡੀ ਸ਼ਰਾਬ ਆਪੋ-ਆਪਣੀ ਹੁੰਦੀ, ਤੂਰ ਅਤੇ ਮੋਹਣ ਸਿੰਘ ਦੋ ਦੋ ਪੈੱਗਾਂ ਦੇ ਵਣਜਾਰੇ ਸਨ, ਕਰਮਜੀਤ ਸਿੰਘ ਅਤੇ ਮੈਂ ਤਿੰਨ-ਤਿੰਨ ਜਾਂ ਵੱਧ ਤੋਂ ਵੱਧ ਚਾਰ ਪੈੱਗ, ਪਰ ਲਾਲੀ ਅਤੇ ਗਿੱਲ ਅੱਧੀ-ਪੌਣੀ ਬੋਤਲ ਚੁੱਕਣ ਵਾਲੇ ਸਨ। ਸਾਡਾ ਅਸੂਲ ਸੀ "ਜੇ ਭਾਰ ਚੁੱਕ ਨਹੀਂ ਸਕਦੇ, ਤਾਂ ਭਾਰ ਬਣੋਂ ਵੀ ਨਾ।" ਅਸਾਂ ਇਕ ਕਾਪੀ ਲਾਈ ਹੁੰਦੀ, ਵਰਕੇ ਨੂੰ ਛੇ ਖਾਨਿਆਂ 'ਚ ਵੰਡਿਆ ਹੁੰਦਾ, ਸਾਰਾ ਮਹੀਨਾ ਜਿਸ ਨੇ ਵੀ ਪੈਸੇ ਖਰਚਣੇ ਉਸ ਦੇ ਖਾਨੇ ਵਿਚ ਜਮਾਂ ਹੋ ਜਾਣੇ, ਪਹਿਲੀ ਤਰੀਕ ਨੂੰ ਹਿਸਾਬ ਹੋਣਾ, ਜਿਸ ਨੇ ਜ਼ਿਆਦਾ ਖਰਚੇ ਹੋਣੇ ਉਸ ਨੂੰ ਵਾਪਸ ਕਰ ਦੇਣੇ ਅਤੇ ਜਿਸ ਨੇ ਘੱਟ ਖਰਚੇ ਹੋਣੇ ਉਸ ਤੋਂ ਲੈ ਲੈਣੇ ।

ਕੁਝ ਮਹੀਨਿਆਂ ਬਾਦ ਮੈਂ ਬੱਚੇ ਲੈ ਆਇਆ ਅਤੇ ਕੈਂਪ ਤੋਂ ਬਾਹਰ ਰਹਿਣ ਲਗ ਪਿਆ । ਇਕ ਦੋ ਹੋਰ ਪਰਿਵਾਰਕ ਬੰਦਿਆਂ ਨਾਲ ਮੇਲ-ਜੋਲ ਹੋ ਗਿਆ। ਪਰ ਵੀਰਵਾਰ ਅਤੇ ਐਤਵਾਰ ਵਾਲੀ ਸਾਡੀ ਮਹਿਫਲ ਕਾਇਮ ਸੀ। ਉਹ ਮੇਰੇ ਲਿਖਣ ਨੂੰ ਵੀ ਕਾਫੀ ਉਤਸਾਹਿਤ ਕਰਦੇ । ਇਕ ਦਿਨ ਮੈਂ ਉਹਨਾਂ ਅੱਗੇ ਲਾਇਬਰੇਰੀ ਦੀ ਤਜਵੀਜ ਰਖੀ ਤਾਂ ਸਾਰੇ ਹੀ ਹੱਸ ਕੇ ਮੰਨ ਗਏ । ਹਿੰਦੀ ਅੰਗਰੇਜ਼ੀ ਦੀਆਂ ਕਿਤਾਬਾਂ-ਮੈਗਜ਼ੀਨ ਉਥੇ ਆਮ ਮਿਲ ਜਾਂਦੇ ਸਨ ਪਰ ਨਾ ਕੋਈ ਪੰਜਾਬੀ ਦੀ ਕਿਤਾਬ ਅਤੇ ਨਾ ਹੀ ਕੋਈ ਮੈਗਜ਼ੀਨ ਉਥੇ ਨਸੀਬ ਹੁੰਦਾ ਸੀ। ਅਗਲੇ ਐਤਵਾਰ ਹਵਾਈ ਸੈਨਾ ਸਟੇਸ਼ਨ ਦੇ ਬਾਹਰ ਪੈਂਦੇ ਗੁਰਦੁਆਰੇ ਵਿਚ ਲਾਇਬਰੇਰੀ ਦਾ ਮਤਾ ਰਖਿਆ ਅਤੇ ਸਭ ਨੇ ਖ਼ੁਸ਼ੀ ਖ਼ੁਸ਼ੀ ਮਨਜ਼ੂਰੀ ਦੇ ਦਿੱਤੀ । ਮੈਨੂੰ ਲੇਖਕ ਹੋਣ ਦੇ ਨਾਤੇ ਅੱਗੇ ਲਾ ਦਿੱਤਾ । ਮਹੀਨੇ-ਦੋ ਮਹੀਨਿਆਂ ਵਿਚ ਸਾਡੇ ਕੋਲ ਕੋਈ ਸਾਢੇ ਤਿੰਨ ਹਜ਼ਾਰ ਦੀ ਰਕਮ ਇੱਕਠੀ ਹੋ ਗਈ ।

ਮੈਂ ਅਮ੍ਰਿਤਾ ਪ੍ਰੀਤਮ ਜੀ ਨੂੰ, ਭਾਅ ਗੁਰਸ਼ਰਨ ਸਿੰਘ ਹੁਰਾਂ ਨੂੰ ਅਤੇ ਭਾਪਾ ਪ੍ਰੀਤਮ ਸਿੰਘ ਹੁਰਾਂ ਨੂੰ ਚਿੱਠੀ ਲਿਖ ਕਿਤਾਬਾਂ ਦੀਆਂ ਲਿਸਟਾਂ ਮੰਗਵਾ ਲਈਆਂ । ਪੰਜ-ਸੱਤ ਜਾਣਿਆਂ ਨੇ ਲਿਸਟਾਂ 'ਚੋਂ ਆਪਣੀ ਪੰਸਦ ਦਸ ਕੇ ਉਹਨਾਂ ਨੂੰ ਆਰਡਰ ਕਰ ਦਿੱਤਾ, ਨਾਲ ਹੀ ਤਰਲਾ ਮਾਰਿਆ ਕਿ ਅਸੀਂ ਪੰਜਾਬ ਤੋਂ ਏਡੀ ਦੂਰ ਬੈਠੇ ਲਾਇਬਰੇਰੀ ਦਾ ਯਤਨ ਕਰ ਰਹੇ ਹਾਂ, ਸਾਨੂੰ ਵੱਧ ਤੋਂ ਵੱਧ ਰਿਆਤ ਕੀਤੀ ਜਾਵੇ। ਭਾਅ ਗੁਰਸ਼ਰਨ ਸਿੰਘ ਹੁਰਾਂ 50%, ਅਮ੍ਰਿਤਾ ਜੀ ਨੇ 33% ਅਤੇ ਭਾਪਾ ਪ੍ਰੀਤਮ ਸਿੰਘ ਹੁਰਾਂ 33% ਕਹਿ ਕੇ ਸਿਰਫ 15% ਰਿਆਤ ਤੇ ਹੀ ਕਿਤਾਬਾਂ ਭੇਜੀਆਂ । ਖੈਰ 650 ਦੇ ਕਰੀਬ ਕਿਤਾਬਾਂ ਦੀ ਲਾਇਬਰੇਰੀ ਅਸਾਂ ਸਥਾਪਿਤ ਕਰ ਦਿੱਤੀ ਅਤੇ ਕੋਈ 100 ਦੇ ਕਰੀਬ ਮੈਂਬਰਾਂ ਨੇ ਕਿਤਾਬਾਂ ਦਾਨ ਕੀਤੀਆਂ । ਮੈਂਬਰਾਂ ਨੂੰ ਪੰਜ ਰੁਪਏ ਮਹੀਨਾ ਚੰਦਾ ਲਾ ਦਿੱਤਾ ਗਿਆ, ਨਾਲੇ ਜੋ ਵੱਧ ਪੈਸੇ ਦੇਵੇਗਾ ਜਾਂ ਆਪਣੇ ਕੋਲ ਪਈਆਂ ਕਿਤਾਬਾਂ ਲਾਇਬਰੇਰੀ ਨੂੰ ਦਾਨ ਕਰੇਗਾ, ਉਸ ਨੂੰ ਸਨਮਾਨ ਕਰਨ ਦਾ ਪ੍ਰੋਗਰਾਮ ਬਣਾਇਆ ਗਿਆ । ਮੈਂਬਰਾਂ 'ਚੋਂ ਇਕ ਜਣਾ ਰੋਜ਼ ਸ਼ਾਮ ਨੂੰ ਪੰਜ ਤੋਂ ਛੇ ਵੱਜੇ ਤੱਕ ਲਾਇਬਰੇਰੀ ਵਿਚ ਕਿਤਾਬਾਂ ਲੈਣ-ਦੇਣ ਦੀ ਡਿਊਟੀ ਵੀ ਦੇਂਦਾ।

ਇਸ ਦਾ ਸਭ ਤੋਂ ਵੱਧ ਫਾਇਦਾ ਮੈਨੂੰ ਹੋਇਆ, ਇਕ ਤਾਂ ਮੈਂ ਆਪਣੀ ਪਸੰਦ ਦੀਆਂ ਕਿਤਾਬਾਂ ਮੰਗਵਾ ਲਈਆਂ, ਨਾਨਕ ਸਿੰਘ, ਅਮ੍ਰਿਤਾ ਪ੍ਰੀਤਮ, ਪ੍ਰੋ. ਮੋਹਨ ਸਿੰਘ, ਜਸਵੰਤ ਸਿੰਘ ਕੰਵਲ, ਗੁਰਬਖ਼ਸ਼ ਸਿੰਘ, ਅਜੀਤ ਕੌਰ, ਕੁਲਵੰਤ ਸਿੰਘ ਵਿਰਕ ਆਦਿ ਲੱਗਭਗ ਸਾਰੇ ਹੀ ਲੇਖਕ ਪੜ੍ਹ ਲਏ ਸਨ। ਮੇਰੇ ਜਾਣਕਾਰਾਂ ਦਾ ਦਾਇਰਾ ਵੀ ਵੱਧ ਗਿਆ ਸੀ, ਕਈਆਂ ਨੇ ਤਾਂ ਮੈਨੂੰ ਆਪਣੀਆਂ ਕਵਿਤਾਵਾਂ ਜਾਂ ਕਹਾਣੀਆਂ ਲਿਖ ਲਿਖ ਕੇ ਵਿਖਾਣੀਆਂ ਸ਼ੁਰੂ ਕਰ ਦਿੱਤੀਆਂ। ਇਹਨਾਂ ਵਿਚ ਮੇਰੇ ਨਾਲ ਪਿਛਲੇ ਸਟੇਸ਼ਨ 'ਤੇ ਰਿਹਾ ਹਵਾਈ ਸੈਨਾ ਪੁਲਿਸ ਦਾ ਰਣਜੀਤ ਸਿੰਘ (ਹਵਾਈ ਸੈਨਾ ਵਿਚ ਜ਼ਿਆਦਾ ਤਰ ਦੋ ਸਟੇਸ਼ਨ ਇਕੱਠੇ ਰਹਿਣ ਵਾਲੇ ਇਕ ਦੂਸਰੇ ਦੇ ਅਕਸਰ ਨੇੜੇ ਆ ਜਾਂਦੇ ਹਨ) ਵੀ ਕਦੀ ਗੀਤ ਜਾਂ ਕਹਾਣੀ ਲਿਖ ਕੇ ਮੇਰੇ ਕੋਲ ਆ ਜਾਂਦਾ, ਪਰ ਮੈਂ ਉਸ ਨਾਲ ਜ਼ਿਆਦਾ ਖੁੱਲ੍ਹਣ ਵਿਚ ਵਿਸ਼ਵਾਸ ਨਹੀਂ ਸੀ ਰੱਖਦਾ ।

ਮੈਨੂੰ ਅੰਦਰੇ ਅੰਦਰ ਇਕ ਅਜੀਬ ਜਹੀ ਖ਼ੁਸ਼ੀ ਹੁੰਦੀ ਕਿ ਪੰਜਾਬ ਤੋਂ ਏਡੀ ਦੂਰ ਮੈਂ ਪੰਜਾਬੀਆਂ ਨੂੰ ਚੰਗੇ ਸਾਹਿਤ ਨਾਲ ਜੋੜ ਰਿਹਾ ਹਾਂ । ਲਾਇਬਰੇਰੀ ਦੇ ਮੈਂਬਰ ਜੋ ਉਥੋਂ ਬਦਲ ਕੇ ਜਾਂਦੇ ਉਹਨਾਂ ਨੂੰ ਵਿਦਾਇਗੀ ਪਾਰਟੀ ਦੇਣੀ ਵੀ ਸ਼ੁਰੂ ਕਰ ਦਿੱਤੀ।



ਫਿਰ ਅਚਾਨਕ ਅਡੋਲ ਚਲ ਰਹੀ ਜ਼ਿੰਦਗੀ 'ਚ ਜਿਵੇਂ ਖਲ-ਬਲੀ ਜਹੀ ਮੱਚ ਗਈ, ਜਿਵੇਂ ਕਿਸੇ ਨੇ ਸ਼ਾਂਤ ਪਾਣੀ ਵਿਚ ਰੋੜਾ ਮਾਰ ਦਿੱਤਾ ਹੋਵੇ । ਮੇਰੇ ਪੈਰਾਂ ਥਲਿਉਂ ਜਿਵੇਂ ਜ਼ਮੀਨ ਖਿਸੱਕ ਗਈ ਹੋਵੇ । ਮੇਰਾ ਇਕ ਜਾਣਕਾਰ ਗਿਆਨ ਸ਼ਰਮਾ ਜੋ ਕਲੈਰੀਕਲ ਪੋਸਟ ਤੇ ਯੂਨਿਟ ਦੇ ਏਅਰ ਸਕਿਉਰਟੀ ਦਫ਼ਤਰ ਵਿਚ ਡਿਊਟੀ ਦੇਂਦਾ ਸੀ, ਇਕ ਚਿੱਠੀ ਜੋ ਗਰਾਊਂਡ ਸਕਿਉਰਟੀ ਦੀ ਥਾਂ ਉਸ ਦੇ ਦਫ਼ਤਰ ਪਹੁੰਚ ਗਈ ਸੀ, ਨੇ ਉਸ ਦੀ ਇਕ ਕਾਪੀ ਮੈਨੂੰ ਦਿਖਾਈ, ਜੋ ਏਅਰ ਹੈਡ ਕੁਆਰਟਰ ਤੋਂ ਮੇਰੇ ਬਾਰੇ ਆਈ ਸੀ । "ਏਅਰਮੈਨ ਦੇ ਖਿਲਾਫ ਚਾਰਜ ਕਲੀਅਰ ਨਹੀਂ ਹਨ, ਇਸ ਤੇ ਇਕ ਮਹੀਨਾ ਨਜ਼ਰ ਰੱਖ ਕੇ, ਇਸ ਦੀਆਂ ਗਤੀਵਿਧੀਆਂ ਦੀ ਜਾਣਕਾਰੀ ਦਿਉ। "

ਮੇਰੀ ਸਮਝ ਵਿਚ ਕੁਝ ਨਹੀਂ ਸੀ ਆ ਰਿਹਾ । ਮੈਂ ਕਦੀ ਕਿਸੇ ਨਾਲ ਮਾੜਾ ਨਹੀਂ ਸੀ ਕੀਤਾ, ਕਦੀ ਕਿਸੇ ਨੂੰ ਕੋਈ ਨੁਕਸਾਨ ਨਹੀਂ ਸੀ ਪਹੁੰਚਾਇਆ, ਜੇ ਕਿਸੇ ਦਾ ਭਲਾ ਹੋਇਆ ਤਾਂ ਕਰ ਦਿੱਤਾ ਨਹੀਂ ਤਾਂ ਬੱਸ..... ਮੈਂ ਆਪਣੀ ਗਿਆਰਾਂ ਸਾਲ ਦੀ ਨੌਕਰੀ ਵੱਲ ਝਾਤੀ ਮਾਰੀ, ਅਜੇ ਤੱਕ ਚਾਰਜ ਸ਼ੀਟ ਨਹੀਂ ਸੀ ਹੋਇਆ, ਨਾ ਕਦੇ ਕਿਸੇ ਨਾਲ ਝਗੜਾ ਕੀਤਾ, ਨਾ ਕਦੇ ਡਿਊਟੀ ਤੋਂ ਕੁਤਾਈ, ਸਗੋਂ ਜਦੋਂ ਟੈਲੀਫੂਨ ਅਕਸਚੇਜ 'ਚ ਡਿਊਟੀ ਹੁੰਦੀ ਸੀ ਤਾਂ ਹਰ ਇਕ ਦੀ ਦਿਲ ਖੋਹਲ ਕੇ ਸੇਵਾ ਕਰਨੀ । ਉਹਨਾਂ ਦਿਨਾਂ ਵਿਚ ਲੈਂਡ-ਲਾਈਨ ਟੈਲੀਫੂਨ ਅਤੇ ਮੈਨੁਅਲ ਅਕਸਚੇਜ ਹੁੰਦੇ ਸਨ । ਦੂਰ-ਦੁਰਾਡੇ ਗੱਲ ਕਰਨੀ ਹੁੰਦੀ ਤਾਂ ਟਰੰਕ ਲਾਇਨ ਤੇ ਹੁੰਦੀ । ਟੈਲੀਫੂਨ ਅਪਰੇਟਰ ਦੀ ਨੀਅਤ ਦਾ ਬੜਾ ਰੋਲ ਹੁੰਦਾ ਸੀ, ਪਰ ਮੈਂ ਕਦੀ ਬਦਨੀਤੀ ਨਾਲ ਡਿਊਟੀ ਨਹੀਂ ਸੀ ਕੀਤੀ, ਸਗੋਂ ਕਮਾਡਿੰਗ ਅਫ਼ਸਰ ਤੋਂ ਲੈ ਕੇ ਹਰ ਅਫਸਰ ਅਤੇ ਸਟੇਸ਼ਨ ਵਾਰੰਟ ਅਫਸਰ ਤੋਂ ਲੈ ਕੇ ਹਰ ਏਅਰਮੈਨ ਤੱਕ ਨੂੰ ਗੱਲ ਕਰਵਾ ਕੇ ਮੈਨੂੰ ਖ਼ੁਸ਼ੀ ਮਿਲਦੀ ਸੀ । ਆਰਮੀ ਅਕਸਚੇਜ ਵਾਲਿਆਂ ਨਾਲ ਵੀ ਮੇਰੀ ਕਾਫੀ ਬਣਦੀ ਸੀ, ਇਸ ਕਰਕੇ ਕੋਈ ਅੜਿਆ ਫੜਿਆ ਟਰੰਕ ਕਾਲ ਜੋ ਕਿਸੇ ਨੂੰ ਨਾ ਮਿਲਦਾ ਉਹ ਮਿਲਾਣਾ ਵੀ ਮੇਰੀ ਡਿਊਟੀ 'ਚ ਆਉਂਦਾ ਸੀ ।

ਇਹ ਸਭ ਦੱਸਣ ਦੀ ਇਸ ਕਰਕੇ ਲੋੜ ਮਹਿਸੂਸ ਹੋਈ ਕਿ ਮੇਰਾ ਕੋਈ ਦੁਸ਼ਮਣ ਨਹੀਂ ਸੀ । ਮੈਂ ਆਪਣੀ ਪੰਚਾਇਤ (ਪੰਜ ਦੋਸਤਾਂ) ਨਾਲ ਵੀ ਗੱਲ ਕੀਤੀ, ਉਹ ਵੀ ਹੈਰਾਨ ਸਨ ਕਿ ਤੇਰੀ ਕੋਈ ਸ਼ਿਕਾਇਤ ਕਿਵੇਂ ਕਰ ਸਕਦਾ ਹੈ ਅਤੇ ਕਿਉਂ? ਮੈਂ ਰਣਜੀਤ ਸਿੰਘ ਨਾਲ ਗੱਲ ਕੀਤੀ, ਪੁਲਿਸ 'ਚ ਹੋਣ ਕਰਕੇ ਉਸ ਨੇ ਮੈਨੂੰ ਯਕੀਨ ਦਵਾਇਆ ਕਿ ਮੈਂ ਸਾਰੇ ਮਾਮਲੇ ਬਾਰੇ ਤੈਨੂੰ ਇਕ ਅੱਧ ਦਿਨ ਵਿਚ ਦੱਸ ਦੇਵਾਂਗਾ। ਪਰ ਉਸ ਨੂੰ ਮੇਰੇ ਸਿਗਨਲ ਸੈਕਸ਼ਨ ਦੇ ਕਿਸੇ ਆਦਮੀ ਤੇ ਸ਼ੱਕ ਸੀ। ਮੈਂ ਆਪਣੇ ਨਾਲ ਕੰਮ ਕਰਨ ਵਾਲੇ ਸਾਰੇ ਸਾਥੀਆਂ ਵੱਲ ਝਾਤੀ ਮਾਰੀ, ਪਰ ਮੈਨੂੰ ਉਹਨਾਂ ਵਿਚ ਕੋਈ ਵੀ ਪਿੱਠ ਪਿਛੇ ਛੁਰਾ ਮਾਰਨ ਵਾਲਾ ਨਹੀਂ ਸੀ ਲਗਦਾ । ਪਰ ਸ਼ਿਕਾਇਤ ਤਾਂ ਕਿਸੇ ਨਾ ਕਿਸੇ ਨੇ ਕੀਤੀ ਹੀ ਸੀ?

ਹਵਾਈ ਸੈਨਾ ਪੁਲਿਸ ਵਿਚ ਮੇਰਾ ਇਕ ਹੋਰ ਜਾਣਕਾਰ ਸੀ, ਡੀ. ਐਸ. ਮਿਨਹਾਸ। ਮੈਂ ਉਸ ਨਾਲ ਗੱਲ ਕੀਤੀ। ਉਸ ਨੇ ਮੈਨੂੰ ਕਾਫੀ ਹੌਂਸਲਾ ਦਿੱਤਾ ਅਤੇ ਨਾਲ ਹੀ ਦੱਸਿਆ ਜਿਸ ਨੇ ਵੀ ਵਾਰ ਕੀਤਾ ਉਹ ਤੇਰਾ ਇਕ ਕਰੀਬੀ ਹੀ ਹੈ, ਉਹ ਤੇਰੇ ਪ੍ਰੈੱਸ ਨਾਲ ਸੰਬੰਧ ਦੱਸ ਕੇ ਸਲਾਨਾ ਅਸੈਸਮੈਂਟ ਲੈਣ ਦੇ ਚੱਕਰ ਵਿਚ ਹੈ, ਤੂੰ ਡਰ ਨਾ।

ਜਦੋਂ ਮੈਂ ਨਾਂ ਪੁੱਛਿਆ ਤਾਂ ਕਹਿਣ ਲੱਗਾ, "ਇਸ ਤਰ੍ਹਾਂ ਦੀਆਂ ਗੱਲਾਂ ਲੁਕੀਆਂ ਨਹੀਂ ਰਹਿੰਦੀਆਂ, ਸਭ ਕੁਝ ਸਾਫ ਹੋ ਜਾਣਾ, ਵਾਰ ਕਰਨ ਵਾਲਾ ਤੇਰੇ ਸਾਹਮਣੇ

ਆ ਜਾਣਾ, ਸਾਰੇ ਤੈਨੂੰ ਵੀ ਜਾਣਦੇ ਨੇ ਅਤੇ ਤੇਰੀ ਸ਼ਕਾਇਤ ਕਰਨ ਵਾਲੇ ਨੂੰ ਵੀ, ਫਿਕਰ ਨਾ ਕਰ, ਤੂੰ ਵੀਰ ਮੇਰੀ ਇਕ ਗੱਲ ਯਾਦ ਰੱਖ, ਇਨਕੁਐਰੀ ਵਿਚ ਇਹੀ ਕਹੀਂ, ਜੀ ਨਵੰਬਰ ਦਾ ਮਹੀਨਾ ਚੱਲ ਰਿਹਾ, ਸਾਰਾ ਅਸੈਸਮੈਂਟ ਲੈਣ ਦਾ ਚਲਾਇਆ ਚੱਕਰ ਹੈ, ਕਿਉਂਕਿ ਉਸ ਦੀ ਪ੍ਰਮੋਸ਼ਨ ਡਿਊ ਹੈ, ਬੰਦਾ ਖੁਦ ਤੇਰੇ ਸਾਹਮਣੇ ਆ ਜਾਣਾ, ਤੇਰੇ ਯਾਰਾਂ 'ਚੋਂ ਈ ਐ ਬੱਸ! ਹੋਰ ਦਸ।" ਮਿਨਹਾਸ ਕਾਫੀ ਲੈਕਚਰ ਦੇ ਗਿਆ ਅਤੇ ਹੱਸਦਾ ਹੋਇਆ ਅੱਗੇ ਨਿਕਲ ਗਿਆ ।

ਮੈਨੂੰ ਮਿਨਹਾਸ ਦੀਆਂ ਗੱਲਾਂ ਨੇ ਹੋਰ ਚੱਕਰ ਵਿਚ ਪਾ ਦਿੱਤਾ ਸੀ। ਰਣਜੀਤ ਸਿੰਘ ਵੀ ਮਿਨਹਾਸ ਵਾਲੀ ਗੱਲ ਕਹਿ ਰਿਹਾ ਸੀ । ਮੇਰੇ ਨਾਲ ਯਾਰ ਮਾਰ ਕਰਨ ਵਾਲਾ ਕਿਹੜਾ ਦੋਸਤ ਸੀ ? ਮੇਰੇ ਅੰਦਰ ਇਕ ਹੋਰ ਡਰ ਉਗਮ ਰਿਹਾ ਸੀ। ਉਹਨਾਂ ਮਹੀਨਿਆਂ ਵਿਚ ਹੀ ਨਾਗਮਣੀ ਵਿਚ "ਸੱਤ ਸਮੁੰਦਰ ਡੂੰਘੀਆਂ ਅੱਖਾਂ", ਆਰਸੀ 'ਚ ਰੇਲਵੇ ਸਟਰਾਈਕ ਉਪਰ ਲਿਖੀ "ਮਰਜੀ ਨਾਲ" ਅਤੇ ਪ੍ਰੀਤਲੜੀ ਵਿਚ "ਝੂੱਠੇ ਛਵਾਰੇ" ਕਹਾਣੀਆਂ ਛਪੀਆਂ ਸਨ। ਜੇ ਸਾਰੀਆਂ ਕਹਾਣੀਆਂ ਉਸ ਸੱਜਣ ਦੇ ਹੱਥ ਲਗ ਗਈਆਂ ਤਾਂ ਕੀ ਹੋਵੇਗਾ ? ਮੈਂ ਘਰ ਜਾ ਕੇ ਆਪਣਾ ਸਾਰਾ ਛਪਿਆ ਅਤੇ ਅਣ-ਛਪਿਆ ਚੋਣਵਾਂ ਮੈਟਰ ਕਿਸੇ ਗਵਾਂਢੀ ਦੇ ਘਰ ਰਖਿਆ ਅਤੇ ਬਾਕੀ ਨੂੰ ਅੱਗਨ ਭੇਟ ਕਰ ਦਿੱਤਾ। ਭਾਅ ਗੁਰਸ਼ਰਨ ਸਿੰਘ ਹੁਰੀਂ ਮੇਰੀ ਪਹਿਲੀ ਕਿਤਾਬ "ਦਿਸ਼ਾਹੀਣ ਲੋਕ" ਛਾਪ ਰਹੇ ਸਨ। ਮੈਂ ਪੰਜਾਹ ਕਿਤਾਬਾਂ ਉਹਨਾਂ ਨੂੰ ਲਾਇਬਰੇਰੀ ਵਾਸਤੇ ਕਹੀਆਂ ਸਨ, ਉਹਨਾਂ ਨੂੰ ਵੀ ਮਨਾਹੀ ਦੀ ਚਿੱਠੀ ਲਿਖ ਦਿੱਤੀ। ਅਤੇ ਸਕਿਊਰਟੀ ਅਫਸਰ ਵੱਲੋਂ ਪੁੱਛੇ ਜਾਣ ਵਾਲੇ ਸਵਾਲਾਂ ਦੇ ਜਵਾਬ ਘੜਨ ਲੱਗ ਪਿਆ।

ਜਦੋਂ ਮੈਨੂੰ ਸਕਿਊਰਟੀ ਅਫਸਰ ਨੇ ਸਦਿਆ (ਜੋ ਸਟੇਸ਼ਨ ਐਜੁਕੇਸ਼ਨ ਅਫਸਰ ਵੀ ਸੀ) ਤਾਂ ਉਸ ਦੇ ਦਫਤਰ ਵਿਚ ਰਣਜੀਤ ਸਿੰਘ ਵੀ ਬੈਠਾ ਹੋਇਆ ਸੀ । ਇਕ ਦਮ ਮੇਰੇ ਦਿਮਾਗ ਵਿਚ ਮਿਨਹਾਸ ਦੀ ਗੱਲ ਗੂੰਜੀ "ਜਿਸ ਨੇ ਵੀ ਵਾਰ ਕੀਤਾ ਉਹ ਤੇਰਾ ਇਕ ਕਰੀਬੀ ਹੈ।" ਆਖਦੇ ਹਨ ਫੁਲਾਂ ਦੀ ਖੁਸ਼ਬੂ ਅਤੇ ਗੰਦ ਦੀ ਬਦਬੂ ਹਵਾ ਦੇ ਰੁਖ ਨਾਲ ਫੈਲਦੀ ਹੈ, ਪਰ ਆਦਮੀ ਦੀ ਸ਼ਖ਼ਸੀਅਤ ਦੀਆਂ ਚੰਗਿਆਈਆਂ ਬੁਰਾਈਆਂ ਚਾਰੇ ਪਾਸੇ ਇਕੋ ਜਿਹਾ ਸਫਰ ਕਰਦੀਆਂ ਹਨ। ਇਸ ਗੱਲ ਦੀ ਮੈਨੂੰ ਅੱਜ ਸਮਝ ਆਈ ਸੀ। ਲਗਭਗ ਸਾਰੇ ਹੀ ਮਿਤਰਾਂ ਨੇ ਮੈਨੂੰ ਰਣਜੀਤ ਸਿੰਘ ਤੋਂ ਸਾਵਧਾਨ ਕੀਤਾ ਸੀ ਤੇ ਮੈਂ ਸਾਵਧਾਨ ਰਿਹਾ ਵੀ ਸਾਂ, ਪਰ ਮੈਂ ਸੋਚਦਾ ਸਾਂ ਕਿ ਮੈਂ ਕੁਝ ਕਰਾਂਗਾ ਹੀ ਨਾ, ਤਾਂ ਉਹ ਮੈਨੂੰ ਕੀ ਕਹੇਗਾ । ਪਰ ਅੱਜ ਸਪੱਸ਼ਟ ਹੋ ਗਿਆ ਸੀ ਕਿ ਡੰਗ ਮਾਰਨ ਵਾਲੇ ਨੇ ਡੰਗ ਮਾਰਨਾ ਹੀ ਮਾਰਨਾ ਹੈ, ਇਸੇ ਕਰਕੇ ਹੀ ਉਹ ਮੇਰੇ ਕੋਲ ਗੀਤ-ਕਹਾਣੀਆਂ ਲੈ ਕੇ ਆਉਂਦਾ ਸੀ ।

ਸਕਿਊਰਟੀ ਅਫਸਰ ਮੇਰੇ ਵੱਲ ਵੇਖ ਕੇ ਹੈਰਾਨ ਰਹਿ ਗਏ, "ਹੈਲੋ, ਸਿੰਘ ਤੂੰ ?" ਫੇਰ ਉਸ ਨੇ ਰਣਜੀਤ ਸਿੰਘ ਵੱਲ ਵੇਖਿਆ, ਉਸ ਨੇ ਹਾਂ ਵਿਚ ਸਿਰ ਹਿਲਾਇਆ । ਸਕਿਊਰਟੀ ਅਫਸਰ ਨੇ ਕੁਝ ਚਿਰ ਅੱਖਾਂ ਬੰਦ ਕਰਕੇ ਸੋਚਿਆ ਅਤੇ ਰਣਜੀਤ ਸਿੰਘ ਨੂੰ ਬਾਹਰ ਜਾਣ ਲਈ ਕਿਹਾ। ਫਿਰ ਚੁੱਪ ਤੋੜਦਿਆਂ ਮੈਨੂੰ ਅੰਗਰੇਜ਼ੀ ਵਿਚ ਪੁੱਛਿਆ "ਮਿਸਟਰ ਸਿੰਘ ਤੇਰਾ ਆਰ. ਸਿੰਘ ਨਾਲ ਕੋਈ ਝਗੜ ਵਗੈਰਾ ਹੈ ?"

"ਨਹੀਂ ਸਰ, ਕੋਈ ਨਹੀਂ।"

"ਫਿਰ ਕੀ ਗੱਲ ਹੈ, ਜੋ ਉਸ ਨੇ ਤੇਰੇ ਬਾਰੇ ਕੰਪਲੇਟ ਕੀਤੀ ਹੈ।" ਗੱਲ ਇਕ



ਦਮ ਸਾਫ ਹੋ ਗਈ ਸੀ ।

"ਸਰ ਮੇਰੇ ਹਿਸਾਬ ਨਾਲ ਤਾਂ ਕੋਈ ਗੱਲ ਨਹੀਂ, ਗੱਲ ਸਿਰਫ ਏਨੀ ਹੈ ਕਿ ਉਸ ਦੀ ਪ੍ਰਮੋਸ਼ਨ ਡਿਊ ਹੈ ਅਤੇ ਸਰ ਮਹੀਨਾ ਕਿਹੜਾ ਚੱਲ ਰਿਹਾ ਹੈ ?" ਮੈਂ ਮਿਨਹਾਸ ਵੱਲੋਂ ਦੱਸੀ ਗੱਲ ਸਕਿਊਰਟੀ ਅਫਸਰ ਦੇ ਅੱਗੇ ਰੱਖ ਦਿੱਤੀ ।

"ਕੀ ਮਤੱਲਬ ।" ਉਹਨਾਂ ਨੇ ਪੂਰੀ ਨੀਜ ਨਾਲ ਮੇਰੇ ਵੱਲ ਵੇਖਿਆ। "ਸਰ, ਜਦੋਂ ਪ੍ਰਮੋਸ਼ਨ ਡਿਊ ਹੋਵੇ ਅਤੇ ਸਲਾਨਾ ਅਸੈਸਮੈਂਟ ਵੱਧੀਆ ਮਿਲ ਜਾਵੇ ਤਾਂ ......।"

"ਹਛਾ ?" ਕੁਝ ਚਿਰ ਚੁੱਪ ਰਹਿਣ ਬਾਦ ਉਹ ਫਿਰ ਬੋਲੇ, "ਤਾਂ ਇਹ ਗੱਲ ਹੈ।" ਲੱਗਦਾ ਸੀ ਜਿਵੇਂ ਸਕਿਊਰਟੀ ਅਫਸਰ ਨੇ ਮੇਰਾ ਯਕੀਨ ਕਰ ਲਿਆ ਸੀ ਜਾਂ ਜੋ ਮੈਂ ਉਚੇਚੇ ਤੌਰ ਤੇ ਉਹਨਾਂ ਨੂੰ ਟਰੰਕ ਲਾਈਨ ਤੇ ਗੱਲ ਕਰਵਾਉਂਦਾ ਸਾਂ ਜਾਂ ਪ੍ਰੇਡ ਵਿਚ ਉਹ ਮੈਨੂੰ ਚੰਗੇ ਮਾਰਕਰ ਦੇ ਤੌਰ ਤੇ ਜਾਣਦੇ ਸਨ ਜਾਂ ਏਅਰ ਫੋਰਸ ਦੇ ਹਰ ਫੰਕਸਨ ਤੇ ਹਰ ਵੇਲੇ ਮੈਨੂੰ ਮੋਹਰੀਆਂ ਵਿਚ ਵੇਖਦੇ ਸਨ ਇਸ ਕਰਕੇ ਜਾਂ ਐਜੂਕੇਸ਼ਨ ਅਫਸਰ ਹੋਣ ਦੇ ਨਾਤੇ ਉਹ ਪੜ੍ਹਨ ਲਿਖਣ ਵਾਲੇ ਨੂੰ ਨਿਰਦੋਸ ਸਮਝਦੇ ਸਨ । ਮੈਨੂੰ ਕੁਝ ਸਮਝ ਨਹੀਂ ਸੀ ਆ ਰਹੀ । ਪਰ ਜਿਸ ਲਹਿਜੇ ਨਾਲ ਉਹ ਪੁੱਛ ਗਿੱਛ ਕਰ ਰਹੇ ਸਨ ਉਸ ਵਿਚ ਸਕਿਊਰਟੀ ਅਫਸਰਾਂ ਵਾਲੀ ਕਠੋਰਤਾ ਅਤੇ ਕਰੜਾਪਨ ਨਹੀਂ ਸੀ ।

"ਤੁਸੀਂ ਕੀ ਕੀ ਪੜ੍ਹਦੇ ਹੋ, ਕਿਸ ਤਰ੍ਹਾਂ ਦੀਆਂ ਕਿਤਾਬਾਂ ?" ਉਹਨਾਂ ਨੇ ਚੁੱਪ ਨੂੰ ਫਿਰ ਤੋੜਿਆ ।

"ਸਰ ਕੋਈ ਖਾਸ ਪਸੰਦ ਨਹੀਂ ਏ, ਜੋ ਕੋਈ ਵੀ ਕਿਤਾਬ ਮਿਲ ਜਾਵੇ ਪੜ੍ਹ ਲਈਦੀ ਏ, ਮੈਨੂੰ ਪੜ੍ਹਨ ਦਾ ਸ਼ੌਂਕ...... ।"

"ਫਿਰ ਵੀ ਕੀ ਕੀ ਪੜ੍ਹਦੇ ਹੋ ?" ਉਹਨਾਂ ਨੇ ਮੇਰੀ ਗੱਲ ਵਿਚੋਂ ਹੀ ਕੱਟ ਦਿੱਤੀ।

"ਸਰ ਗੁਲਸ਼ਨ ਨੰਦਾ, ਦੱਤ ਭਾਰਤੀ ਜਾਂ ਇਸ ਤਰ੍ਹਾਂ ਦਾ ਜੋ ਵੀ ਨਾਵਲ ਮਿਲ ਜਾਵੇ ਜਾਂ ਸਟੇਸ਼ਨ ਲਾਇਬਰੇਰੀ ਦੀਆਂ ਕਿਤਾਬਾਂ 'ਚੋਂ ਜਾਂ ਫਿਰ ਧਰਮ ਯੁੱਗ, ਸਾਰਿਕਾ, ਸਰੀਤਾ ਜਾਂ ਇਲਸਟਡ ਵੀਕਲੀ ਵਗੈਰਾ।"

"ਪੰਜਾਬੀ 'ਚ ਕੀ ਪੜ੍ਹਦੇ ਹੋ ?"

"ਸਰ ਨਾਵਲ ਕਹਾਣੀਆਂ ਦੀਆਂ ਕਿਤਾਬਾਂ ।"

"ਜੋ ਤੁਸਾਂ ਲਾਇਬਰੇਰੀ ਖੋਹਲੀ ਹੈ, ਉਹ ਕਿਸ ਦਾ ਆਈਡੀਆ ਹੈ ?"

"ਸਰ ਇਹ ਸਾਰਿਆਂ ਦਾ ਅਈਡੀਆ ਸੀ, ਗੁਰਦੁਆਰੇ 'ਚ ਗੱਲ ਚਲੀ ਸੀ ਕਿ ਇਥੇ ਪੰਜਾਬੀ ਦੀਆਂ ਕਿਤਾਬਾਂ ਨਹੀਂ ਮਿਲਦੀਆਂ, ਕੁਝ ਏਅਰ ਫੋਰਸ, ਕੁਝ ਆਰਮੀ ਦੇ ਅਤੇ ਕੁਝ ਸਿਵਲੀਅਨ ਉਥੇ ਸਨ, ਸਾਰਿਆਂ ਪੈਸੇ ਇੱਕਠੇ ਕੀਤੇ ਤੇ ਕੁਝ ਕਿਤਾਬਾਂ ਮੰਗਵਾ ਲਈਆਂ ਸਨ ਸਰ ।"

"ਵੇਖੋ ਮਿਸਟਰ ਸਿੰਘ ਤੁਸੀਂ ਚੰਗੇ ਬੰਦੇ ਹੋ, ਮੈਂ ਤੁਹਾਨੂੰ ਪਰਸਨਲੀ ਵੀ ਜਾਣਦਾ ਹਾਂ, ਤੁਹਾਡੇ ਬਾਰੇ ਲਿਖਤੀ ਸ਼ਿਕਾਇਤ ਆਈ ਹੈ ਕਿ ਤੁਸੀਂ ਆਰਗੇਨਾਈਜਰ ਟਾਈਪ ਬੰਦੇ ਹੋ।" ਕੁਝ ਚਿਰ ਚੁੱਪ ਰਹਿਣ ਬਾਅਦ "ਤੁਸੀਂ ਕਿਸੇ ਸਿਆਸੀ ਪਾਰਟੀ ਦੀ ਮੈਂਬਰਸ਼ਿਪ ਤਾਂ ਨਹੀਂ ਲਈ ?"

"ਨਹੀਂ ਸਰ, ਨਹੀਂ ਤੁਸੀਂ ਕਿਸੇ ਨੂੰ ਵੀ ਪੁੱਛ ਸਕਦੇ ਹੋ, ਸਰ ਮੈਨੂੰ ਸਿਰਫ ਪੜ੍ਹਨ ਦਾ ਸ਼ੌਂਕ ਹੈ, ਹੋਰ ਕੁਝ ਨਹੀਂ, ਸਰ ਤੁਸੀਂ ਖੁਦ ਪਤਾ ਕਰ ਸਕਦੇ ਹੋ," ਮੈਂ ਹੁਣ ਕੁਝ ਘਬਰਾਹਟ ਮਹਿਸੂਸ ਕਰ ਰਿਹਾ ਸਾਂ ।

“ਉਹ ਤਾਂ ਅਸੀਂ ਪਤਾ ਕਰਾਂਗੇ ਹੀ, ਪਰ ਮਿਸਟਰ ਸਿੰਘ, ਮੈਂ ਤੈਨੂੰ ਇਕ ਰਾਇ ਦੇਵਾਂਗਾ , ਜੋ ਮੈਨੂੰ ਦੇਣੀ ਨਹੀਂ ਚਾਹੀਦੀ, ਮੈਂ ਇਕ ਸਕਿਊਰਟੀ ਅਫਸਰ ਦੇ ਨਾਤੇ ਨਹੀਂ, ਇਕ ਵੱਡੇ ਭਰਾ ਦੇ ਤੌਰ ਤੇ ਕਹਿ ਰਿਹਾ ਹਾਂ, ਜੇ ਕੁਝ ਹੈ? ਤਾਂ ਸਾਵਧਾਨ ਹੋ ਜਾਉ, ਇਹ ਬੰਗਾਲ ਦਾ ਖਤਰਨਾਕ ਇਲਾਕਾ ਹੈ, ਨਕਸਲਬਾੜੀ ਕਸਬਾ ਵੀ ਇਥੋਂ ਥੋੜ੍ਹੀ ਦੂਰ ਹੈ । ਬੱਸ ਮੈਂ ਤਾਂ ਇਹੀ ਅਡਵਾਈਜ ਕਰਾਂਗਾ, ਨੌਕਰੀ ਬੜੀ ਮੁਸ਼ਕਲ ਨਾਲ ਮਿਲਦੀ ਹੈ, ਅਤੇ ਮੇਰੀਆਂ ਦੋ ਲਾਇਨਾਂ ਤੈਨੂੰ ਘਰ ਭੇਜ ਸਕਦੀਆਂ ਹਨ ।” ਉਹਨਾਂ ਮੈਨੂੰ ਪੂਰੀ ਤਰ੍ਹਾਂ ਸਮਝਾਇਆ ਅਤੇ ਫਿਰ ਰਣਜੀਤ ਸਿੰਘ ਨੂੰ ਅੰਦਰ ਬੁਲਾਇਆ ।

“ਹਾਂ ਆਰ. ਸਿੰਘ ਤੁਸੀਂ ਪੁੱਛਣਾ ਇਹਨਾਂ ਕੋਲੋਂ ਜਾਂ ਕੁਝ ਦੱਸਣਾ ।”

“ਨਹੀਂ ਸਰ ਕੁਝ ਨਹੀਂ।” ਰਣਜੀਤ ਸਿੰਘ ਨੇ ਦੂਸਰੇ ਕਮਰੇ ’ਚੋਂ ਸ਼ਾਇਦ ਸਾਡੀਆਂ ਗੱਲਾਂ ਸੁਣ ਲਈਆਂ ਸਨ , ਜਾਂ ਸਕਿਊਰਟੀ ਅਫਸਰ ਦੇ ਰਵੀਏ ਤੋਂ ਉਹ ਜਾਣ ਗਿਆ ਸੀ ਕਿ ਉਸ ਦਾ ਤੀਰ ਟਿਕਾਣੇ ਤੇ ਨਹੀਂ ਲਗਾ।

“ਐ ਤੇਰੇ ਕੋਲ ਕਿਹੜਾ ਮੈਗਜ਼ੀਨ ਏ ।” ਸਕਿਊਰਟੀ ਅਫਸਰ ਨੇ ਰਣਜੀਤ ਸਿੰਘ ਦੇ ਹੱਥ ਵਿਚ ਇਕ ਮੈਗਜ਼ੀਨ ਵੇਖ ਕੇ ਪੁੱਛਿਆ ।

“ਸਰ ਪੰਜਾਬੀ ਮੈਗਜ਼ੀਨ ਏ, ਨਾਗਮਣੀ ।” ਉਸ ਨੇ ਨਾਗਮਣੀ ਨੂੰ ਸਕਿਊਰਟੀ ਅਫਸਰ ਵੱਲ ਵਧਾਇਆ । ਉਹਨਾਂ ਉਸ ਦੇ ਵਰਕੇ ਫਰੋਲ ਕੇ ਮੈਨੂੰ ਪੁੱਛਿਆ, “ਕਿਉਂ ਮਿਸਟਰ ਸਿੰਘ ਇਹ ਮੈਗਜ਼ੀਨ ਕਦੀ ਪੜ੍ਹਿਆ ।”

“ਜੀ ਸਰ, ਮੈਂ ਇਹ ਮੈਗਜ਼ੀਨ ਪੜ੍ਹਦਾ ਹਾਂ, ਇਹ ਪੰਜਾਬੀ ਦੀ ਮਸ਼ਹੂਰ ਲੇਖਿਕਾ ਅਮ੍ਰਿਤਾ ਪ੍ਰੀਤਮ ਜੀ ਦਿੱਲੀ ਤੋਂ ਕਢਦੇ ਹਨ ।” ਮੈਂ ਕਹਿ ਤਾਂ ਦਿੱਤਾ ਪਰ ਅੰਦਰੋਂ ਮੈਂ ਪਾਰੇ ਵਾਂਗ ਡੋਲ ਗਿਆ ਸਾਂ ਕਿ ਇਹ ਮੇਰੀ ਕਹਾਣੀ ਵਾਲਾ ਅੰਕ ਨਾ ਹੋਵੇ, ਉਸ ਵਿਚ ਤਾਂ ਮੇਰਾ ਸਕੈਚ ਵੀ ਛਪਿਆ ਹੋਇਆ ਸੀ।

“ਕਿਉਂ ਆਰ. ਸਿੰਘ, ਕਿਸ ਤਰ੍ਹਾਂ ਦਾ ਹੈ ਇਹ ਮੈਗਜ਼ੀਨ, ਕਦੀ ਪੜ੍ਹਿਆ ਤੁਸਾਂ ਇਸ ਨੂੰ ।”

“ਹਾਂ ਸਰ ਪੜ੍ਹਿਆ, ਇਸ ਵਿਚ ਉਹਨਾਂ ਰੂਸ ਬਾਰੇ ਕੁਝ ਲਿਖਿਆ।” ਰਣਜੀਤ ਸਿੰਘ ਨੇ ਫਿਰ ਆਪਣਾ ਤੀਰ ਛੱਡਿਆ, ਪਰ ਮੈਨੂੰ ਉਸ ਵਿਚ ਆਪਣੀ ਕਹਾਣੀ ਨਾ ਹੋਣ ਕਰਕੇ ਕੁਝ ਰਾਹਤ ਮਹਿਸੂਸ ਹੋਈ ਸੀ

“ਕੁਝ ਪੜ੍ਹ ਕੇ ਸੁਣਾਉ ਅਤੇ ਉਸ ਦੀ ਅੰਗਰੇਜ਼ੀ ਕਰੋ।” ਉਹਨਾਂ ਰਣਜੀਤ ਸਿੰਘ ਨੂੰ ਕਿਹਾ। ਜੋ ਪਹਿਰਾ ਉਸ ਨੇ ਪੜ੍ਹਿਆ ਉਸ ਵਿਚ ਅਮ੍ਰਿਤਾ ਜੀ ਨੇ ਰੂਸ ਦੇ ਪਹਿਰਾਵੇ, ਬੋਲ-ਚਾਲ, ਖਾਣ-ਪੀਣ ਅਤੇ ਰਹਿਣ-ਸਹਿਣ ਬਾਰੇ ਲਿਖਿਆ ਸੀ ।

“ਠੀਕ ਹੈ ਮਿਸਟਰ ਸਿੰਘ ਤੁਸੀਂ ਹੁਣ ਜਾਉ, ਤੁਹਾਨੂੰ ਅਸੀਂ ਫਿਰ ਬੁਲਾਵਾਂਗੇ।” ਮੈਂ ਸਲੂਟ ਮਾਰਿਆ ਅਤੇ ਬਾਹਰ ਆ ਗਿਆ । ਇਸ ਬਾਦ ਮੈਂ ਮਿਨਾਹਸ ਜੀ ਦੇ ਕਹਿਣ ਮੁਤਾਬਿਕ ਲਾਇਬਰੇਰੀ ਅਤੇ ਹੋਰ ਪਾਰਟੀਆਂ ਨੂੰ ਅਲਵਿਦਾ ਕਹਿ ਦਿੱਤਾ। ਮੇਰਾ ਲਿਖਣਾ-ਪੜ੍ਹਨਾ ਅਤੇ ਸਾਰਿਆਂ ਨਾਲ ਮਿਲਣਾ ਜੁਲਣਾ ਸਭ ਬੰਦ ਹੋ ਗਿਆ।

ਸਕਿਊਰਟੀ ਵਾਲਿਆਂ ਨੇ ਮੇਰੇ ਪਿਛਲੇ ਦੋਹਾਂ ਸਟੇਸ਼ਨਾਂ ਤੋਂ ਮੇਰੇ ਬਾਰੇ ਪੂਰੀ ਇਨਕੁਐਰੀ ਕੀਤੀ। ਮੇਰੇ ਪਿੰਡ ਤੋਂ ਵੀ ਫਿਰ ਮੇਰੀ ਪੁਲਿਸ ਵੈਰੀਫਕੇਸ਼ਨ ਹੋਈ।

**ਦੇਖੋ ਬਾਕੀ ਪੰਨਾ ਨੰ : 47 ’ਤੇ**



# ਇਵੇਂ ਹੁੰਦਾ ਹੈ / ਜਰਨੈਲ ਸੇਖਾ

ਬਚਪਨ ਦੀਆਂ ਬਹੁਤ ਸਾਰੀਆਂ ਗੱਲਾਂ ਭੁੱਲ ਭੁਲਾ ਜਾਂਦੀਆਂ ਹਨ ਪਰ ਕਈ ਵਾਰ ਕੋਈ ਸਾਧਾਰਨ ਜਿਹੀ ਗੱਲ ਵੀ ਚੇਤਿਆਂ ਵਿਚ ਆਲ੍ਹਣਾ ਪਾ ਕੇ ਬੈਠ ਜਾਂਦੀ ਹੈ। ਉਹ ਗੱਲ ਭੁਲਾਇਆਂ ਵੀ ਨਹੀਂ ਭੁੱਲਦੀ। ਕੁਝ ਮੇਰੇ ਨਾਲ ਵੀ ਅਜਿਹਾ ਹੀ ਵਾਪਰਿਆ ਹੈ। ਗੱਲ ਬੜੀ ਹੀ ਮਾਮੂਲੀ ਜਿਹੀ ਹੈ। ਇਹ ਗੱਲ ਕਿਸੇ ਨਾਲ ਸਾਂਝੀ ਕਰਦਿਆਂ ਵੀ ਹੋਸ਼ਾਪਨ ਜਿਹਾ ਮਹਿਸੂਸ ਹੁੰਦਾ ਹੈ। ਉਸ ਗੱਲ ਪਿੱਛੇ ਭਾਵੇਂ ਦੋਸ਼ ਕਿਸੇ ਦਾ ਵੀ ਨਾ ਹੋਵੇ ਪਰ ਜਦੋਂ ਉਸੇ ਗੱਲ ਕਾਰਨ ਕਿਸੇ ਦੀ ਅਹੰ ’ਤੇ ਸੱਟ ਵੱਜੇ ਤਾਂ ਉਸ ਬੰਦੇ ਲਈ ਉਹ ਗੱਲ ਮਾਮੂਲੀ ਨਹੀਂ ਰਹਿ ਜਾਂਦੀ।

ਇਹ ਗੱਲ ਮੇਰੇ ਸੱਤਵੀਂ ਵਿਚ ਪੜ੍ਹਦਿਆਂ ਦੀ ਹੈ। ਰੋਡਿਆਂ ਵਾਲੇ ਖਾਲਸਾ ਸਕੂਲ ਨੂੰ ਜਾਣ ਲਈ ਸਾਨੂੰ ਦੋ ਰਾਹ ਪੈਂਦੇ ਸਨ। ਇਕ ਨੂੰ ਰਾਜਿਆਣੇ ਵਾਲਾ ਰਾਹ ਕਹਿੰਦੇ ਸੀ ਤੇ ਦੂਜਾ ਸਮਾਲਸਰ ਵਾਲਾ ਰਾਹ। ਰਾਹ ਤਾਂ ਟੇਢੇ ਮੇਢੇ ਸਨ ਪਰ ਸਿੱਧੇ ਜਾਣ ਲਈ ਡੰਡੀਆਂ ਬਣੀਆਂ ਹੋਈਆਂ ਸਨ। ਸਮਾਲਸਰ ਵਾਲੇ ਰਾਹ ਨਾਲੋਂ ਰਾਜਿਆਣੇ ਵਾਲੇ ਰਾਹ ਦੀ ਵਾਟ ਦੋ ਢਾਈ ਫਰਲਾਂਗ ਘੱਟ ਹੋਵੇਗੀ। ਇਸ ਕਰਕੇ ਗਰਮੀਆਂ ਦੇ ਮੌਸਮ ਵਿਚ ਬਹੁਤਾ ਅਸੀਂ ਉਸੇ ਰਾਹ ਹੀ ਜਾਂਦੇ ਸਾਂ। ਪਰ ਉਸ ਰਾਹ ਵਿਚ ਇਕ ਬਹੁਤ ਚੌੜਾ ਖਾਲ਼ ਆਉਂਦਾ ਸੀ। ਪਾਣੀ ਵਗਦੇ ਸਮੇਂ ਜਿਸ ਨੂੰ ਟੱਪਣਾ ਬਹੁਤ ਮੁਸ਼ਕਲ ਹੁੰਦਾ ਸੀ। ਖਾਲ਼ ਟੱਪ ਕੇ ਕੁਝ ਦੂਰ ਤਕ ਉਸ ਦੀ ਵੱਟ ਉਪਰ ਤੁਰ ਕੇ ਵੀ ਜਾਣਾ ਪੈਂਦਾ ਸੀ। ਉਹ ਖਾਲ਼ ਦਸਾਂ ਦਿਨਾਂ ਵਿਚੋਂ ਦੋ ਦਿਨ ਵਗਦਾ ਸੀ। ਜਦੋਂ ਉਸ ਵਿਚ ਪਾਣੀ ਵਗਦਾ ਹੁੰਦਾ ਤਾਂ ਉਹ ਦੋ ਦਿਨ ਅਸੀਂ ਸਮਾਲਸਰ ਵਾਲੇ ਰਾਹ ਪੈ ਕੇ ਜਾਂਦੇ ਜਾਂ ਜਦੋਂ ਸਮਾਲਸਰ ਦੇ ਖੇਤਾਂ ਵਿਚਲੇ ਲਸੂੜਿਆਂ ਦੀਆਂ ਪੱਕੀਆਂ ਲਸੂੜੀਆਂ ਖਾਣੀਆਂ ਹੁੰਦੀਆਂ। ਸਮਾਲਸਰ ਅਤੇ ਖਾਲਸਾ ਸਕੂਲ, ਕੋਟਕਪੂਰਾ ਮੋਗਾ ਜਾਣ ਵਾਲੀ ਪੱਕੀ ਸੜਕ ਉਪਰ ਸਨ ਅਤੇ ਸਮਾਲਸਰ ਤੋਂ ਸਕੂਲ ਦਾ ਫਾਸਲਾ ਢਾਈ ਕੁ ਮੀਲ ਦਾ ਹੈ। ਭਾਵੇਂ ਕਿ ਰਾਜਿਆਣੇ ਵਾਲਾ ਰਾਹ ਦਾ ਸਫਰ ਸਾਨੂੰ ਘੱਟ ਕਰਨਾ ਪੈਂਦਾ ਸੀ ਪਰ ਤਰੇਲ਼ ਨਾਲ ਪੰਜਾਮੇ ਭਿੱਜਣ ਤੋਂ ਬਚਦਿਆਂ, ਸਿਆਲਾਂ ਵਿਚ ਅਸੀਂ ਬਹੁਤਾ ਸਮਾਲਸਰ ਵਾਲੇ ਰਾਹ ਹੀ ਜਾਂਦੇ ਸੀ। ਰਾਹ ਜਾਂਦਿਆਂ ਸਾਡੇ ਨਾਲ ਸਮਾਲਸਰ ਦੇ ਮੁੰਡੇ ਵੀ ਰਲ ਜਾਂਦੇ ਅਤੇ ਅਸੀਂ ਹੱਸਦੇ ਖੇਡਦੇ ਤੇ ਸ਼ਰਾਰਤਾਂ ਕਰਦੇ ਸਕੂਲ ਪਹੁੰਚ ਜਾਂਦੇ।

ਉਸ ਦਿਨ ਵੀ ਅਸੀਂ ਸੜਕ ਚੜ੍ਹਦਿਆਂ ਹੀ ਸਮਾਲਸਰ ਦੇ ਕੁਝ ਮੁੰਡਿਆਂ ਨਾਲ ਰਲ਼ ਗਏ ਸਾਂ ਜਿਨ੍ਹਾਂ ਵਿਚ ਮੇਰੀ ਜਮਾਤ ਵਿਚ ਪੜ੍ਹਦਾ ਗੁਲਜ਼ਾਰਾ ਵੀ ਸੀ। ਅਸੀਂ ਸ਼ਰਾਰਤਾਂ ਕਰਦੇ, ਇਕ ਦੂਜੇ ਉਪਰ ਕਿਤਾਬਾਂ ਵਾਲੇ ਝੋਲਿਆਂ ਨਾਲ ਹਮਲੇ ਕਰਦੇ ਤੇ ਹੱਸਦੇ ਖੇਡਦੇ ਸਕੂਲ ਪਹੁੰਚ ਗਏ। ਸਕੂਲ ਦੀ ਪ੍ਰਾਰਥਣਾ ਮਗਰੋਂ ਅਸੀਂ ਸਾਰੇ ਆਪੋ ਆਪਣੀਆਂ ਜਮਾਤਾਂ ਵਿਚ ਚਲੇ ਗਏ। ਪਹਿਲਾ ਪੀਰੀਅਡ ਗਿਆਨੀ ਜਰਨੈਲ ਸਿੰਘ ਦਾ ਸੀ ਅਤੇ ਉਹੀ ਸਾਡੀ ਜਮਾਤ ਦੇ ਇਨਚਾਰਜ ਸਨ। ਉਹ ਅਜੇ ਜਮਾਤ ਵਿਚ ਨਹੀਂ ਸੀ ਆਏ। ਮੈਂ ਆਪਣੀ ਨਵੀਂ ਪੈਨਸਿਲ ਘੜਨ ਲਈ ਉੱਠ ਕੇ ਪ੍ਰੀਤ ਕੋਲੋਂ ਚਾਕੂ ਮੰਗਣ ਗਿਆ ਜਿਹੜਾ ਕਿ ਗੁਲਜ਼ਾਰੇ ਦੀ ਡੈਸਕ ਤੋਂ ਅਗਲੀ ਡੈਸਕ ਉਪਰ ਬੈਠਾ ਸੀ। ਪੈਨਸਿਲ ਮੇਰੇ ਹੱਥ ਵਿਚ ਸੀ। ਗੁਲਜ਼ਾਰਾ ਪਹਿਲਾਂ ਆਪਣਾ ਝੋਲ਼ਾ ਫਰੋਲਦਾ ਰਿਹਾ ਤੇ ਫੇਰ ਉਸ ਨੇ ਮੇਰੇ ਕੋਲੋਂ ਨਵੀਂ ਪੈਨਸਿਲ ਖੋਹ ਲਈ। ਕਹਿੰਦਾ, “ਇਹ ਤਾਂ ਮੇਰੀ ਪਿਨਸਲ ਐ। ਜਦੋਂ ਆਪਾਂ ਰਾਹ ਵਿਚ ਝੋਲ਼ੋ ਝੋਲ਼ੀ ਹੁੰਦੇ ਸੀ। ਓਦੋਂ ਡਿੱਗ ਪਈ ਸੀ, ਤੂੰ ਚੱਕ ਲਈ ਐ।”

ਉਂਝ ਤਾਂ ਸਮਾਲਸਰ ਦੇ ਕਈ ਮੁੰਡੇ ਮੇਰੇ ਨਾਲ ਪੜ੍ਹਦੇ ਸਨ ਪਰ ਇਕੋ ਸੈਕਸ਼ਨ ਵਿਚ ਪੜ੍ਹਦੇ ਹੋਣ ਕਰਕੇ ਮੇਰੀ ਬਹੁਤੀ ਨੇੜਤਾ ਗੁਲਜ਼ਾਰੇ ਨਾਲ ਹੀ ਸੀ। ਉਸ ਕੋਲੋਂ ਇਹ ਆਸ ਨਹੀਂ ਸੀ ਕਿ ਉਹ ਮੇਰੇ ਨਾਲ ਕੋਈ ਵਧੀਕੀ ਕਰੇਗਾ। ਪਰ ਉਸ ਨੇ ਧੱਕੇ ਨਾਲ ਮੇਰੇ ਕੋਲੋਂ ਪੈਨਸਿਲ ਖੋਹ ਲਈ

ਸੀ ਤੇ ਮੋੜ ਨਹੀਂ ਸੀ ਰਿਹਾ। ਨਾਲ ਹੀ ਉਸ ਮੇਰੇ ਉਪਰ ਹੋਰ ਊਝ ਲਾ ਦਿੱਤੀ, "ਫੀਸ ਤਾਂ ਤੈਥੋਂ ਟੈਮ ਸਿਰ ਦਿੱਤੀ ਨੀ ਜਾਂਦੀ ਤੇ ਤੂੰ ਨਵੀਂ ਪਿਨਸਲ ਲੈਣ ਜੋਗਾ ਕਿੱਥੋਂ ਹੋ ਗਿਆ!"

ਗੱਲ ਉਸ ਦੀ ਕੁਝ ਹੱਦ ਤਕ ਠੀਕ ਵੀ ਸੀ। ਗਰੀਬੀ ਕਾਰਨ ਭਾਵੇਂ ਮੇਰੀ ਅੱਧੀ ਫੀਸ ਮੁਆਫ ਸੀ ਪਰ ਕਈ ਵਾਰ ਮੇਰੇ ਕੋਲੋਂ ਇਹ ਫੀਸ ਵੀ ਵੇਲ਼ੇ ਸਿਰ ਦਿੱਤੀ ਨਹੀਂ ਸੀ ਜਾਂਦੀ। ਇਸ ਵਾਰ ਵੀ ਮੈਂ ਆਪਣੀ ਫੀਸ ਦਸ ਤਰੀਕ ਤਕ ਜਮ੍ਹਾਂ ਨਹੀਂ ਸੀ ਕਰਵਾ ਸਕਿਆ। ਇਕ ਦਿਨ ਲੇਟ ਫੀਸ ਜਮ੍ਹਾਂ ਕਰਵਾਈ ਸੀ। ਘਰੋਂ ਫੀਸ ਦੇ ਪੈਸੇ ਪੂਰੇ ਹੀ ਮਿਲਦੇ ਸਨ। ਨਾ ਇਕ ਪੈਸਾ ਵੱਧ, ਨਾ ਪੈਸਾ ਘੱਟ। ਗਿਆਰਾਂ ਤਰੀਕ ਹੋ ਜਾਣ ਕਰਕੇ ਉਸ ਦਿਨ ਮੈਂ ਜੁਰਮਾਨੇ ਦਾ ਇਕ ਆਨਾ ਵਾਧੂ ਲੈ ਕੇ ਆਇਆ ਸੀ। ਸ਼ਾਇਦ ਗਿਆਨੀ ਜਰਨੈਲ ਸਿੰਘ ਨੇ ਅਜੇ ਫੀਸ ਅਗਾਂਹ ਦਫਤਰ ਵਿਚ ਜਮ੍ਹਾਂ ਨਾ ਕਰਵਾਈ ਹੋਵੇ ਜਾਂ ਪੰਜਾਬੀ 'ਚ ਹੁਸਿਆਰ ਹੋਣ ਕਰਕੇ ਉਂਝ ਹੀ ਮੇਰੇ ਨਾਲ ਹਮਦਰਦੀ ਸੀ ਅਤੇ ਉਹਨਾਂ ਮੇਰੀ ਫੀਸ ਆਪਣੇ ਕੋਲੋਂ ਜਮ੍ਹਾਂ ਕਰਵਾ ਦਿੱਤੀ ਹੋਵੇ, ਇਸ ਬਾਰੇ ਮੈਨੂੰ ਨਹੀਂ ਪਤਾ। ਪਰ ਉਹਨਾਂ ਨੇ ਜੁਰਮਾਨੇ ਵਾਲਾ ਇਕ ਆਨਾ ਮੈਨੂੰ ਵਾਪਸ ਮੋੜ ਦਿੱਤਾ ਸੀ।

ਉਸ ਦਿਨ ਮੇਰੀ ਰੀਝ ਹੋਈ ਸੀ ਕਿ ਮੈਂ ਵੀ ਅੱਜ ਇਯਾਸ਼ੀ ਕਰਾਂ ਤੇ ਦਾਲ ਨਾਲ ਰੋਟੀ ਖਾਵਾਂ। ਸਕੂਲ ਦੀ ਟੱਕਸ਼ਾਪ ਵਾਲੇ ਦੀ ਪਤਨੀ, ਰਾਜ ਰਾਣੀ, ਦੁਪਹਿਰ ਵੇਲੇ ਆਪਣੀ ਦੁਕਾਨ 'ਤੇ ਦਾਲ ਬਣਾ ਕੇ ਰਖਦੀ ਸੀ ਤੇ ਕਈ ਮੁੰਡੇ ਉੱਥੋਂ ਇਕ ਆਨੇ ਦੀ ਦਾਲ ਦੀ ਕੌਲੀ ਲੈ ਕੇ ਰੋਟੀ ਖਾ ਲੈਂਦੇ ਸਨ। ਰੋਟੀਆਂ ਮੁੰਡੇ ਘਰਾਂ ਤੋਂ ਲੈ ਜਾਂਦੇ ਸਨ। ਆਮ ਮੁੰਡੇ ਘਰੋਂ ਲਿਆਂਦੇ ਅਚਾਰ ਨਾਲ ਹੀ ਰੋਟੀਆਂ ਖਾਂਦੇ ਸਨ। ਕਿਤੇ ਕਿਤੇ ਸਕੂਲ ਵਿਚ ਦਾਲ ਨਾਲ ਰੋਟੀ ਖਾਣੀ ਮੁੰਡੇ ਆਪਣੀ ਸ਼ਾਨ ਸਮਝਦੇ ਸਨ ਅਤੇ ਦੂਸਰੇ ਮੁੰਡਿਆਂ ਨੂੰ ਦਿਖਾ ਦਿਖਾ ਕੇ ਦਾਲ ਨਾਲ ਰੋਟੀ ਖਾਂਦੇ ਸਨ। ਉਸ ਦਿਨ ਮੇਰੀ ਨੀਤ ਵੀ ਮੁੰਡਿਆਂ ਵਿਚ ਬੈਠ ਕੇ ਸ਼ਾਨ ਨਾਲ ਰੋਟੀ ਖਾਣ ਦੀ ਸੀ ਪਰ ਪੈਨਸਿਲ ਲੈਣੀ ਵੀ ਜ਼ਰੂਰੀ ਸੀ ਕਿਉਂਕਿ ਮੇਰੀ ਪੈਨਸਿਲ ਘੜ ਘੜ ਕੇ ਨਿੱਕਾ ਜਿਹਾ ਟੋਟਾ ਰਹਿ ਗਈ ਸੀ। ਫਿਰ ਘਰਦਿਆਂ ਨੇ ਪੈਨਸਿਲ ਲਈ ਛੇਤੀ ਪੈਸੇ ਦੇਣੇ ਨਹੀਂ ਸਨ। ਇਸ ਲਈ ਇਕ ਦਿਨ ਦਾਲ ਨਾਲ ਰੋਟੀ ਖਾਣ ਦੀ ਇਯਾਸ਼ੀ ਕਰਨ ਨਾਲੋਂ ਮੈਂ ਪੈਨਸਿਲ ਲੈਣੀ ਬਿਹਤਰ ਸਮਝੀ ਅਤੇ ਟੱਕਸ਼ਾਪ ਤੋਂ ਜਾ ਕੇ ਪੈਨਸਿਲ ਖਰੀਦ ਲਈ। ਹੁਣ ਇਸ ਪੈਨਸਿਲ 'ਤੇ ਗੁਲਜ਼ਾਰਾ ਹੱਕ ਜਮਾ ਰਿਹਾ ਸੀ ਤੇ ਮੇਰੇ ਉਪਰ ਚੋਰੀ ਦਾ ਦੂਸ਼ਣ ਵੀ ਲਾ ਰਿਹਾ ਸੀ।

ਜਦੋਂ ਸਾਡੇ ਇਨਚਾਰਜ ਗਿਆਨੀ ਜਰਨੈਲ ਸਿੰਘ ਸਾਡੀ ਜਮਾਤ ਵਿਚ ਆਏ ਅਤੇ ਆ ਕੇ ਹਾਜ਼ਰੀ ਲਾ ਹਟੇ ਤਾਂ ਮੈਂ ਉਹਨਾਂ ਕੋਲ ਜਾ ਸ਼ਕਾਇਤ ਲਾਈ, "ਗੁਲਜ਼ਾਰੇ ਨੇ ਮੇਰੇ ਕੋਲੋਂ ਮੇਰੀ ਪਿਨਸਲ ਖੋਹ ਲਈ ਐ।"

ਉਹਨਾਂ ਗੁਲਜ਼ਾਰੇ ਨੂੰ ਆਪਣੇ ਕੋਲ ਬੁਲਾ ਲਿਆ ਅਤੇ ਉਸ ਕੋਲੋਂ ਪੈਨਸਿਲ ਆਪਣੇ ਹੱਥ ਵਿਚ ਫੜ ਲਈ ਅਤੇ ਪੈਨਸਿਲ ਖੋਹਣ ਦਾ ਕਾਰਨ ਪੁੱਛਿਆ। ਉਸ ਨੇ ਦੱਸਿਆ, "ਅਸੀਂ ਰਾਹ ਵਿਚ 'ਕੱਠੇ ਆਉਂਦੇ ਸੀ। ਰਾਹ ਵਿਚ ਮੈਂ ਇਸ ਨੂੰ ਆਪਣਾ ਝੋਲ਼ਾ ਫੜਾਇਆ ਸੀ। ਉਦੋਂ ਇਹਨੇ ਕੱਢੀ ਹੋਊ," ਉਸ ਨੇ ਇਹ ਨਹੀਂ ਦੱਸਿਆ ਕਿ ਅਸੀਂ ਇਕ ਦੂਜੇ ਦੇ ਝੋਲ਼ੇ ਮਾਰਦੇ ਸੀ।

"ਨਹੀਂ ਜੀ, ਇਹ ਝੂਠ ਬੋਲਦੈ। ਇਹਦੀ ਪਿਨਸਲ ਕਿਤੇ ਰਾਹ ਵਿਚ ਡਿੱਗ ਪਈ ਹੋਊ। ਕੱਲ੍ਹ ਜਿਹੜਾ ਆਨਾ ਤੁਸੀਂ ਮੈਨੂੰ ਮੋੜਿਆ ਸੀ, ਮੈਂ ਓਸ ਆਨੇ ਦੀ ਟੱਕਸ਼ਾਪ ਤੋਂ ਲਈ ਸੀ, ਭਾਵੇਂ ਟੱਕਸ਼ਾਪ ਵਾਲੇ ਨੂੰ ਪੁੱਛ ਲਓ।" ਮੇਰੀਆਂ ਅੱਖਾਂ ਵਿਚ ਪਾਣੀ ਭਰ ਆਇਆ।

"ਉਹਨੂੰ ਸੱਦ ਕੇ ਪੁੱਛ ਲਓ। ਮੈਂ ਵੀ ਕੱਲ੍ਹ ਓਦ੍ਹੇ ਕੋਲੋਂ ਈ ਲਈ ਸੀ।" ਗੁਲਜ਼ਾਰੇ ਨੇ ਵੀ ਨਿਧੜਕ ਹੋ ਕਿਹਾ।

"ਤੇਰੀ ਪੈਨਸਿਲ ਦੀ ਕੀ ਨਿਸ਼ਾਨੀ ਐ?" ਗਿਆਨੀ ਜੀ ਨੇ ਪੁੱਛਿਆ।



"ਖੱਟੇ ਰੰਗ ਵਾਲੀ ਐਚ ਬੀ ਦੀ ਐ," ਅਸੀਂ ਦੋਹਾਂ ਇਕੱਠਿਆਂ ਹੀ ਕਿਹਾ।

"ਹੋਰ ਕੋਈ ਨਿਸ਼ਾਨੀ?"

"ਨਵੀਂ ਪਿਨਸਲ ਦੀ ਹੋਰ ਕੀ ਨਿਸ਼ਾਨੀ ਹੋਊ?" ਗੁਲਜ਼ਾਰੇ ਨੇ ਕਿਹਾ।

ਜੇ ਮੈਂ ਕੱਲ੍ਹ ਹੀ ਫੀਸ ਨਾ ਦਿੱਤੀ ਹੋਈ ਹੁੰਦੀ ਤਾਂ ਪੈਨਸਿਲ ਗੁਲਜ਼ਾਰੇ ਨੂੰ ਹੀ ਮਿਲ ਜਾਣੀ ਸੀ। ਗਿਆਨੀ ਜੀ ਨੇ ਆਪਣੇ ਹੱਥੀਂ ਮੈਨੂੰ ਆਨਾ ਮੋੜਿਆ ਹੋਣ ਕਰਕੇ ਉਹਨਾਂ ਨੂੰ ਇਹ ਵੀ ਯਕੀਨ ਸੀ ਕਿ ਮੈਂ ਉਸ ਆਨੇ ਦੀ ਪੈਨਸਿਲ ਹੀ ਖਰੀਦੀ ਹੋਵੇਗੀ। ਇਸ ਲਈ ਉਹ ਦਬਿਧਾ ਵਿਚ ਪੈ ਗਏ ਕਿ ਪੈਨਸਿਲ ਕਿਸ ਨੂੰ ਦਿੱਤੀ ਜਾਵੇ। ਉਹਨਾਂ ਦੇ ਸਾਹਵੇਂ ਅਸੀਂ ਦੋਵੇਂ ਹੀ ਸੱਚੇ ਸਾਂ। ਅਖੀਰ ਸੋਚ ਕੇ ਉਹਨਾਂ ਕਿਹਾ, "ਜੀਹਦੀ ਪੈਨਸਿਲ ਹੈ ਉਹ ਸਹੁੰ ਖਾ ਕੇ ਲੈ ਜਾਵੇਗਾ।"

ਅਸੀਂ ਦੋਹਾਂ ਨੇ ਹੀ ਗੁਰੂ ਦੀਆਂ ਸੌਹਾਂ ਖਾ ਲਈਆਂ। ਫਿਰ ਗੱਲ ਓਥੇ ਦੀ ਓਥੇ ਹੀ ਰਹਿ ਗਈ। ਗਿਆਨੀ ਜੀ ਕੁਝ ਦੇਰ ਸੋਚਦੇ ਰਹੇ ਤੇ ਫਿਰ ਕਿਹਾ, "ਗੁਲਜਾਰੇ, ਤੂੰ ਜਰਨੈਲ ਕੋਲੋਂ ਪੈਨਸਿਲ ਖੋਹੀ ਐ, ਇਹ ਪੈਨਸਿਲ ਏਸੇ ਨੂੰ ਮਿਲੂਗੀ। ਜੇ ਤੈਨੂੰ ਛੱਕ ਸੀ ਤਾਂ ਪਹਿਲਾਂ ਸ਼ਕਾਇਤ ਲਾਉਂਦਾ," ਇਹ ਕਹਿ ਕੇ ਗਿਆਨੀ ਜੀ ਨੇ ਪੈਨਸਿਲ ਮੇਰੇ ਹੱਥ ਫੜਾ ਦਿੱਤੀ। ਮੈਂ ਖ਼ੁਸ਼ੀ ਖ਼ੁਸ਼ੀ ਆਪਣੀ ਡੈਸਕ 'ਤੇ ਆ ਗਿਆ। ਗੁਲਜ਼ਾਰਾ ਵੀ ਭਰਿਆ ਪੀਤਾ ਆਪਣੀ ਡੈਸਕ 'ਤੇ ਜਾ ਬੈਠਾ।

ਫਰਵਰੀ ਦੇ ਦਿਨ ਸਨ। ਸਾਰੀ ਛੁੱਟੀ ਮਿਲਣ ਮਗਰੋਂ ਮੈਂ ਬੇਧਿਆਨੀ ਵਿਚ ਆਪਣੇ ਪੇਂਡੂ ਸਾਥੀਆਂ ਨਾਲ ਰਲਣ ਲਈ ਬਾਹਰ ਸੜਕ 'ਤੇ ਆ ਗਿਆ ਸੀ। ਭਰ ਸਰਦੀਆਂ ਵਿਚ ਠੰਢ ਤੋਂ ਬਚਣ ਲਈ ਉਂਝ ਤਾਂ ਅਸੀਂ ਆਪਣੇ ਕੋਲ ਖੱਦਰ ਦੀ ਚਾਦਰ ਜਾਂ ਹੌਲ਼ਾ ਜਿਹਾ ਖੇਸ ਨਾਲ ਲੈ ਜਾਂਦੇ ਸਾਂ ਅਤੇ ਉਸ ਦੀ ਬੱਕਲ਼ ਵਿਚ ਬਸਤੇ ਲੁਕ ਜਾਂਦੇ ਸਨ। ਪਰ ਜਦੋਂ ਠੰਢ ਦਾ ਜ਼ੋਰ ਕੁਝ ਘਟਦਾ ਤਾਂ ਕਿਸੇ ਵਾਧੂ ਕਪੜੇ ਦੀ ਲੋੜ ਹੀ ਨਾ ਸਮਝਦੇ। ਫਰਵਰੀ ਦੇ ਦਿਨ ਹੋਣ ਕਰਕੇ ਠੰਢ ਘਟ ਸੀ ਤੇ ਮੇਰਾ ਝੋਲਾ ਉਂਝ ਹੀ ਅਜੇ ਹੱਥ ਵਿਚ ਫੜਿਆ ਹੋਇਆ ਸੀ। ਪਤਾ ਨਹੀਂ ਗੁਲਜ਼ਾਰਾ ਕਿਧਰੋਂ ਆਇਆ ਤੇ ਝਪਟ ਮਾਰ ਕੇ ਮੇਰਾ ਝੋਲ਼ਾ ਖੋਹ ਲਿਆ ਅਤੇ ਉਸ ਵਿਚੋਂ ਪੈਨਸਿਲ ਕੱਢ ਕੇ ਦੌੜ ਗਿਆ। ਜਾਂਦਾ ਹੋਇਆ ਕਹਿ ਗਿਆ, "ਇਹ ਪਿਨਸਲ ਮੇਰੀ ਐ। ਜਾਹ! ਲਾ ਲੈ ਜ਼ੋਰ, ਮੈਂ ਨਈਂ ਦੇਣੀ। ਲਾ ਦਈਂ ਸਕੈਤ ਗਿਆਨੀ ਕੋਲ! ਗਿਆਨੀ ਨੇ ਤੇਰੇ ਨਾਲ ਰਈ ਕੀਤੀ ਐ।"

ਉਹ ਮੇਰੀ ਪੈਨਸਿਲ ਖੋਹ ਕੇ ਭੱਜ ਗਿਆ ਸੀ। ਮੈਂ ਕਿਉਂ ਨਹੀਂ ਸੀ ਉਸ ਦੇ ਮਗਰ ਭੱਜਿਆ? ਕੀ ਮੈਂ ਉਸ ਕੋਲੋਂ ਡਰ ਗਿਆ ਸੀ ਕਿ ਉਹ ਮੇਰੇ ਨਾਲੋਂ ਸਰੀਰਕ ਤੌਰ 'ਤੇ ਤਕੜਾ ਹੈ ਜਾਂ ਉਹ ਸਮਾਲਸਰ ਦੇ ਰਾਹ ਜਾਂਦਿਆਂ ਮੈਨੂੰ ਘੇਰ ਕੇ ਕੁੱਟ ਸਕਦਾ ਹੈ? ਨਹੀਂ! ਉਸ ਸਮੇਂ ਉਹ ਮੇਰੇ ਵਰਗਾ ਹੀ ਪਤਲੂ ਜਿਹਾ ਸੀ ਤੇ ਸਰੀਰਕ ਤੌਰ 'ਤੇ ਮੈਂ ਉਸ ਨਾਲੋਂ ਛੋਹਲਾ ਸਾਂ। ਮੈਂ ਉਸ ਦੇ ਮਗਰ ਭੱਜ ਕੇ ਪੈਨਸਿਲ ਖੋਹ ਸਕਦਾ ਸਾਂ ਤੇ ਸਾਡੇ ਪਿੰਡ ਦੇ ਮੁੰਡੇ ਮੇਰੀ ਵਾਹਰ 'ਤੇ ਆ ਸਕਦੇ ਸਨ। ਰਾਹ ਵਿਚ ਘੇਰੇ ਜਾਣ ਤੋਂ ਅਸੀਂ ਨਹੀਂ ਸੀ ਡਰਦੇ, ਸਕੂਲ ਵਿਚ ਸੇਖੇ ਵਾਲੇ ਮੁੰਡਿਆਂ ਦਾ ਏਕਾ ਮਸ਼ਹੂਰ ਸੀ। ਕੀ ਮੈਨੂੰ ਆਪਣੀ ਗਰੀਬੀ ਦਾ ਪਾਲ਼ਾ ਮਾਰ ਗਿਆ ਸੀ ਕਿ ਮੇਰੀ ਗਰੀਬੀ ਕਾਰਨ ਅੱਧੀ ਫੀਸ ਮੁਆਫ ਹੈ? ਪਰ ਫੀਸ ਤਾਂ ਕਈਆਂ ਦੀ ਪੂਰੀ ਫੀਸ ਵੀ ਮੁਆਫ ਸੀ ਤੇ ਕਪੜੇ ਵੀ ਆਮ ਤੌਰ 'ਤੇ ਬਹੁਤੇ ਮੁੰਡਿਆਂ ਦੇ ਖੱਦਰ ਦੇ ਕੁੜਤੇ ਪਜਾਮੇ ਹੀ ਪਾਏ ਹੁੰਦੇ ਸੀ। ਨਿਰੋਲ ਮੁੰਡਿਆਂ ਦਾ ਸਕੂਲ ਹੋਣ ਕਰਕੇ ਗਰਮੀਆਂ ਵਿਚ ਮੁੰਡੇ ਬਿਨਾਂ ਪਜਾਮਿਆਂ ਤੋਂ ਵੀ ਸਕੂਲ ਆ ਜਾਂਦੇ ਸੀ। ਕਦੀ ਇਸ ਘਟੀਆਪਨ ਦਾ ਅਹਿਸਾਸ ਹੀ ਨਹੀਂ ਸੀ ਹੋਇਆ ਕਿ ਮੈਂ ਦੂਸਰਿਆਂ ਨਾਲੋਂ ਬਹੁਤਾ ਗਰੀਬ ਹਾਂ। ਫਿਰ ਉਸ ਸਮੇਂ ਪਤਾ ਨਹੀਂ ਮੇਰੇ ਅੰਦਰ ਕਿਹੜੀ ਹੀਣ ਭਾਵਨਾ ਆ ਗਈ ਕਿ ਮੈਂ ਨਾ ਤਾਂ ਗੁਲਜ਼ਾਰੇ ਨਾਲ ਲੜ ਕੇ

**ਦੇਖੋ ਬਾਕੀ ਪੰਨਾ ਨੰ : 26 'ਤੇ**

# ਬੈੱਲਗਰੇਡ / ਦਰਸ਼ਨ ਬੁਲੰਦਵੀ

28 ਅਕਤੂਬਰ, 1976 ਨੂੰ ਯੋਗੋਸਲਾਵੀਆ ਦੀ ਰਾਜਧਾਨੀ ਬੈੱਲਗਰੇਡ ਅਸੀਂ ਰਾਤ ਦੇ ਬਾਰਾਂ ਕੁ ਵਜੇ ਪਹੁੰਚ ਗਏ ਸੀ। ਗੱਡੀ ਤੋਂ ਉਤਰਦਿਆਂ ਜਿਉਂ ਹੀ ਪੈਰ ਜ਼ਮੀਨ 'ਤੇ ਧਰਿਆ ਤਾਂ ਦਿਲ ਨੂੰ ਬਹੁਤ ਖ਼ੁਸ਼ੀ ਹੋਈ। ਕਮਿਊਨਿਸਟ ਦੇਸ਼ਾਂ ਪ੍ਰਤੀ ਪਿਆਰ ਸਤਿਕਾਰ ਸੂਝ ਦੇ ਪਹਿਲੇ ਡੰਡੇ ਉਪਰ ਪੈਰ ਧਰਦਿਆਂ ਹੀ ਬਣ ਗਿਆ ਸੀ। ਉਦੋਂ ਇਹੀ ਮਹਿਸੂਸ ਹੋਇਆ ਸੀ ਕਿ ਇਕੋ ਇਕ ਕਮਿਊਨਿਸਟ ਪਾਰਟੀ ਹੀ ਦੁਨੀਆਂ ਵਿਚ ਸਭ ਤੋਂ ਵਧ ਕਲਿਆਣਕਾਰੀ ਹੋ ਸਕਦੀ ਹੈ। ਇਹੀ ਵਧੇਰੇ ਮਨੁੱਖਵਾਦੀ ਸਮਾਜ ਦੀਆਂ ਸੰਭਾਵਨਾਵਾਂ ਪੈਦਾ ਕਰ ਸਕਦੀ ਹੈ। ਜਿਨ੍ਹਾਂ ਕਮਿਊਨਿਸਟ ਦੇਸ਼ਾਂ ਨੂੰ ਮੈਂ ਖਿਆਲਾਂ 'ਚ ਚਿਤਵਦਾ ਰਹਿੰਦਾ ਸਾਂ ਅੱਜ ਉਨ੍ਹਾਂ ਦੇਸ਼ਾਂ 'ਚੋਂ ਇਸ ਦੇਸ਼ ਦੀ ਧਰਤੀ ਉਪਰ ਤੁਰ ਰਿਹਾ ਸੀ। ਆਪਣੇ ਕਈ ਸਵਾਲਾਂ ਦੇ ਜਵਾਬ ਲਈ ਇਹਦੀ ਪਰਜਾ ਦੇ ਸਨਮੁੱਖ ਸਾਂ। ਮੇਰੇ ਨਾਲ ਤਰਸੇਮ ਸਿੰਘ ਅਤੇ ਹਰਦਿਆਲ ਸਿੰਘ ਸਨ।

ਗੱਡੀ ਰਾਹੀਂ ਰੋਮ ਤੋਂ ਬੈੱਲਗਰੇਡ ਦਾ ਸਫਰ ਚੌਵੀ ਘੰਟੇ ਦਾ ਸੀ। ਬੈੱਲਗਰੇਡ ਪਹੁੰਚੇ ਤਾਂ ਥੱਕੇ-ਟੁੱਟੇ ਹੋਏ ਸਾਂ। ਉਨੀਂਦਰੇ ਨਾਲ ਹੱਡ ਪੈਰ ਟੁੱਟ ਰਹੇ ਸਨ। ਪਹਿਲਾਂ ਤਾਂ ਇਹੋ ਕਾਹਲ ਸੀ ਕਿ ਕੋਈ ਨਾ ਕੋਈ ਹੋਟਲ ਲੱਭ ਕੇ ਆਰਾਮ ਕੀਤਾ ਜਾਵੇ। ਸ਼ਹਿਰ ਦੇ ਹੋਟਲਾਂ ਦੀ ਸਾਰੀ ਜਾਣਕਾਰੀ ਬੈੱਲਗਰੇਡ ਰੇਲਵੇ ਸਟੇਸ਼ਨ ਤੋਂ ਹੀ ਮਿਲ ਜਾਂਦੀ ਸੀ। ਜਦੋਂ ਅਸੀਂ ਕਿਸੇ ਵੀ ਹੋਟਲ ਵਿਚ ਕਮਰਾ ਲੈਣ ਲਈ ਇਨਕੁਆਰੀ ਕਰਵਾਈ ਤਾਂ ਪਤਾ ਲਗਾ ਕਿ ਹੋਟਲ ਤਾਂ ਸਾਰੇ ਭਰੇ ਹੋਏ ਹਨ। ਕਿਤੇ ਵੀ ਕੋਈ ਜਗਾਹ ਨਹੀਂ। ਅਸੀਂ ਦਿਲ ਹੀ ਦਿਲ ਵਿਚ ਬੜੇ ਨਿਰਾਸ਼ ਹੋਏ। ਇਸ ਤਰ੍ਹਾਂ ਮਹਿਸੂਸ ਹੋਇਆ ਜਿਵੇਂ ਇਹ ਝੂਠ ਹੀ ਬੋਲ ਰਹੇ ਹਨ।

ਮੈਂ ਦੁਬਾਰਾ ਫੇਰ ਸੂਚਨਾ ਅਧਿਕਾਰੀ ਨੂੰ ਕਿਹਾ ਕਿ ਤੁਸੀਂ ਸਾਨੂੰ ਵੀਜ਼ਾ ਤਾਂ ਦੇ ਦਿੱਤਾ ਹੁਣ ਕਿਤੇ ਸੌਣ ਲਈ ਜਗ੍ਹਾ ਵੀ ਦੇ ਦਿਓ। ਉਹ ਜ਼ਰਾ ਕੁ ਮੁਸਕਰਾਇਆ ਤੇ ਕਹਿਣ ਲਗਾ ਕਿ ਇਥੇ ਨੇੜੇ ਹੀ ਪ੍ਰਾਈਵੇਟ ਹੋਟਲ ਬਿਊਰੋ ਹੈ, ਤੁਸੀਂ ਉਥੋਂ ਪਤਾ ਕਰ ਲਵੋ ਸ਼ਾਇਦ ਕੰਮ ਬਣ ਜਾਵੇ। ਅਸੀਂ ਅਜੇ ਪ੍ਰਾਈਵੇਟ ਬਿਊਰੋ ਵੱਲ ਜਾਣ ਦੀ ਤਿਆਰੀ ਕਰ ਹੀ ਰਹੇ ਸਾਂ ਕਿ ਇਕ ਅੱਧਖੜ ਉਮਰ ਦਾ ਬੰਦਾ ਸਾਡੇ ਕੋਲ ਆਇਆ ਤੇ ਆਪਣੀ ਟੁੱਟੀ ਫੁੱਟੀ ਇੰਗਲਿਸ਼ ਵਿਚ ਕਹਿਣ ਲਗਾ,

"ਇਸ ਵਕਤ ਹੋਟਲ ਤੁਹਾਨੂੰ ਕਿਤੇ ਨਹੀਂ ਮਿਲਣਾ। ਪ੍ਰਤੀ ਰਾਤ ਏਨੇ ਕੁ ਡਾਲਰ ਲਗਣਗੇ, ਮੇਰੇ ਘਰ ਚਲੇ ਚਲੋ। ਜਿੰਨੇ ਦਿਨ ਮਰਜ਼ੀ ਰਹਿ ਲਿਓ। ਹੋਟਲ ਤੁਹਾਨੂੰ ਕਲ੍ਹ ਨੂੰ ਵੀ ਨਹੀਂ ਲੱਭਣਾ।"

ਉਹ ਬੜੇ ਵਿਸ਼ਵਾਸ ਨਾਲ ਕਹਿ ਰਿਹਾ ਸੀ ਜਿਵੇਂ ਇਹ ਹੀ ਸਾਰੇ ਸ਼ਹਿਰ ਦੇ ਹੋਟਲਾਂ ਦਾ ਇਨਚਾਰਜ ਹੋਵੇ। ਉਹਦੀ ਗੱਲ ਸੋਲਾਂ ਆਨੇ ਠੀਕ ਸੀ ਪਰ ਸਾਨੂੰ ਉਸ ਉਪਰ ਯਕੀਨ ਨਾ ਆਇਆ। ਕਿਉਂਕਿ ਇਕ ਤਾਂ ਸਾਡੇ ਕੋਲ ਡਾਲਰ ਕਾਫੀ ਸਨ, ਅੰਦਰੋਂ ਅੰਦਰ ਡਰਦੇ ਸਾਂ ਕਿ ਕਿਤੇ ਅਣਜਾਣ ਜਗ੍ਹਾ ਲਿਜਾ ਕੇ ਲੁੱਟ ਹੀ ਨਾ ਲਵੇ। ਦੂਸਰਾ ਅਸੀਂ ਇਥੇ ਨਵੇਂ ਸਾਂ, ਇਸ ਦੇਸ਼ ਦਿਆਂ ਲੋਕਾਂ ਨਾਲ ਕੋਈ ਵਿਹਾਰਕ ਤਜ਼ਰੁਬਾ ਨਹੀਂ ਸੀ। ਸਾਡੇ ਲਈ ਇਹ ਵੀ ਵਿਸ਼ਵਾਸ ਕਰਨਾ ਔਖਾ ਸੀ ਕਿ ਕਿਸੇ ਦੇਸ਼ ਦੀ ਰਾਜਧਾਨੀ ਵਿਚ ਕਿਸੇ ਵਿਜ਼ਟਰ ਨੂੰ ਕਮਰਾ ਨਾ ਮਿਲੇ। ਇਸ ਤਰ੍ਹਾਂ ਪਹਿਲਾਂ ਤਾਂ ਕਦੇ ਨਹੀਂ ਸੀ ਹੋਇਆ। ਕਿਸੇ ਵੀ ਦੇਸ਼ ਵਿਚ ਭਾਵੇਂ ਸਵੇਰ ਦੇ ਤਿੰਨ ਵਜੇ ਪਹੁੰਚ ਜਾਓ, ਜੇ ਸਸਤੇ ਹੋਟਲ ਵਿਚ ਨਹੀਂ ਤਾਂ ਮਹਿੰਗੇ ਹੋਟਲ ਵਿਚ ਜ਼ਰੂਰ ਕਮਰਾ ਮਿਲ ਜਾਂਦਾ ਰਿਹਾ ਹੈ। ਅਸੀਂ ਉਹਦੇ ਨਾਲ ਜਾਣ ਤੋਂ ਨਾਂਹ ਕਰ ਦਿੱਤੀ। ਉਹ ਸਾਡੇ ਅਣਜਾਣਪੁਣੇ ਤੇ ਜ਼ਰਾ ਕੁ ਹੈਰਾਨ ਹੋਇਆ ਤੇ ਚਲੇ ਗਿਆ।



ਅਸੀਂ ਪੁੱਛਦੇ ਪੁੱਛਾਂਦੇ ਪ੍ਰਾਈਵੇਟ ਬਿਊਰੋ ਵੱਲ ਚਲੇ ਗਏ। ਉਨ੍ਹਾਂ ਵੱਲੋਂ ਵੀ ਸਾਨੂੰ ਨਿਰਾਸ਼ਾ ਦਾ ਮੂੰਹ ਦੇਖਣਾ ਪਿਆ। ਉਂਜ ਹੈਰਾਨ ਸਾਂ ਕਿ ਇਹ ਪ੍ਰਾਈਵੇਟ ਬਿਊਰੋ ਕਿਥੋਂ ਆ ਗਏ। ਅਸੀਂ ਤਾਂ ਇਹੋ ਸੁਣਿਆ ਸੀ ਕਿ ਕਮਿਊਨਿਸਟ ਦੇਸ਼ਾਂ ਵਿਚ ਹਰ ਜਾਇਦਾਦ ਕੌਮੀ ਮਲਕੀਅਤ ਹੁੰਦੀ ਹੈ ਪਰ ਬਾਅਦ ਵਿਚ ਪਤਾ ਲਗਾ ਕਿ ਜਿਹੜੇ ਨਿੱਕੇ ਮੋਟੇ ਧੰਦੇ ਹਨ ਜਿਨ੍ਹਾਂ ਦੇ ਬਿਜਨਿਸ ਲਾਭ ਸੀਮਤ ਹਨ ਉਹ ਕੌਮੀ ਮਲਕੀਅਤ ਵਿਚ ਨਹੀਂ ਆਉਂਦੇ। ਅਸੀਂ ਬੜੇ ਮਾਯੂਸ ਹੋਏ ਤੇ ਵਾਪਸ ਸਟੇਸ਼ਨ ਤੇ ਆ ਗਏ।

ਹੁਣ ਅਸੀਂ ਪਹਿਲਾਂ ਵਰਗੇ ਕਿਸੇ ਹੋਰ ਬੰਦੇ ਦੀ ਤਲਾਸ਼ ਵਿਚ ਸਾਂ ਜੋ ਸਾਨੂੰ ਆਪਣੇ ਘਰ ਲੈ ਜਾਵੇ ਪਰ ਅਜਿਹਾ ਮਹਾਂਪੁਰਸ਼ ਕਿਤੇ ਵੀ ਨਜ਼ਰ ਨਹੀਂ ਸੀ ਆ ਰਿਹਾ। ਏਧਰ ਓਧਰ ਭਟਕਦਿਆਂ ਰਾਤ ਦਾ ਇਕ ਵੱਜ ਚੁੱਕਾ ਸੀ। ਅਸੀਂ ਇਹੋ ਫੈਸਲਾ ਕੀਤਾ ਕਿ ਤਿੰਨ ਚਾਰ ਘੰਟੇ ਹੋਰ ਏਸੇ ਤਰ੍ਹਾਂ ਸਟੇਸ਼ਨ ਉਪਰ ਕੱਟ ਲਏ ਜਾਣ ਤੇ ਅਗਲੇ ਦਿਨ ਸਵੇਰ ਤੋਂ ਹੀ ਕਮਰਾ ਲੱਭਣ ਦੀ ਕੋਸ਼ਿਸ਼ ਕੀਤੀ ਜਾਵੇ। ਆਪਣੇ ਬੈਗ ਅਤੇ ਸੂਟਕੇਸ ਅਸੀਂ ਲਾਕਰਾਂ ਵਿਚ ਜਮਾਂ ਕਰਵਾ ਦਿੱਤੇ ਸੀ। ਆਪ ਸਟੇਸ਼ਨ ਦੇ ਅੰਦਰ ਘੜੀ ਪਲ ਸੌਣ ਲਈ ਸੁਰੱਖਿਅਤ ਜਗ੍ਹਾ ਦਾ ਮੁਆਇਨਾ ਕਰਨ ਲਗੇ। ਸਟੇਸ਼ਨ ਪਹਿਲਾਂ ਹੀ ਸ਼ੇਰੇ ਪੰਜਾਬ ਦੀ ਗੱਡੀ ਵਾਂਗ ਅੰਦਰੋਂ ਤੁੰਨਿਆਂ ਪਿਆ ਸੀ। ਖੈਰ, ਅਸੀਂ ਤਾਂ ਭੀੜ ਭੜੱਕੇ ਵਾਲੇ ਮੁਲਕ ਦੇ ਬੰਦੇ ਸਾਂ, ਖੜੇ ਹੋਣ ਦੀ ਜਗ੍ਹਾ ਸਾਨੂੰ ਮਿਲ ਗਈ ਸੀ, ਸੌਣ ਲਈ ਹੌਲੀ ਹੌਲੀ ਬਣਾ ਰਹੇ ਸਾਂ। ਅੰਦਰ ਭੀੜ ਦੀ ਗਰਮਾਇਸ਼ ਏਨੀ ਸੀ ਕਿ ਜੇ ਅੰਦਰੋਂ ਸੈਂਟਰਲ ਹੀਟਿੰਗ ਬੰਦ ਵੀ ਕਰ ਦੇਂਦੇ ਤਾਂ ਵੀ ਵੱਡੇ ਹਾਲ ਵਿਚ ਨਿੱਘ ਕਾਫੀ ਸੀ। ਅੰਦਰ ਭਰੇ ਮੇਲੇ ਵਰਗੀ ਚਹਿਲ ਪਹਿਲ ਸੀ। ਜਿਨ੍ਹਾਂ ਦੀ ਗੱਡੀ ਸਵੇਰੇ ਚੱਲਣੀ ਸੀ ਉਹ ਤਾਂ ਬੇਫਿਕਰ ਘੇਸਲ ਮਾਰੀ ਕੁੱਕੜ ਵਾਂਗ ਅੱਖਾਂ ਮੀਟ ਰਹੇ ਸਨ। ਬਹੁਤੀਆਂ ਸਵਾਰੀਆਂ ਦੀਆਂ ਅੱਖਾਂ ਟਾਈਮ-ਟੇਬਲ ਦੇ ਬੋਰਡ ਤੇ ਲਗੀਆਂ ਹੋਈਆਂ ਸਨ।

ਅਜੇ ਘੰਟੇ ਕੁ ਵਿਚ ਸਾਡੇ ਜਿਸਮਾਂ ਦੀ ਠਰ ਹੀ ਭੱਜੀ ਸੀ ਕਿ ਸਟੇਸ਼ਨ ਨੂੰ ਅੰਦਰੋਂ ਬਾਹਰੋਂ ਧੋਣ ਲਈ ਤਿੰਨ ਚਾਰ ਪਾਣੀ ਦੀਆਂ ਭਰੀਆਂ ਗੱਡੀਆਂ ਆ ਕੇ ਖਲੋ ਗਈਆਂ। ਇਨ੍ਹਾਂ ਦੇ ਸੰਚਾਲਕਾਂ ਨੇ ਆਉਂਦਿਆਂ ਹੀ ਹੁਕਮ ਜਾਰੀ ਕਰ ਦਿੱਤਾ ਕਿ ਸਾਰੇ ਪਬਲਿਕ ਸਟੇਸ਼ਨ ਤੋਂ ਬਾਹਰ ਹੋ ਜਾਣੇ। ਹੁਣ ਰਾਤ ਦੇ ਦੋ ਵੱਜ ਚੁੱਕੇ ਸਨ। ਪਹਿਲਾਂ ਤਾਂ ਸਾਰੇ ਮੁਸਾਫਿਰਾਂ ਨੇ ਇਕ ਦੂਜੇ ਦੇ ਚੇਹਰੇ ਵੱਲ ਸ਼ਿਕਾਇਤ ਭਰੀ ਨਜ਼ਰ ਨਾਲ ਤਕਿਆ ਤੇ ਫੇਰ ਨਾ ਚਾਹੁੰਦੇ ਹੋਏ ਬੁੜਬੁੜਾਉਂਦੇ ਸਟੇਸ਼ਨ ਤੋਂ ਬਾਹਰ ਹੋ ਗਏ। ਸ਼ਾਇਦ ਹੋਰ ਚਾਰਾ ਵੀ ਨਹੀਂ ਸੀ। ਉਨ੍ਹਾਂ ਨੇ ਪਾਣੀ ਦੇ ਪ੍ਰੈਸ਼ਰ ਨਾਲ ਸਟੇਸ਼ਨ ਨੂੰ ਧੋਣਾ ਸ਼ੁਰੂ ਕਰ ਦਿੱਤਾ।

ਸਟੇਸ਼ਨ ਦੇ ਬਾਹਰ ਸਾਇਬੇਰੀਆ ਦਾ ਮੌਸਮ ਛਾਇਆ ਹੋਇਆ ਸੀ। ਯਖ ਠੰਢ, ਸੀਟੀਆਂ ਮਾਰਦੀ ਹੋਈ ਹਵਾ ਸਾਡੇ ਜਿਸਮਾਂ 'ਚੋਂ ਆਰ ਪਾਰ ਹੋ ਰਹੀ ਸੀ। ਗਰਮ ਕਪੜਿਆਂ ਦੇ ਬਾਵਜੂਦ ਵੀ ਅਸੀਂ ਠੰਢ ਨਾਲ ਸੁੰਗੜੇ ਪਏ ਸਾਂ। ਸਾਨੂੰ ਆਪਣੇ ਨਾਲੋਂ ਹੈਂਡ ਬੈਗਾਂ ਵਿਚ ਪਏ ਡਾਲਰਾਂ ਦਾ ਜ਼ਿਆਦਾ ਫਿਕਰ ਸੀ। ਰੱਬ ਬਣ ਕੇ ਜਿਹੜਾ ਬੰਦਾ ਸਾਨੂੰ ਅਗਲਵਾਂਡੀ ਹੋ ਕੇ ਮਿਲਿਆ ਸੀ ਉਹ ਵਿਚਾਰਾ ਕਿੰਨਾ ਸੱਚਾ ਸੀ, ਅਸੀਂ ਉਸ ਤੇ ਇਤਬਾਰ ਹੀ ਨਾ ਕੀਤਾ। ਸਾਨੂੰ ਉਹ ਵਿਚਾਰਾ ਬੜਾ ਯਾਦ ਆਇਆ। ਉਸ ਦਾ ਪਤਾ ਜਾਂ ਟੈਲੀਫੋਨ ਨੰਬਰ ਵੀ ਨਾ ਲਿਆ। ਅਸੀਂ ਇਸ ਮਾਰੂ ਠੰਢ ਤੋਂ ਬਚਣ ਲਈ ਪਹਿਲਾਂ ਨਿੱਕੀਆਂ ਮੋਟੀਆਂ ਕਸਰਤਾਂ ਰਾਹੀਂ ਆਪਣੇ ਆਪ ਨੂੰ ਗਰਮਾਉਣ ਲਗੇ ਪਰ ਜਦ ਇਸ ਪ੍ਰੋਗਰਾਮ ਵਿਚ ਹਾਰਦੇ ਨਜ਼ਰ ਆਏ ਤਾਂ ਅਸੀਂ ਤਿੰਨੇ ਇਕ ਖੂੰਜਾ ਲੱਭਣ ਵਿਚ ਕਾਮਯਾਬ ਹੋ ਗਏ ਜਿਹੜਾ ਕਿ ਤਿੰਨ ਪਾਸਿਆਂ ਤੋਂ ਦੀਵਾਰਾਂ ਨਾਲ ਘਿਰਿਆ ਹੋਇਆ ਸੀ। ਅਸੀਂ ਤਿੰਨੇ ਇਕ ਦੂਜੇ ਨਾਲ ਲਗ ਕੇ ਬੈਠ ਗਏ। ਇਕ ਦੂਜੇ ਦੇ ਨਿੱਘ ਵਿਚ ਆਪਣੇ ਆਪ ਨੂੰ ਗਰਮਾਉਣ ਲਗੇ। ਏਧਰ ਓਧਰ ਦੀਆਂ ਗੱਲਾਂ ਨਾਲ ਠੰਢ ਦੇ ਅਸਰ ਨੂੰ ਘਟਾਉਣ ਲਗੇ ਪਰ ਹਵਾ ਦੇ ਠੰਢੇ ਸੀਤ ਬੁਲ੍ਹੇ

ਜਦ ਸਾਡੇ ਖੂੰਜੇ ਵਿਚ ਘੁੰਮਣਘੇਰੀ ਬੰਨਦੇ ਤਾਂ ਲਗਦਾ ਜਿਵੇਂ ਉਚੇਚੇ ਤੌਰ ਤੇ ਇਹ ਸਾਨੂੰ ਲੱਭ ਕੇ ਸਾਡੇ ਉਪਰ ਹੀ ਹਮਲਾ ਕਰਨ ਆਏ ਹਨ। ਲਗਦਾ ਸਵੇਰ ਤਕ ਮੌਤ ਸਾਡੇ ਸਾਹਵਾਂ ਦੇ ਬਰੂਹੇ ਜ਼ਰੂਰ ਦਸਤਕ ਦੇਵੇਗੀ। ਠੰਢ ਮੂਹਰੇ ਸਾਡੀ ਹਰ ਦ੍ਰਿੜਤਾ ਟੁੱਟਦੀ ਨਜ਼ਰ ਆ ਰਹੀ ਸੀ। ਸਾਡੇ ਦੰਦ ਇਕਸਾਰ ਵੱਜ ਰਹੇ ਸਨ। ਸਰੀਰ ਕੰਬ ਰਹੇ ਸਨ।

ਪਤਾ ਨਹੀਂ ਰੱਬ ਨੇ ਸਾਡੀ ਪ੍ਰਾਰਥਨਾ ਸੁਣ ਲਈ ਜਾਂ ਉਂਜ ਹੀ ਰੱਬ ਨੂੰ ਸਾਡੇ ਤੇ ਰਹਿਮ ਆ ਗਿਆ, ਚਾਰ ਕੁ ਵਜੇ ਅਸੀਂ ਫੇਰ ਸਟੇਸ਼ਨ ਅੰਦਰ ਜਾ ਸਕਦੇ ਸਾਂ। ਸਾਡੇ ਵਾਂਗ ਦੂਸਰੇ ਮੁਸਾਫਿਰਾਂ ਦਾ ਵੀ ਇਹੋ ਹਾਲ ਸੀ। ਇਕ ਘੰਟੇ ਦੇ ਵਕਤ ਨੇ ਸਾਨੂੰ ਨਾਨੀ ਚੇਤੇ ਕਰਾ ਦਿੱਤੀ ਸੀ। ਜਿਉਂ ਹੀ ਪਾਣੀ ਦੀਆਂ ਗੱਡੀਆਂ ਸਟੇਸ਼ਨ ਤੋਂ ਪਰ੍ਹੇ ਹੋਈਆਂ ਸਾਰੀ ਜਨਤਾ ਅੰਦਰ ਵੱਲ ਨੂੰ ਐਹਣ ਵਾਂਗ ਟੁੱਟ ਪਈ। ਅੰਦਰ ਪਹੁੰਚੇ ਤਾਂ ਫਰਸ਼ ਹਾਲੇ ਗਿੱਲੀ ਹੀ ਸੀ। ਕਿਤੇ ਕਿਤੇ ਫਰਸ਼ ਤੇ ਖੜਾ ਪਾਣੀ ਵੀ ਚਮਕ ਰਿਹਾ ਸੀ। ਸਾਡੇ ਲਈ ਅੰਦਰ ਬਹਿਣਾ ਅਸੰਭਵ ਸੀ। ਖੜੇ ਹੋ ਸਕਦੇ ਸਾਂ ਪਰ ਲੱਤਾਂ ਤਾਂ ਪਹਿਲਾਂ ਹੀ ਭਾਰ ਨਹੀਂ ਸਨ ਝੱਲਦੀਆਂ। ਅੰਦਰ ਇਕ ਘੰਟਾ ਹੋਰ ਤਸੀਹੇ ਝੱਲਣ ਤੋਂ ਬਾਅਦ ਸਟੇਸ਼ਨ ਦੇ ਬਾਹਰ ਸਾਹਮਣੇ ਇਕ ਰੈਸਟੋਰੈਂਟ ਖੁੱਲ੍ਹਾ ਨਜ਼ਰ ਆਇਆ। ਇਕ ਖ਼ੁਸ਼ੀ ਦੀ ਕਿਰਨ ਅੱਖਾਂ ਵਿਚ ਚਮਕੀ। ਸਟੇਸ਼ਨ ਅੰਦਰ ਬੈਠਣਾ ਅਸੀਂ ਵਧੇਰੇ ਮੁਨਾਸਿਬ ਸਮਝਿਆ। ਉਥੇ ਪਹੁੰਚੇ ਤਾਂ ਆਮ ਲੋਕ ਸਵੇਰੇ ਸਵੇਰੇ ਨਿੰਬੂ ਵਾਲੀ ਚਾਹ ਪੀ ਰਹੇ ਸਨ। ਅਸੀਂ ਵੀ ਨਾਸ਼ਤਾ ਖਾਧਾ ਅਤੇ ਨਿੰਬੂ ਵਾਲੀ ਚਾਹ ਨਾਲ ਡਾਵਾਂ ਡੋਲ ਸਰੀਰਾਂ ਨੂੰ ਸਹਾਰਾ ਦਿੱਤਾ। ਏਥੇ ਬਹਿ ਕੇ ਅਸੀਂ ਦਿਨ ਦਾ ਸਾਰਾ ਪ੍ਰੋਗਰਾਮ ਉਲੀਕਿਆ।

ਨੌਂ ਵਜੇ ਤੋਂ ਬਾਅਦ ਅਸੀਂ ਤਿੰਨੇ ਫੇਰ ਕਿਸੇ ਹੋਟਲ ਦੀ ਤਲਾਸ਼ ਵਿਚ ਨਿਕਲ ਪਏ। ਕਦੇ ਪੈਦਲ, ਕਦੇ ਟੈਕਸੀ ਰਾਹੀਂ। ਜਿਵੇਂ ਵੀ ਕੋਈ ਹਿਦਾਇਤ ਕਰਦਾ ਅਸੀਂ ਉਵੇਂ ਹੀ ਅਮਲ ਕਰ ਲੈਂਦੇ ਪਰ ਕਿਤੇ ਵੀ ਕਮਰੇ ਦਾ ਪ੍ਰਬੰਧ ਨਾ ਹੋ ਸਕਿਆ। ਅੱਖਾਂ ਅੰਦਰ ਨਿਰਾਸ਼ਾ ਦੇ ਬੱਦਲ ਚੜ੍ਹ ਚੜ੍ਹ ਆਸ ਅੰਦਰ ਖਿੰਡ ਰਹੇ ਸਨ। ਸੋਸ਼ਲਿਸਟ ਦੇਸ਼ ਹੋਣ ਕਰਕੇ ਨਿੰਦਣ ਨੂੰ ਵੀ ਜੀਅ ਨਹੀਂ ਸੀ ਕਰਦਾ। ਥਕਾਵਟ ਅਗੇ ਵਾਰ ਵਾਰ ਬੈੱਲਗਰੇਡ ਦਾ ਸਟੇਸ਼ਨ ਘੁੰਮ ਰਿਹਾ ਸੀ। ਉਨੀਂਦਰੇ ਵਿਚ ਹੱਡ ਪੈਰ ਟੁੱਟ ਰਹੇ ਸਨ। ਰਾਜਧਾਨੀ ਵਿਚ ਕੋਈ ਵਿਦੇਸ਼ੀ ਕਮਰਾ ਨਾ ਲੱਭ ਸਕੇ ਇਹ ਕੋਈ ਚੰਗੇ ਪ੍ਰਭਾਵ ਵਾਲੀ ਗੱਲ ਨਹੀਂ ਸੀ।

ਇਹ ਸਬੱਬ ਹੀ ਸਮਝੋ ਕਿ ਚਾਰ ਕੁ ਵਜੇ ਥੱਕ ਟੁੱਟ ਕੇ ਚੂਰ ਹੋਏ ਅਸੀਂ ਬਜ਼ਾਰ ਰਾਹੀਂ ਵਾਪਸ ਸਟੇਸ਼ਨ ਨੂੰ ਆ ਰਹੇ ਸਾਂ ਕਿ ਇਕ ਅੱਧਖੜ੍ਹ ਉਮਰ ਦੀ ਜਨਾਨੀ ਸਾਨੂੰ ਵੇਖ ਕੇ 'ਸਲੀਪ-ਸਲੀਪ' ਆਖਣ ਲਗ ਪਈ। ਪਹਿਲੀ ਸੱਟੇ ਤਾਂ ਮੈਂ ਇਹੋ ਸਮਝਿਆ ਕਿ ਇਹ ਕੋਈ ਵੇਸਵਾ ਹੈ ਜਿਹੜੀ ਸੌਣ ਬਾਰੇ ਪੁੱਛ ਰਹੀ ਹੈ। ਮੈਂ ਝਿਜਕਦਿਆਂ ਫੇਰ ਦੁਬਾਰਾ ਉਹਦੀ ਇੰਗਲਿਸ਼ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਤਾਂ ਪਤਾ ਲਗਾ ਕਿ ਉਹ ਆਪਣੇ ਫਲੈਟ ਵਿਚੋਂ ਇਕ ਕਮਰਾ ਸਾਨੂੰ ਦੇਣ ਲਈ ਪੁੱਛ ਰਹੀ ਸੀ। 'ਅੰਨਾ ਕੀ ਭਾਲ਼ੇ ਦੋ ਅੱਖਾਂ'। ਸਾਡੇ ਚਿਹਰਿਆਂ ਤੇ ਰੌਣਕ ਜਿਹੀ ਆ ਗਈ। ਸਾਡੀ ਬੁਝੀ ਹੋਈ ਆਸ ਫੇਰ ਜਗ ਪਈ। ਲਗਦਾ ਸੀ ਜਿਵੇਂ ਉਹ ਸਾਡੀਆਂ ਉਨੀਂਦਰੇ ਨਾਲ ਲਾਲ ਹੋਈਆਂ ਅੱਖਾਂ ਨੂੰ ਤਾੜ ਗਈ ਹੋਵੇ। ਅਸੀਂ ਕਿਰਾਏ ਬਾਰੇ ਉਹਦੇ ਨਾਲ ਕੋਈ ਬਹੁਤੀ ਗੱਲ ਨਾ ਛੇੜੀ। ਡਰ ਸੀ ਕਿ ਕਿਤੇ ਮੁੱਕਰ ਹੀ ਨਾ ਜਾਵੇ। ਤਿੰਨ ਚਾਰ ਦਿਨ ਰਹਿਣ ਦਾ ਅਸੀਂ ਉਸ ਨੂੰ ਭਰੋਸਾ ਦਵਾਇਆ। ਉਹ ਆਪਣੇ ਫਲੈਟ ਵਿਚ ਬਹੁਤੇ ਦਿਨ ਸਾਨੂੰ ਰੱਖਣ ਲਈ ਰਜ਼ਾਮੰਦ ਵੀ ਨਹੀਂ ਸੀ।

ਅਸੀਂ ਆਪਣੇ ਸੂਟਕੇਸ ਅਤੇ ਬੈਗ ਸਟੇਸ਼ਨ ਤੋਂ ਕਢਵਾਏ ਅਤੇ ਟੈਕਸੀ ਕਰਕੇ ਉਸ ਮਾਈ ਦੇ, ਜਿਸ ਦਾ ਨਾਂ ਮਾਰੀਆ ਸੀ, ਘਰ ਪਹੁੰਚ ਗਏ। ਦੂਜੀ ਮੰਜ਼ਲ ਤੇ ਇਕ ਫਲੈਟ ਵਿਚ ਤੀਵੀਂ ਆਦਮੀ ਰਹਿੰਦੇ ਸਨ। ਉਨ੍ਹਾਂ ਦੀ ਇਕ ਲੜਕੀ ਯੂਨੀਵਰਸਟੀ ਵਿਚ ਪੜ੍ਹਨ ਗਈ ਹੋਈ ਸੀ। ਸੋ ਉਹਦਾ ਕਮਰਾ ਖਾਲੀ ਸੀ, ਉਹ ਸਾਨੂੰ ਮਿਲ ਗਿਆ। ਰੱਬ ਦਾ ਲੱਖ ਲੱਖ ਸ਼ੁਕਰ ਮਨਾਇਆ।



ਘਰ ਪੁੱਜਦਿਆਂ ਹੀ ਸਭ ਤੋਂ ਪਹਿਲਾਂ ਉਸ ਨੇ ਸਾਨੂੰ ਮਹਾਂਪੁਰਸ਼ਾਂ ਵਾਂਗ ਇਹੋ ਉਪਦੇਸ਼ ਦਿੱਤਾ ਕਿ ਜਦ ਵੀ ਕੋਈ ਪੁਲੀਸਮੈਨ ਜਾਂ ਕੋਈ ਅਜਨਬੀ ਇਸ ਘਰ ਦੇ ਨੇੜੇ ਤੇੜੇ ਦਿਸੇ ਤਾਂ ਤੁਸੀਂ ਅੱਖ ਬਚਾ ਕੇ ਧਿਆਨ ਨਾਲ ਅੰਦਰ ਆਉਣਾ। ਕਿਸੇ ਨਾਲ ਬਹੁਤੀ ਗੱਲ ਨਹੀਂ ਕਰਨੀ ਕਿ ਤੁਸੀਂ ਇਥੇ ਰਹਿੰਦੇ ਹੋ। ਅਸੀਂ ਉਸ ਦੇ ਸਾਰੇ ਇਸ਼ਾਰੇ ਸਮਝ ਲਏ।

ਇਸ ਫਲੈਟ ਵਿਚ ਕਮਰਾ ਮਿਲਦਿਆਂ ਹੀ ਅਸੀਂ ਆਪਣਾ ਟੈਲੀਫੋਨ ਨੰਬਰ ਗਰੀਕ ਏਜੰਟ 'ਪੋਲੀਬੋਸ' ਨੂੰ ਦੇ ਦਿੱਤਾ। ਨਾਲ ਹੀ ਆਖ ਦਿੱਤਾ ਕਿ ਜਦ ਵੀ ਢੁਕਵਾਂ ਸਮਾਂ ਸਾਡੇ ਲਈ ਹੋਵੇ ਸਾਨੂੰ ਅਗਾਉਂ ਸੂਚਿਤ ਕਰ ਦੇਣਾ ਅਸੀਂ ਫਲਾਈਟ ਲੈ ਕੇ ਏਥਨਜ਼ ਪਹੁੰਚ ਜਾਵਾਂਗੇ।

ਇਥੇ ਫਲੈਟ ਤਾਂ ਸਾਰੇ ਕੌਮੀ ਮਲਕੀਅਤ ਸਨ। ਇਹ ਫਲੈਟ ਪਰਿਵਾਰ ਦੇ ਮੈਂਬਰਾਂ ਦੇ ਹਿਸਾਬ ਨਾਲ ਗੌਰਮਿੰਟ ਵੱਲੋਂ ਇਨ੍ਹਾਂ ਨੂੰ ਮਿਲਿਆ ਹੋਇਆ ਸੀ। ਕਿਸੇ ਗੈਰ ਜਾਂ ਵਿਦੇਸ਼ੀ ਨੂੰ ਕਿਰਾਏ ਤੇ ਦੇਣਾ ਗੈਰਕਾਨੂੰਨੀ ਸੀ। ਜਿਨ੍ਹਾਂ ਨੂੰ ਕਿਰਾਏ ਉਪਰ ਦੇਣ ਦਾ ਝੱਸ ਪੈ ਗਿਆ ਸੀ, ਉਹ ਸਦਾ ਹੀ ਚੋਰੀ ਛੁੱਪੇ ਵਿਦੇਸ਼ੀਆਂ ਨੂੰ ਲੱਭਦੇ ਰਹਿੰਦੇ ਸਨ। ਵਿਦੇਸ਼ੀਆਂ ਨੇ ਦੋ ਚਾਰ ਦਿਨ ਰਹਿ ਕੇ ਅਗਾਂਹ ਤੁਰ ਜਾਣਾ ਹੁੰਦਾ, ਇਸ ਤਰ੍ਹਾਂ ਕੋਈ ਮੁੱਦ ਗਵਾਹ ਨਹੀਂ ਰਹਿੰਦਾ। ਇਸ ਤਰ੍ਹਾਂ ਇਨ੍ਹਾਂ ਦੇ ਚਾਰ ਪੈਸੇ ਬਣ ਜਾਂਦੇ ਸਨ। ਵਿਦੇਸ਼ੀਆਂ ਨੂੰ ਲੱਭਣ ਦੀ ਸਭ ਤੋਂ ਵੱਡੀ ਅਤੇ ਢੁਕਵੀਂ ਥਾਂ ਬੈੱਲਗਰੇਡ ਰੇਲਵੇ ਸਟੇਸ਼ਨ ਹੀ ਸੀ। ਇਨ੍ਹਾਂ ਵਿਦੇਸ਼ੀਆਂ ਦੀ ਭਾਰੀ ਗਿਣਤੀ ਭਾਰਤੀ, ਪਾਕਿਸਤਾਨੀ ਤੇ ਬੰਗਲਾ ਦੇਸ਼ ਦੇ ਵਿਅਕਤੀਆਂ ਦੀ ਹੁੰਦੀ ਸੀ। ਵੈਸੇ ਵੀ ਹੋਟਲ ਦੇ ਮੁਕਾਬਲੇ ਕਿਸੇ ਘਰ ਵਿਚ ਪਨਾਹ ਮਿਲ ਜਾਣੀ ਸਸਤੀ ਪੈਂਦੀ ਸੀ। ਜਿਸ ਨੂੰ ਪੈਸੇ ਦੀ ਕਮੀ ਕਾਰਨ ਆਪਣੇ ਲੋਕ ਵਧੇਰੇ ਪਸੰਦ ਕਰਦੇ ਸਨ।

ਸਰਕਾਰੀ ਫੈਕਟਰੀਆਂ ਵਿਚ ਕੰਮ ਕਰਦੇ ਬਦ-ਦਿਆਨਤ ਵਰਕਰ ਵੀ ਚੋਰੀ ਦਾ ਸਮਾਨ ਵੇਚਦੇ ਵੇਖੇ ਜਾ ਸਕਦੇ ਸਨ। ਪੌਂਡਾਂ, ਡਾਲਰਾਂ ਅਤੇ ਸੋਨੇ ਦੀ ਭਾਲ ਵਿਚ ਵੀ ਪੁੱਛ-ਪੜਤਾਲ ਕਰਦੇ ਵੇਖੇ ਜਾ ਸਕਦੇ ਸਨ। ਉਨ੍ਹਾਂ ਦਾ ਵਿਚਾਰ ਸੀ ਕਿ ਏਥੇ ਪਤਾ ਨਹੀਂ ਕਦ ਕਰੰਸੀ ਬਦਲ ਜਾਏ, ਸੋਨਾ ਤਾਂ ਜਦੋਂ ਮਰਜ਼ੀ ਕੈਸ਼ ਕਰਵਾਇਆ ਜਾ ਸਕਦਾ ਹੈ। ਜਾਣੀ ਹਰ ਪ੍ਰਕਾਰ ਦਾ ਬੰਦਾ ਇਥੇ ਮਿਲ ਜਾਂਦਾ ਸੀ। ਉਂਜ ਇਥੋਂ ਦੇ ਖੁਫੀਆ ਵਿਭਾਗ ਦੇ ਆਦਮੀ ਸਿਵਲ ਵਰਦੀ ਵਿਚ ਤਾਇਨਾਤ ਰਹਿੰਦੇ ਸਨ। ਕਾਲਾ ਧੰਦਾ ਕਰਨ ਵਾਲੇ ਅਕਸਰ ਇਨ੍ਹਾਂ ਤੋਂ ਸਾਵਧਾਨ ਰਹਿੰਦੇ ਸਨ।

ਇਨ੍ਹਾਂ ਦਿਨਾਂ ਵਿਚ ਯੋਗੋਸਲਾਵੀਆ ਵਿਚ ਇੰਟਰ ਹੋਣ ਲਈ ਭਾਰਤੀ ਪਾਸਪੋਰਟ ਲਈ ਵੀਜ਼ੇ ਦੀ ਲੋੜ ਨਹੀਂ ਸੀ। ਇਸ ਕਾਰਨ ਜਰਮਨ, ਇੰਗਲੈਂਡ, ਸਕੰਡੇਨੇਵੀਅਨ ਦੇਸ਼ਾਂ ਤੋਂ ਡਿਪੋਰਟ ਹੋਏ ਭਾਰਤੀ ਆਮ ਹੀ ਇਸ ਸਟੇਸ਼ਨ ਉਪਰ ਦੇਖੇ ਜਾ ਸਕਦੇ ਸਨ। ਫੇਰ ਦੁਬਾਰਾ ਯੂਰਪ ਦੇ ਚੰਗੇ ਦੇਸ਼ ਵਿਚ ਇੰਟਰ ਹੋਣ ਦੇ ਚੋਰ ਦਰਵਾਜ਼ਿਆਂ ਦਾ ਵੀ ਇਥੋਂ ਹੀ ਪਤਾ ਚਲਦਾ ਸੀ। ਜੇ ਗਰੀਸ ਨੇ ਆਪਣੇ ਬੰਦਿਆਂ ਨੂੰ ਵੀਜ਼ਾ ਦੇਣਾ ਬੰਦ ਕਰ ਦਿੱਤਾ ਤਾਂ ਆਪਣੇ ਲੋਕਾਂ ਨੇ ਏਜੰਟਾਂ ਦੀ ਮੱਦਦ ਨਾਲ ਟਰਕੀ ਅਤੇ ਯੋਗੋਸਲਾਵੀਆ ਦੀਆਂ ਸਰਹੱਦਾਂ ਨੂੰ ਰਾਤੋ ਰਾਤ ਪਾਰ ਕਰਕੇ ਇੰਟਰ ਹੋਣ ਦਾ ਦੂਜਾ ਦਰਵਾਜ਼ਾ ਖੋਹਲ ਲਿਆ। ਇੰਜ ਗਰੀਸ ਪਹੁੰਚਦਿਆਂ ਹੀ ਇੰਟਰੀ ਦੀਆਂ ਜਾਹਲੀ ਮੋਹਰਾਂ ਪਾਸਪੋਰਟ ਉਪਰ ਲਗ ਜਾਂਦੀਆਂ ਸਨ। ਇਹ ਕੰਮ ਏਨੀ ਸਫਾਈ ਨਾਲ ਕੀਤਾ ਜਾਂਦਾ ਸੀ ਕਿ ਰਤਾ ਵੀ ਸ਼ੱਕ ਦੀ ਗੁੰਜਾਇਸ਼ ਨਾ ਰਹਿੰਦੀ।

ਫਲੈਟ ਮਿਲਣ ਪਿੱਛੋਂ ਅਸੀਂ ਹਰ ਰੋਜ਼ ਇਕ ਗੇੜਾ ਸਟੇਸ਼ਨ ਤੇ ਮਾਰਦੇ, ਉਸ ਤੋਂ ਪਿੱਛੋਂ ਏਧਰ ਓਧਰ ਪਾਰਕ ਬਗੈਰਾ 'ਚ ਘੁੰਮ ਛੱਡਦੇ। ਇਕ ਦਿਨ ਅਸੀਂ ਆਪਣੇ ਸਫਾਰਤਖਾਨੇ ਨੂੰ ਚਲੇ ਗਏ। ਉਨ੍ਹੀਂ ਦਿਨੀਂ ਭਾਰਤੀ ਪਾਸਪੋਰਟ ਉਪਰ ਕੈਨੈਡਾ ਦਾ ਨਾਂ ਨਹੀਂ ਸੀ ਹੁੰਦਾ। ਅਸੀਂ ਸੋਚਿਆ ਕਿ ਵਿਹਲੇ ਹਾਂ, ਚਲੋ ਕੈਨੈਡਾ ਦਾ ਨਾਂ ਹੀ ਪਾਸਪੋਰਟ ਉਪਰ ਲਿਖਵਾ ਲਈਏ। ਜੇ ਗਰੀਸ ਦਾ ਕੰਮ ਨਾ ਬਣਿਆਂ ਤਾਂ ਕੈਨੈਡਾ ਹੀ ਜਾਣ ਦਾ ਪ੍ਰੋਗਰਾਮ ਬਣਾ ਲਵਾਂਗੇ। ਇਸ ਮਕਸਦ ਲਈ ਅਸੀਂ ਭਾਰਤੀ

ਕੌਂਸਲਰ ਦੇ ਫਸਟ ਸੈਕਟਰੀ ਨੂੰ ਮਿਲੇ। ਉਸ ਨੇ ਪਹਿਲੀ ਸ਼ਰਤ ਇਹੋ ਰੱਖੀ ਕਿ ਤੁਹਾਡੇ ਕੱਲੇ ਕੱਲੇ ਕੋਲ ਤਿੰਨ ਤਿੰਨ ਹਜ਼ਾਰ ਡਾਲਰ ਹੋਣਾ ਚਾਹੀਦਾ ਹੈ। ਅਸੀਂ ਕਿਹਾ ਕਿ ਅਸੀਂ ਕੱਲਾ ਕੱਲ ਪੰਜ ਪੰਜ ਹਜ਼ਾਰ ਡਾਲਰ ਦਿਖਾ ਸਕਦੇ ਹਾਂ। ਉਹ ਇਕ ਦਮ ਚੌਂਕਿਆ, ਮੱਥੇ ਨੂੰ ਸੰਗੜਦਾ ਹੋਇਆ ਆਖਣ ਲਗਿਆ, "ਤੁਹਾਡੇ ਕੋਲ ਕੈਨੈਡਾ ਤੋਂ ਆਈ ਰਾਹਦਾਰੀ ਵੀ ਹੋਣੀ ਚਾਹੀਦੀ ਆ।" ਉਹ ਗੱਲਾਂ ਗੱਲਾਂ ਵਿਚ ਪੈਸੇ ਬਟੋਰਨ ਲਈ ਲਾਲ੍ਹਾਂ ਸੁੱਟ ਰਿਹਾ ਸੀ। ਅਖੀਰ ਵਿਚ ਉਸ ਨੇ ਕਿਹਾ ਕਿ ਪਰਸੋਂ ਆਉਣਾ, ਮੈਂ ਕੌਂਸਲਰ ਨਾਲ ਕੈਨੈਡਾ ਦੇ ਇੰਡਿਉਸਮੈਂਟ ਬਾਰੇ ਗੱਲਬਾਤ ਕਰ ਛੱਡਾਂਗਾ। ਇਹ ਇਕ ਕਿਸਮ ਦਾ ਲਾਰਾ ਹੀ ਸੀ। ਮੈਨੂੰ ਪਤਾ ਸੀ ਕਿ ਰਿਸ਼ਵਤ ਬਿਨਾਂ ਕੰਮ ਨਹੀਂ ਹੋਣਾ। ਰਿਸ਼ਵਤ ਮੈਂ ਦੇਣੀ ਨਹੀਂ ਸੀ ਚਾਹੁੰਦਾ। ਅਸੀਂ ਮੁੜਕੇ ਓਧਰ ਨਹੀਂ ਗਏ। ਉਂਜ ਜਦ ਆਪਣੇ ਸਫਾਰਤਖਾਨੇ ਆਪਣੇ ਲੋਕਾਂ ਨਾਲ ਇਸ ਤਰ੍ਹਾਂ ਦਾ ਵਿਹਾਰ ਕਰਦੇ ਹਨ ਤਾਂ ਆਪਣੇ ਸਫਾਰਤਖਾਨੇ ਫੇਰ ਆਪਣੇ ਨਜ਼ਰ ਨਹੀਂ ਆਉਂਦੇ। ਇਨ੍ਹਾਂ ਵਿਚ ਕੰਮ ਕਰਦੇ ਲੋਕ ਵੀ ਆਪਣੇ ਨਹੀਂ ਲਗਦੇ।

ਇਥੇ ਮੈਨੂੰ ਸਤੰਬਰ 1984 ਦੀ ਇਕ ਘਟਨਾ ਯਾਦ ਆ ਰਹੀ ਹੈ। ਮੈਂ ਅਤੇ ਮੇਰੀ ਪਤਨੀ ਨੇ ਅਚਾਨਕ ਇੰਡੀਆ ਜਾਣ ਦਾ ਪ੍ਰੋਗਰਾਮ ਬਣਾ ਲਿਆ। ਉਦੋਂ ਮੇਰੇ ਪਾਸਪੋਰਟ ਦੀ ਮਿਆਦ ਖਤਮ ਹੋ ਰਹੀ ਸੀ। ਨਵੇਂ ਪਾਸਪੋਰਟ ਲਈ ਮੈਂ ਲੰਡਨ ਦੇ ਭਾਰਤੀ ਸਫਾਰਤਖਾਨੇ ਚਲੇ ਗਿਆ। ਪੁੱਛਪੁਛਾ ਕੇ ਫਾਰਮ ਭਰਿਆ ਤੇ ਫੇਰ ਆਪਣੀ ਕਤਾਰ ਵਿਚ ਖੜ ਗਿਆ। ਮੇਰੇ ਤੋਂ ਅਗੇ ਇਕ ਆਦਮੀ ਨੇ ਵੀ ਨਵਾਂ ਪਾਸਪੋਰਟ ਲੈਣਾ ਸੀ। ਜਦੋਂ ਉਸ ਦੀ ਵਾਰੀ ਆਈ ਤਾਂ ਉਹ ਗੱਲਾਂ ਗੱਲਾਂ ਵਿਚ ਖਿੜਕੀ ਤੇ ਮੌਜੂਦ ਇਕ ਕਰਮਚਾਰੀ ਨੂੰ ਬੜੇ ਫਖਰ ਨਾਲ ਕਹਿਣ ਲੱਗਾ, "ਦੇਖੋ ਜੀ, ਮੈਨੂੰ ਇਥੇ ਵੀਹ ਸਾਲ ਰਹਿੰਦਿਆਂ ਨੂੰ ਹੋ ਗਏ, ਮੈਂ ਹਾਲੇ ਵੀ ਭਾਰਤੀ ਕੌਮੀਅਤ ਰੱਖੀ ਹੋਈ ਹੈ।" ਮੈਂ ਦੇਖਿਆ ਕਿ ਖਿੜਕੀ ਤੇ ਖੜੇ ਕਰਮਚਾਰੀ ਨੇ ਕੋਈ ਖਾਸ ਪ੍ਰਤੀਕਰਮ ਨਹੀਂ ਵਿਖਾਇਆ, ਨਾ ਹੁੰਗਾਰਾ, ਨਾ ਮੁਸਕਾਨ। ਸਗੋਂ ਅਖੀਰ ਤੇ ਆਖਣ ਲੱਗਾ ਕਿ ਸਾਨੂੰ ਕੀ, ਜੇ ਬਦਲਣਾ ਚਾਹੁੰਨਾ ਤਾਂ ਬਦਲ ਲੈ। ਮੈਨੂੰ ਉਸ ਦਾ ਵਰਤਾਓ ਬੜਾ ਰੁੱਖਾ ਲਗਾ। ਇੰਜ ਲੱਗਾ ਜਿਵੇਂ ਉਸ ਆਪਣੀ ਕੌਮੀਅਤ ਤੇ ਥੁੱਕ ਰਿਹਾ ਹੋਵੇ। ਮੈਂ ਦਾਹਵੇ ਨਾਲ ਕਹਿੰਨਾ ਕਿ ਕਿਸੇ ਵੀ ਸਭਿਅਕ ਦੇਸ਼ ਦਾ ਜ਼ਿੰਮੇਦਾਰ ਕਰਮਚਾਰੀ ਆਪਣੇ ਸ਼ਹਿਰੀ ਨੂੰ ਇਸ ਤਰ੍ਹਾਂ ਮੁਖਾਤਿਬ ਨਹੀਂ ਹੋ ਸਕਦਾ, ਸਗੋਂ ਸਾਬਾਸ਼ ਦੇਵੇਗਾ। ਉਸ ਦੀ ਪ੍ਰਸੰਸਾ ਕਰੇਗਾ। ਆਪਣਾ ਕੌਮੀਅਤ ਅਹਿਸਾਸ ਉਸ ਨਾਲ ਸਾਂਝਾ ਕਰੇਗਾ। ਖੈਰ, ਪਤਾ ਨਹੀਂ ਸਾਡੇ ਵੀ ਦੇਸ਼ ਦੇ ਰਾਜ ਪ੍ਰਸ਼ਾਸਨ ਵਿਚ ਕਦੀ ਸਭਿਅਤ ਸਾਂਝ ਆਵੇਗੀ ਜਾਂ ਨਹੀਂ ਜਾਂ ਕਿ ਇੰਜ ਹੀ ਆਪਣੇ ਸੱਚੇ ਦੇਸ਼ ਭਗਤਾਂ ਨੂੰ ਅਣਗੌਲਦੇ ਰਹਿਣਗੇ।

ਉਂਜ ਬੈੱਲਗਰੇਡ ਸ਼ੁਰੂ ਤੋਂ ਹੀ ਬਾਹਰੀ ਹਮਲਿਆਂ ਦਾ ਸ਼ਿਕਾਰ ਰਿਹਾ ਹੈ। ਇਹ ਵਾਰ ਵਾਰ ਢਹਿੰਦਾ, ਵਾਰ ਵਾਰ ਉਸਰਦਾ ਰਿਹਾ ਹੈ। 1941 ਵਿਚ ਤਾਂ ਜਰਮਨਾਂ ਨੇ ਬੰਬਾਂ ਨਾਲ ਬੁਰੀ ਤਰ੍ਹਾਂ ਤਬਾਹ ਕੀਤਾ ਸੀ। ਇਸ ਦੀ ਜਨਤਾ ਵੀ ਕਈ ਕੌਮਾਂ ਦਾ ਮਿਸ਼ਰਣ ਹੈ। ਜਾਣੀ ਕਿ ਹੰਗੇਰੀਅਨ, ਅਸਟਰੀਅਨ, ਟਰਕਸ ਆਦਿ ਸਮੇਂ ਦੇ ਉਤਰਾ-ਚੜ੍ਹਾਅ ਨਾਲ ਸਦਾ ਏਧਰ ਓਧਰ ਤਬਦੀਲ ਹੁੰਦੇ ਰਹੇ ਹਨ।

ਬੈੱਲਗਰੇਡ ਵਿਚ ਸਭ ਤੋਂ ਚੰਗੀ ਜਗ੍ਹਾ ਵੇਖਣਯੋਗ ਕੈਲੇਮੈਗਡਨ ਕਿਲ੍ਹਾ ਸੀ ਜਿਸ ਨੂੰ ਕਿ ਹੁਣ ਵੱਡਾ ਪਾਰਕ ਬਣਾ ਦਿੱਤਾ ਗਿਆ ਸੀ। ਸ਼ਹਿਰ ਦੇ ਸ਼ੋਰ ਸ਼ਰਾਬੇ ਅਤੇ ਧੂੰਏਂ ਤੋਂ ਬਚਣ ਲਈ ਕੁਝ ਪਲ ਸਵੱਛ ਸਾਹਵਾਂ ਲਈ ਕੁਝ ਲੋਕ ਇਸ ਪਾਰਕ ਦੇ ਬੈਂਚਾਂ ਉਪਰ ਬੈਠੇ ਵਿਖਾਈ ਦੇ ਰਹੇ ਸਨ। ਇਸ ਪਾਰਕ ਵਿਚ ਕਈ ਯਾਦਗਾਰੀ ਬੁੱਤ ਲਗੇ ਨਜ਼ਰ ਆ ਰਹੇ ਸਨ ਜੋ ਕਿ ਕਲਾ ਦਾ ਇਕ ਚੰਗਾ ਨਮੂਨਾ ਸਨ।

**ਦੇਖੋ ਬਾਕੀ ਪੰਨਾ ਨੰ : 26 'ਤੇ**



# ਸੁਰੰਗ ਵਿਚ ਫਸਿਆ ਬੰਦਾ/ਹਰਜੀਤ ਅਟਵਾਲ

ਮੈਨੂੰ ਅਕਸਰ ਮਹਿਸੂਸ ਹੁੰਦਾ ਰਹਿੰਦਾ ਹੈ ਕਿ ਜਿਵੇਂ ਮੈਂ ਕਿਸੇ ਸੁਰੰਗ ਵਿਚ ਫਸਿਆ ਹੋਇਆ ਹੋਵਾਂ; ਆਰਥਿਕ, ਭਾਵੁਕ, ਸਮਾਜਕ, ਸਰੀਰਕ ਮੁਸ਼ਕਲਾਂ ਦੀ ਬਣੀ ਸੁਰੰਗ। ਤੇ ਇਸ ਸੁਰੰਗ ਵਿਚੋਂ ਨਿਕਲਣ ਲਈ ਮੇਰੇ ਕੋਲ ਕੋਈ ਰਾਹ ਨਹੀਂ, ਬੱਸ ਸਿੱਧੇ ਤੁਰੇ ਜਾਣਾ ਹੀ ਹੱਲ ਹੈ। ਹਾਂ, ਕਦੇ ਕਦੇ ਦੂਰ ਕਿਧਰੇ ਲੋਅ ਦਿਸਣ ਲਗਦੀ ਹੈ ਜਿਥੇ ਕਿਤੇ ਸੁਰੰਗ ਖਤਮ ਹੁੰਦੀ ਹੋਵੇਗੀ ਪਰ ਪਰਸੋਂ ਵੀ ਇਹ ਲੋਅ ਓਨੀ ਹੀ ਦੂਰ ਸੀ, ਕਲ੍ਹ ਵੀ ਸੀ ਤੇ ਅੱਜ ਵੀ ਹਾਲੇ ਓਨੀ ਹੀ ਹੈ।

ਮੇਰੇ ਸੁਰੰਗ ਵਿਚ ਫਸੇ ਹੋਣ ਤੇ ਕਿਸੇ ਨੂੰ ਵੀ ਹਮਦਰਦੀ ਨਹੀਂ, ਕਿਸੇ ਨੇ ਮੱਦਦ ਤਾਂ ਕੀ ਕਰਨੀ ਹੈ। ਸਗੋਂ ਮੇਰੇ ਰਿਸ਼ਤੇਦਾਰ ਤੇ ਦੋਸਤ ਹਿਰਖ ਕਰਨ ਲਗਦੇ ਹਨ ਕਿ ਮੈਂ ਉਹਨਾਂ ਦੀ ਮੱਦਦ ਕਿਉਂ ਨਹੀਂ ਕਰ ਰਿਹਾ। ਇੰਗਲੈਂਡ ਆ ਵਸਣ ਦੇ ਦੂਜੇ ਅਰਥ ਮੱਦਦਗਾਰ ਵਜੋਂ ਹੀ ਲਏ ਜਾਂਦੇ ਹਨ।

ਇਸ ਸੁਰੰਗ ਵਿਚ ਜਿਵੇਂ ਮੇਰੀ ਉਮਰ ਨਿਕਲ ਗਈ ਹੋਵੇ। ਜੇ ਮੈਂ ਸਾਰੀ ਉਮਰ ਦੀ ਗੱਲ ਕਰਨ ਲਗ ਪਿਆ ਤਾਂ ਬਹੁਤ ਲੰਮੀ ਹੋ ਜਾਵੇਗੀ ਇਸ ਲਈ ਮੈਂ ਪੰਜ ਸਾਲ ਚੁਣਦਾ ਹਾਂ 1990-95। ਇਹ ਉਹ ਪੰਜ ਸਾਲ ਹਨ ਜਿਹਨਾਂ ਬਾਰੇ ਮੈਂ ਸਹਿਜ ਨਾਲ ਗੱਲ ਕਰ ਸਕਦਾ ਹਾਂ ਤੇ ਸੁਣਨ ਵਾਲੇ ਨੂੰ ਵੀ ਹਜ਼ਮ ਹੋ ਸਕੇ। ਇਹ ਉਹ ਵਕਤ ਹੈ ਜਦੋਂ ਮੇਰੀਆਂ ਕਹਾਣੀਆਂ ਦੀਆਂ ਤਿੰਨ ਕਿਤਾਬਾਂ ਛਪ ਚੁੱਕੀਆਂ ਹਨ। ਮੈਂ ਖਾਰ ਖਾਣ ਜੋਗਾ ਲੇਖਕ ਬਣ ਚੁੱਕਾ ਹਾਂ। ਇੰਗਲੈਂਡ ਦੀਆਂ ਸਾਹਿਤਕ ਮਹਿਫਲਾਂ ਵਿਚ ਮੇਰੀ ਹਾਜ਼ਰੀ ਜ਼ਰੂਰੀ ਸਮਝੀ ਜਾਣ ਲਗੀ ਹੈ। ਮੇਰੀਆਂ ਛੋਟੀਆਂ ਛੋਟੀਆਂ ਦੋ ਬੱਚੀਆਂ ਹਨ। ਉੱਤਰੀ ਲੰਡਨ ਵਿਚ ਮੇਰੀ ਸ਼ਰਾਬ ਦੀ ਦੁਕਾਨ ਹੈ। ਮੈਂ ਦੋ ਨਸ਼ਿਆਂ ਦਾ ਆਦੀ ਹੋ ਚੁੱਕਾ ਹਾਂ; ਇਕ ਸ਼ਰਾਬ ਦਾ ਤੇ ਦੂਜਾ ਸਾਹਿਤ ਦਾ। ਸ਼ਰਾਬ ਤੇ ਹਾਲੇ ਮੇਰਾ ਕੰਟਰੋਲ ਹੈ ਪਰ ਸਾਹਿਤ 'ਤੇ ਨਹੀਂ ਹੈ। ਵੈਸੇ ਵੀ ਸਾਹਿਤ ਦਾ ਨਸ਼ਾ ਜ਼ਿਆਦਾ ਸਕੂਨ ਦੇਣ ਲਗਿਆ ਹੈ।

ਹਾਲੇ ਮੇਰੀ ਕਹਾਣੀਆਂ ਦੀ ਚੌਥੀ ਜਾਂ ਇਸ ਤੋਂ ਅਗਲੇਰੀਆਂ ਕਹਾਣੀਆਂ ਦੀਆਂ ਪੁਸਤਕਾਂ ਛਪਣੀਆਂ ਹਨ, ਨਾਵਲਕਾਰ ਵੀ ਹਾਲੇ ਮੈਂ ਬਣਨਾ ਹੈ। ਜਿੰਦਰ ਨੂੰ ਵੀ 'ਸ਼ਬਦ' ਰਾਹੀਂ ਆਪਣੀਆਂ ਮੁਸ਼ਕਲਾਂ ਵਿਚ ਹਾਲੇ ਲਪੇਟਣਾ ਹੈ।

ਦੁਕਾਨ ਵਿਚ ਮੈਂ ਚੌਦਾਂ ਘੰਟੇ ਰੋਜ਼ ਕੰਮ ਕਰਦਾ ਹਾਂ ਪਰ ਆਮਦਨ ਕੁਝ ਨਹੀਂ। ਜਿਵੇਂ ਕਹਿੰਦੇ ਨੇ ਕਿ ਨਾ ਤਿੰਨ ਕਾਣੇ ਨਾ ਪੌਂ ਬਾਰਾਂ। ਐਵੇਂ ਸਾਵੀਂ ਜਿਹੀ ਆਮਦਨ ਹੈ। ਨਾ ਕਿਸੇ ਦਾ ਕੁਝ ਦੇਣਾ ਹੈ ਤੇ ਨਾ ਕਿਸੇ ਤੋਂ ਕੁਝ ਲੈਣਾ ਹੈ। ਵੈਸੇ ਮੈਨੂੰ ਇਹ ਬੁਰਾ ਨਹੀਂ ਲਗ ਰਿਹਾ। ਮੇਰਾ ਇਕ ਕਿਸਮ ਦਾ ਅੱਡਾ ਬਣਿਆ ਹੋਇਆ ਹੈ। ਦੂਰੋਂ ਤੁਰੇ ਦੋਸਤ ਹੁੰਮ-ਹੁੰਮਾ ਕੇ ਇਥੇ ਪਹੁੰਚ ਜਾਂਦੇ ਹਨ। ਮੇਰੇ ਲਈ ਇਹੋ ਹੀ ਬਹੁਤ ਵੱਡੀ ਗੱਲ ਹੈ। ਮੇਰੇ ਦੁਕਾਨਦਾਰੀ ਕਰਨ ਵਿਚ ਕਈ ਨੁਕਸ ਹਨ। ਪਹਿਲਾ ਇਹ ਕਿ ਮੇਰਾ ਪਿਛੋਕੜ ਇਸ ਧੰਦੇ ਵਾਲਾ ਨਹੀਂ ਹੈ। ਮੇਰਾ ਗੁਆਂਢੀ ਅਸ਼ੋਕ ਪਟੇਲ ਪੁੱਛਦਾ ਹੈ ਕਿ ਭਈਆ ਬਿਜ਼ਨਸ ਦੇ ਬੈਂਕ ਤੇ ਕਿੰਨੇ ਪਰਸੈਂਟ ਰਖਿਆ ਹੋਇਆ ਹੈ। ਕਿਉਂਕਿ ਗੁਜਰਾਤੀ ਕੋਲ ਡੇਢ ਲੱਖ ਪੌਂਡ ਹੋਵੇ ਤਾਂ ਉਹ ਇਕ ਲੱਖ ਦਾ ਕਾਰੋਬਾਰ ਹੀ ਕਰੇਗਾ ਕਿਉਂਕਿ ਆਉਣ ਵਾਲੀ ਔਖੀ ਘੜੀ ਲਈ ਤਿਆਰ ਜਿਉਂ ਰਹਿਣਾ ਹੋਇਆ ਪਰ ਮੈਂ ਤਾਂ ਆਪਣੀ ਹਿੰਮਤ ਤੋਂ ਵਧ ਪੈਸੇ ਖਰਚੇ ਹੋਏ ਹਨ, ਐਮਰਜੈਂਸੀ ਲਈ ਪੱਲੇ ਕੁਝ ਵੀ ਨਹੀਂ। ਦੂਜਾ ਨੁਕਸ ਕਿ ਮੈਂ ਆਪ ਸ਼ਰਾਬ ਪੀਣ ਦਾ ਸ਼ੌਕੀਨ ਹਾਂ। ਦੋਸਤ ਕਹਿੰਦੇ ਹਨ ਕਿ ਸ਼ੇਰ ਨੇ ਮੀਟ ਦੀ ਦੁਕਾਨ ਪਾ ਲਈ ਹੈ। ਤੀਜਾ ਨੁਕਸ ਕਿ ਮੇਰਾ ਹੱਥ ਬਹੁਤ ਖੁੱਲ੍ਹਾ ਹੈ, ਦੁਕਾਨਦਾਰਾਂ ਵਾਂਗ ਪੈਨੀ ਪੈਨੀ ਦਾ ਹਿਸਾਬ ਨਹੀਂ ਕਰਨਾ ਆਉਂਦਾ ਮੈਨੂੰ। ਇਕ ਨੁਕਸ ਹੈ ਸਾਹਿਤ ਲਿਖਣ ਦਾ। ਇਸ ਵਿਚ ਮੇਰਾ ਬਹੁਤ ਵਕਤ ਖਰਚ ਹੋ ਰਿਹਾ ਹੈ। ਮੈਂ ਕੋਈ ਵੀ

ਸਾਹਿਤਕ ਮੀਟਿੰਗ ਨਹੀਂ ਖੁੰਝਣ ਦਿੰਦਾ, ਕਿਸੇ ਵੀ ਆਏ ਸਾਹਿਤਕ ਮਿੱਤਰ ਨੂੰ ਜ਼ਰੂਰ ਮਿਲਦਾ ਹਾਂ, ਕਿੰਨਾ ਵੀ ਨੁਕਸਾਨ ਕਿਉਂ ਨਾ ਹੋਵੇ। ਜਦੋਂ ਮੈਂ ਦੁਕਾਨ ਤੋਂ ਬਾਹਰ ਹੁੰਦਾ ਹਾਂ ਤਾਂ ਕਿਸੇ ਹੋਰ ਨੂੰ ਖੜਾ ਕਰਨਾ ਪੈਂਦਾ ਹੈ ਜੋ ਕਿ ਦੁਕਾਨ ਲਈ ਸਿਹਤਵੰਦ ਗੱਲ ਨਹੀਂ ਹੈ।

ਮੇਰੀ ਸਾਹਿਤਕ ਮਲੰਗੀ ਦੇਖ ਕੇ ਮੇਰੇ ਰਿਸ਼ਤੇਦਾਰ ਮੇਰੇ ਨਾਲ ਔਖੇ ਹਨ। ਮੇਰਾ ਛੋਟਾ ਭਰਾ ਕੁਕੂ ਜੋ ਵੈਸੇ ਤੇ ਮੇਰੇ ਮੂਹਰੇ ਨਹੀਂ ਬੋਲਦਾ ਪਰ ਦੋ ਹਾੜ੍ਹਿਆਂ ਬਾਅਦ ਸਲਾਹ ਦੇਣ ਲਗਦਾ ਹੈ ਕਿ ਜੇ ਸਾਹਿਤ ਦਾ ਏਨਾ ਹੀ ਸ਼ੌਂਕ ਹੈ ਤਾਂ ਦੁਕਾਨ ਵੇਚ ਕੇ ਕੋਈ ਨੌਕਰੀ ਕਿਉਂ ਨਹੀਂ ਕਰ ਲੈਂਦਾ ਪਰ ਇਹ ਵੀ ਨਹੀਂ ਕਰ ਹੋ ਸਕਣਾ। ਮੇਰਾ ਇਕ ਮਸੇਰ ਭਰਾ ਹੈ ਸੋਖੀ, ਜਿਸ ਨੇ ਜ਼ਿੰਦਗੀ ਵਿਚ ਮੇਰੀ ਬਹੁਤ ਮੱਦਦ ਕੀਤੀ ਹੋਈ ਹੈ, ਹਾਲੇ ਵੀ ਲੋੜ ਪੈਣ ਤੇ ਕੰਧ ਵਾਂਗ ਨਾਲ ਖੜ ਜਾਂਦਾ ਹੈ, ਉਹ ਵੀ ਸਮਝਾਉਂਦਾ ਹੈ ਪਰ ਮੈਨੂੰ ਸਮਝ ਨਹੀਂ ਲਗ ਰਹੀ। ਪਤਨੀ ਵੀ ਕਹਿੰਦੀ ਹੈ ਕਿ ਦੁਕਾਨ ਵੇਚ ਕੇ ਕੋਈ ਨੌਕਰੀ ਕਰ ਲਵਾਂ ਪਰ ਜਿਹੜਾ ਬੰਦਾ ਇਕ ਵਾਰ ਆਪਣੇ ਆਪ ਲਈ ਕੰਮ ਕਰਨ ਲਗ ਜਾਵੇ ਉਹ ਫਿਰ ਕਿਸੇ ਹੋਰ ਲਈ ਕੰਮ ਨਹੀਂ ਕਰ ਸਕਦਾ। ਲਿਖਣਾ ਵੀ ਮੇਰੇ ਤੋਂ ਛੱਡ ਨਹੀਂ ਹੁੰਦਾ। ਇਹ ਦਾ ਨਸ਼ਾ ਮੇਰੇ ਹੱਡਾਂ ਵਿਚ ਧੁਰ ਹੇਠ ਤਕ ਉਤਰ ਚੁੱਕਿਆ ਹੈ।

ਇਕ ਦਿਨ ਮੇਰਾ ਅਕਾਉਂਟੈਂਟ ਵੀ ਇਹੋ ਗੱਲ ਲੈ ਕੇ ਬਹਿ ਜਾਂਦਾ ਹੈ ਕਿ ਮੈਂ ਦੁਕਾਨ ਵੱਲ ਪੂਰਾ ਧਿਆਨ ਕਿਉਂ ਨਹੀਂ ਦੇ ਰਿਹਾ, ਦੁਕਾਨ ਮੁਨਾਫੇ ਵਿਚ ਕਿਉਂ ਨਹੀਂ ਜਾ ਰਹੀ ਜਦ ਕਿ ਇਸ ਨੂੰ ਲਾਭ ਦੇਣਾ ਚਾਹੀਦਾ ਹੈ। ਮੈਂ ਕਸਮ ਖਾ ਲੈਂਦਾ ਹਾਂ ਕਿ ਪੰਜਾਂ ਸਾਲ ਤਕ ਕੁਝ ਨਾ ਪੜ੍ਹਾਂਗਾ ਤੇ ਨਾ ਹੀ ਲਿਖਾਂਗਾ। ਕੰਵੈਂਟਰੀ ਦੀ ਕੋਈ ਲਿਖਾਰੀ ਸਭਾ ਮੇਰਾ ਸਨਮਾਨ ਕਰਨਾ ਚਾਹੁੰਦੀ ਹੈ ਪਰ ਮੈਂ ਨਾਂਹ ਕਰ ਦਿੰਦਾ ਹਾਂ। ਮੈਂ ਨਾ-ਲਿਖਣ ਦੀ ਕਸਮ ਜਿਉਂ ਖਾ ਲਈ ਹੈ। ਹਾਲੇ ਮਹੀਨਾ ਕੁ ਹੀ ਨਿਕਲਦਾ ਹੈ ਕਿ ਤਰਸੇਮ ਪੁਰੇਵਾਲ ਦਾ ਫੋਨ ਆ ਜਾਂਦਾ ਹੈ। ਉਸ ਨੂੰ ਆਪਣੇ ਪਰਚੇ 'ਦੇਸ ਪਰਦੇਸ' ਲਈ ਕਹਾਣੀ ਚਾਹੀਦੀ ਹੈ। ਉਹ ਇੰਨੀ ਵਾਰੀ ਫੋਨ ਕਰਦਾ ਹੈ ਕਿ ਮੈਨੂੰ ਆਪਣੀ ਕਸਮ ਟੁੱਟਦੀ ਨਜ਼ਰ ਆਉਂਦੀ ਹੈ। ਮੈਂ ਬਹੁਤ ਹੀ ਮੁਸ਼ਕਲ ਨਾਲ ਕਹਾਣੀ ਪੂਰੀ ਕਰਦਾ ਹਾਂ। ਮੇਰੇ ਕਹਾਣੀ ਲਿਖਣ ਦੇ ਅੰਦਾਜ਼ ਦੇ ਲਤੀਫੇ ਬਣ ਜਾਂਦੇ ਹਨ। ਕਦੇ ਪਾਈਆ ਲਿਖੀ ਗਈ, ਕਦੇ ਅਧੀਆ ਤੇ ਕਦੇ ਪੌਣੀ, ਬਿਲਕੁਲ ਸ਼ਰਾਬ ਦੀ ਬੋਤਲ ਵਾਂਗ। ਤਰਸੇਮ ਪੁਰੇਵਾਲ ਅਜਿਹਾ ਸੰਪਾਦਕ ਹੈ ਜਿਹੜਾ ਸਾਲ ਵਿਚ ਆਪਣੇ ਪਰਚੇ ਦੇ ਚਾਰ ਵਿਸ਼ੇਸ਼ ਅੰਕ ਕੱਢਦਾ ਹੈ ਤੇ ਮੇਰੇ ਤੋਂ ਸਾਲ ਦੀਆਂ ਚਾਰ ਕਹਾਣੀਆਂ ਧੱਕੇ ਨਾਲ ਲਿਖਵਾ ਲੈਂਦਾ ਹੈ। ਲੱਛਮੀ ਸਰਸਵਤੀ ਮੂਹਰੇ ਹਾਰਨ ਲਗਦੀ ਹੈ। ਮੈਂ ਲਿਖਣਾ ਨਹੀਂ ਛੱਡ ਸਕਦਾ। ਮੇਰੇ ਕੋਲ ਚੌਥੇ ਕਹਾਣੀ ਸੰਗ੍ਰਹਿ 'ਖੂਹ ਵਾਲਾ ਘਰ' ਲਈ ਮਸਾਲਾ ਜੁੜਨ ਲਗਦਾ ਹੈ।

ਇਹ ਟੋਰੀ ਸਰਕਾਰ ਦੇ ਰਾਜ ਦੇ ਦਿਨ ਹਨ, ਦੁਨੀਆਂ ਭਰ ਵਿਚ ਮੰਦਵਾੜਾ ਚਲ ਰਿਹਾ ਹੈ। ਸਾਵੀਂ ਚਲ ਰਹੀ ਦੁਕਾਨ ਵਿਚ ਮੈਂ ਹੋਰ ਅੜਿੱਕੇ ਪਾਉਣੇ ਸ਼ੁਰੂ ਕਰ ਦਿੱਤੇ ਹਨ। ਇਕ ਤਾਂ ਇੰਡੀਆ ਤੋਂ ਭਾਣਜੀ ਸੱਦ ਕੇ ਵਿਆਹ ਕਰਨ ਦਾ ਫੈਸਲਾ ਕਰ ਲੈਂਦਾ ਹਾਂ। ਬੱਸ ਐਵੇਂ ਨਸ਼ੇ ਵਿਚ ਆ ਕੇ ਜਾਂ ਦੋਸਤੀ ਵਿਚ ਵਾਅਦਾ ਕਰ ਬੈਠਦਾ ਹਾਂ। ਮੈਂ ਸੋਖੀ ਨਾਲ ਗੱਲ ਕਰਦਾ ਹਾਂ ਤਾਂ ਉਹ ਸਾਫ ਕਹਿ ਦਿੰਦਾ ਹੈ ਕਿ ਇਸ ਰਿਸ਼ਤੇ ਲਈ ਹਾਲੇ ਠਹਿਰ ਜਾਵਾਂ। ਜਦ ਮੇਰੀ ਜੇਬ੍ਹ ਹੀ ਇਜਾਜ਼ਤ ਨਹੀਂ ਦਿੰਦੀ, ਦੁਕਾਨ ਦੀ ਆਮਦਨ ਸਾਵੀਂ-ਸਿਕੀ ਹੈ ਸੋ ਇਹ ਕੰਮ ਨਾ ਕਰਾਂ ਪਰ ਮੇਰੇ ਤੋਂ ਰੁਕ ਨਹੀਂ ਹੁੰਦਾ। ਮੈਨੂੰ ਪਤਾ ਵੀ ਹੈ ਕਿ ਇਹ ਵਿਆਹ ਮੈਨੂੰ ਦੁਕਾਨ ਵਿਚੋਂ ਬਾਹਰ ਕੱਢ ਦੇਵੇਗਾ ਪਰ ਮੈਂ ਪਿੱਛੇ ਨਾ ਹਟ ਸਕਦਾ। ਕੁਝ ਸ਼ਰਾਬ ਦਾ ਕਸੂਰ ਹੈ ਤੇ ਕੁਝ ਮੈਂ ਆਪਣੇ ਆਪ ਨੂੰ ਟੱਬਰ ਦਾ ਵੱਡਾ ਵਡੇਰਾ ਸਮਝਣ ਦੀ ਗਲਤੀ ਕਰਦਾ ਜਾ ਰਿਹਾ ਹਾਂ। ਮੇਰੀ ਮਾਂ ਇੰਡੀਆ ਤੋਂ ਸੁਨੇਹੇ ਭਿਜਵਾ ਕੇ ਮੈਨੂੰ ਬਥੇਰੀ ਅਕਲ ਦਿੰਦੀ ਹੈ ਪਰ ਮੇਰਾ ਦਿਮਾਗ ਬੰਦ ਹੈ। ਮੇਰੀ ਪਤਨੀ ਵੀ ਸਿੱਧੇ ਅਸਿੱਧੇ ਤਰੀਕੇ ਨਾਲ ਸਮਝਾਉਂਦੀ ਹੈ ਪਰ ਅਸਫਲ। ਫਿਰ ਰਿਸ਼ਤੇ ਦੀ ਗੱਲ ਅਜਿਹੇ ਪੜਾਅ ਤੇ ਪੁੱਜ ਜਾਂਦੀ ਹੈ ਕਿ ਮੈਂ ਪਿੱਛੇ ਨਹੀਂ ਸਾਂ ਮੁੜ



ਸਕਦਾ। ਮੈਂ ਨੁਕਸਾਨ ਵੱਲ ਜਾਣਾ ਹੈ ਸੋ ਤੁਰਦਾ ਜਾਂਦਾ ਹਾਂ। ਵਿਆਹ ਉਪਰ ਦਿਨੋ ਦਿਨ ਖਰਚ ਹੋਣ ਲਗਦਾ ਹੈ। ਕਦੇ ਮੈਂ ਇਸ ਲਈ ਇੰਡੀਆ ਜਾ ਰਿਹਾ ਹਾਂ, ਕਦੇ ਰਿਸ਼ਤੇਦਾਰ ਆ ਰਹੇ, ਕਦੇ ਅਸੀਂ ਰਿਸ਼ਤੇਦਾਰਾਂ ਦੇ ਜਾ ਰਹੇ ਹਾਂ। ਇਹ ਸਾਰਾ ਖਰਚ ਦੁਕਾਨ ਵਿਚੋਂ ਹੋ ਰਿਹਾ ਹੈ। ਨਤੀਜਾ; ਦੁਕਾਨ ਦਾ ਪੂਰਾ ਸਟੌਕ ਨਹੀਂ ਖਰੀਦ ਹੋ ਰਿਹਾ। ਸਟੌਕ ਘਟਣ ਨਾਲ ਸੇਲ ਘਟਣ ਲਗਦੀ ਹੈ ਤੇ ਸੇਲ ਘਟਣ ਨਾਲ ਆਮਦਨ। ਬੈਂਕ ਤੋਂ ਹੋਰ ਕਰਜ਼ਾ ਲੈਂਦਾ ਹਾਂ। ਇੰਨਾ ਕੁ ਕਰਜ਼ਾ ਹੋ ਜਾਂਦਾ ਹੈ ਕਿ ਬੈਂਕ ਵਾਲੇ ਦੁਕਾਨ ਉਪਰ ਹੋਰ ਕਰਜ਼ਾ ਦੇਣ ਤੋਂ ਇਨਕਾਰ ਕਰ ਦਿੰਦੇ ਹਨ। ਇਹਨਾਂ ਦਿਨਾਂ ਵਿਚ ਜਾਇਦਾਦਾਂ ਦੀਆਂ ਕੀਮਤਾਂ ਵੀ ਬਹੁਤ ਘਟ ਗਈਆਂ ਹਨ। ਪੈਸੇ ਵੱਲੋਂ ਹੱਥ ਏਨਾ ਔਖਾ ਹੋ ਜਾਂਦਾ ਹੈ ਕਿ ਦੁਕਾਨ ਦੀ ਇੰਸੋਰੈਂਸ ਕਰਾਉਣ ਜੋਗੇ ਵੀ ਪੈਸੇ ਨਹੀਂ ਹਨ। ਚੈੱਕ ਬਾਊਂਸ ਹੋ ਕੇ ਵਾਪਸ ਆਉਣ ਲਗਦੇ ਹਨ, ਕਾਰੋਬਾਰ ਵਿਚ ਮੇਰਾ ਵਕਾਰ ਖਰਾਬ ਹੋਣ ਲਗਦਾ ਹੈ। ਭਾਣਜੀ ਦਾ ਵਿਆਹ ਹੋ ਜਾਂਦਾ ਹੈ ਪਰ ਮੇਰੇ ਘਰ ਨੂੰ ਦੂਜਾ ਦਰ ਲਗ ਗਿਆ ਹੈ। ਸੋਨੇ ਤੇ ਸੁਹਾਗਾ ਇਹ ਕਿ ਕੁਝ ਹਫਤਿਆਂ ਬਾਅਦ ਹੀ ਮੁੰਡੇ ਵਾਲੇ ਕੁੜੀ ਛੱਡ ਦਿੰਦੇ ਹਨ। ਮਿੰਨਤ-ਤਰਲਾ, ਲੜਾਈ-ਝਗੜਾ ਕੁਝ ਵੀ ਕੰਮ ਨਹੀਂ ਆਉਂਦਾ। ਮੇਰਾ ਸਾਰਾ ਖਰਚਾ ਖੂਹ ਵਿਚ ਪੈ ਜਾਂਦਾ ਹੈ। ਕੁੜੀ ਘਰ ਆ ਬੈਠਦੀ ਹੈ।

ਮੈਂ ਟੈਲੀ ਤੇ ਇਕ ਜਾਦੂਗਰ ਨੂੰ ਦੇਖਦਾ ਹਾਂ ਜੋ ਕਿ ਇਕੋ ਸਮੇਂ ਸੱਤ-ਅੱਠ ਗੇਂਦਾਂ ਨਾਲ ਖੇਡ ਰਿਹਾ ਹੈ। ਦੋ ਗੇਂਦਾਂ ਹੱਥ ਵਿਚ ਬਾਕੀ ਹਵਾ ਵਿਚ। ਸੋ ਮੈਂ ਵੀ ਇਵੇਂ ਹੀ ਖੇਡਣ ਲਗਦਾ ਹਾਂ, ਇਧਰੋਂ ਪੈਸੇ ਫੜ ਓਧਰ ਦੇ ਉਤਾਰੇ, ਓਧਰੋਂ ਫੜ ਕਿਸੇ ਹੋਰ ਪਾਸੇ ਦੇ ਲਾਹੇ। ਇਸ ਦਾ ਫਾਇਦਾ ਇਹ ਹੁੰਦਾ ਹੈ ਕਿ ਹਾਲੇ ਮੇਰੀ ਦੁਕਾਨ ਬੰਦ ਨਹੀਂ ਹੁੰਦੀ, ਨਹੀਂ ਤਾਂ ਕਸਰ ਕੋਈ ਨਹੀਂ ਹੈ। ਬੱਚੇ ਹਾਲੇ ਬਹੁਤ ਛੋਟੇ ਹਨ। ਬਿਲਾਵਲ ਦਾ ਤਾਂ ਹਾਲੇ ਜਨਮ ਵੀ ਨਹੀਂ ਹੋਇਆ ਇਸ ਲਈ ਮੇਰੇ ਖਰਚੇ ਬਹੁਤ ਸੀਮਤ ਹਨ। ਇਹਨਾਂ ਦਿਨਾਂ ਵਿਚ ਮੇਰੀ ਜ਼ਿੰਦਗੀ ਕਿਸੇ ਥੀਮ ਪਾਰਕ ਦੇ ਰੋਲਰ-ਕੌਸਟਰ ਵਰਗੀ ਹੋ ਗਈ ਹੈ ਕਿ ਇਹ ਭੱਜੀ ਹੀ ਜਾ ਰਹੀ ਹੈ। ਕਦੇ ਉਪਰ-ਕਦੇ ਹੇਠ, ਰੁਕਣ ਦਾ ਨਾਂ ਹੀ ਨਹੀਂ ਲੈ ਰਹੀ। ਵਿਆਹ ਵਾਲੇ ਦੁਖਾਂਤ ਤੋਂ ਬਾਅਦ ਮੈਨੂੰ ਮੌਤਾਂ ਘੇਰ ਲੈਂਦੀਆਂ ਹਨ। ਸਭ ਤੋਂ ਪਹਿਲਾਂ ਤਾਰੂ ਤੁਰਦਾ ਹੈ। ਤਾਰੂ ਮੇਰਾ ਦੋਸਤ ਵੀ ਹੈ ਤੇ ਰਿਸ਼ਤੇਦਾਰ ਵੀ। ਸੋਖੀ ਭਾਜੀ ਦਾ ਅਗੇ ਚਚੇਰਾ ਭਰਾ ਹੈ। ਕਈ ਸਾਲਾਂ ਤੋਂ ਸਾਡੇ ਪਰਿਵਾਰ ਦੇ ਜੀਅ ਵਾਂਗ ਹੀ ਰਹਿ ਰਿਹਾ ਹੈ। ਮੈਂ ਉਸ ਨਾਲ ਜਜ਼ਬਾਤੀ ਤੌਰ ਤੇ ਬਹੁਤ ਜੁੜਿਆ ਹੋਇਆ ਹਾਂ। ਉਹ ਸ਼ਰਾਬ ਪੀਣ ਤੋਂ ਨਹੀਂ ਰੁਕਦਾ। ਸ਼ਰਾਬ ਉਸ ਦਾ ਲਿਵਰ ਪਾੜ ਸੁੱਟਦੀ ਹੈ। ਇਹ ਮੇਰੇ ਲਈ ਵੱਡੀ ਸੱਟ ਹੈ। ਬਾਅਦ ਵਿਚ ਮੈਂ ਉਸ ਦੇ ਕਿਰਦਾਰ ਵਿਚੋਂ ਆਪਣੇ ਨਾਵਲ 'ਸਵਾਰੀ' ਦਾ ਕਿਰਦਾਰ 'ਸ਼ਿੰਦਾ' ਘੜਿਆ ਹੈ।

ਤਾਰੂ ਦੀ ਮੌਤ ਦਾ ਫੱਟ ਹਾਲੇ ਅੱਲਾ ਹੀ ਹੈ ਕਿ ਸੋਖੀ ਵੀ ਉਸ ਵਾਲੇ ਰਾਹ ਤੁਰ ਪੈਂਦਾ ਹੈ। ਉਸ ਤੋਂ ਵੀ ਸ਼ਰਾਬ ਛੱਡੀ ਨਹੀਂ ਜਾ ਰਹੀ। ਉਸ ਦਾ ਅੰਤ ਸਾਫ ਦਿਸ ਰਿਹਾ ਹੈ। ਮੈਂ, ਉਸ ਦੀ ਪਤਨੀ ਤੇ ਹੋਰ ਦੋਸਤ ਉਸ ਨਾਲ ਗੱਲ ਕਰਦੇ ਹਾਂ ਪਰ ਸੋਖੀ ਸ਼ਰਾਬ ਨਹੀਂ ਛੱਡਦਾ ਤੇ ਇਕ ਦਿਨ ਉਸ ਦਾ ਵੀ ਦੇਹਾਂਤ ਹੋ ਜਾਂਦਾ ਹੈ। ਸੋਖੀ ਦਾ ਜਾਣਾ ਮੇਰੇ ਲਈ ਸਿਰ ਤੋਂ ਛੱਤ ਚੁੱਕੇ ਜਾਣ ਵਾਂਗ ਹੈ। ਨਾਲੇ ਤਾਂ ਮੇਰੇ ਇਹ ਖਾਸ ਬੰਦੇ ਜਾਂਦੇ ਲਗਦੇ ਹਨ ਤੇ ਨਾਲ ਹੀ ਕਾਰੋਬਾਰ ਵਿਚ ਨੁਕਸਾਨ ਹੋਣ ਲਗਦਾ ਹੈ। ਇਕ ਆਇਰਸ਼ ਦੋਸਤ ਹੈ ਜੋ ਮੇਰੀ ਮੱਦਦ ਕਰ ਰਿਹਾ ਹੈ ਪਰ ਉਹ ਮੇਰੇ ਨਾਲੋਂ ਆਪਣੀ ਮੱਦਦ ਜ਼ਿਆਦਾ ਕਰਦਾ ਹੈ। ਉਸ ਦੇ ਨਾਲ ਹੀ ਇਕ ਪਾਕਿਸਤਾਨੀ ਮੁੰਡਾ ਜੋ ਵਰਕਰ ਹੈ, ਰਲ਼ ਕੇ ਇੱਕੀ ਪਾਈ ਜਾ ਰਹੇ ਹਨ। ਪਤਨੀ ਤੋਂ ਬੱਚੇ ਹੀ ਨਹੀਂ ਸੰਭਾਲੇ ਜਾ ਰਹੇ ਫਿਰ ਸ਼ਰਾਬ ਦੀ ਦੁਕਾਨ ਹੈ, ਔਰਤ ਦੇ ਚਲਾਉਣ ਵਾਲੀ ਨਹੀਂ ਹੈ। ਮੈਂ ਏਨਾ ਹੀ ਉਸ ਮਨਾ ਰਿਹਾ ਹਾਂ ਕਿ ਦੁਕਾਨ ਬੰਦ ਨਹੀਂ ਕਰਨੀ ਪੈ ਰਹੀ। ਹਾਂ, ਘਾਟਾ ਪੈਣ ਵਾਲੀ ਕਸਰ ਨਹੀਂ ਰਹਿੰਦੀ।

ਪਹਿਲਾਂ ਭਾਣਜੀ ਦੇ ਤਲਾਕ ਵਿਚੋਂ ਉਭਰਨ ਲਈ ਤੇ ਇਹਨਾਂ ਮੌਤਾਂ ਵਿਚੋਂ ਨਿਕਲਣ

ਲਈ, ਕਾਰੋਬਾਰ ਵਿਚ ਹੁੰਦੇ ਨੁਕਸਾਨ ਦੇ ਦੁਖ ਨੂੰ ਝੱਲਣ ਲਈ ਮੇਰੇ ਦੋ ਸਹਾਰੇ ਹਨ; ਇਕ ਸ਼ਰਾਬ ਤੇ ਦੂਜਾ ਸਾਹਿਤ। ਦੋ ਖਾਸ ਬੰਦੇ ਸ਼ਰਾਬ ਰਾਹੀਂ ਤੋਰ ਕੇ ਹੁਣ ਮੈਂ ਸ਼ਰਾਬ ਪੀਣ ਤੋਂ ਬਚਣਾ ਚਾਹੁੰਦਾ ਹਾਂ ਪਰ ਸਾਹਿਤ ਤੋਂ ਬਚ ਨਹੀਂ ਹੋ ਰਿਹਾ। ਬਚਣਾ ਕੀ ਸਾਹਿਤ ਤਾਂ ਮੈਨੂੰ ਬਚਾ ਰਿਹਾ ਹੈ। ਮੁਸੀਬਤ ਸਾਹਮਣੇ ਦਿਸ ਰਹੀ ਹੈ ਪਰ ਮੈਂ ਸਾਹਿਤ ਓਹਲੇ ਲੁਕ ਜਾਂਦਾ ਹਾਂ ਜਿਵੇਂ ਕੋਈ ਬੱਚਾ ਕਿਸੇ ਬਲਾ ਤੋਂ ਡਰਦਾ ਛੁਪਦਾ ਹੈ। ਕਦੇ ਕੋਈ ਕਿਤਾਬ ਪੜ੍ਹ ਰਿਹਾ ਹਾਂ, ਕਦੇ ਕੋਈ ਕਹਾਣੀ ਲਿਖ ਰਿਹਾ ਹਾਂ। ਲਿਖਣ ਦੇ ਨਸ਼ੇ ਵਿਚ ਸਾਰੀਆਂ ਮੁਸ਼ਕਲਾਂ ਅੱਖੋਂ ਦੂਰ ਹੋ ਜਾਂਦੀਆਂ ਹਨ। ਦੁਕਾਨ ਦੇ ਗੱਲੇ ਤੇ ਬੈਠ ਕੇ ਕਹਾਣੀਆਂ-ਨਾਵਲ ਲਿਖਣ ਵਾਲਾ ਸ਼ਾਇਦ ਮੈਂ ਪਹਿਲਾ ਲੇਖਕ ਹੋਵਾਂ। ਡਾਕ ਆਉਂਦੀ ਹੈ, ਬੈਂਕ ਦੀ ਧਮਕੀਆਂ ਦਿੰਦੀ ਕੋਈ ਚਿੱਠੀ ਹੁੰਦੀ ਹੈ, ਕਿਸੇ ਕੰਪਨੀ ਨੇ ਪੈਸਿਆਂ ਖਾਤਰ ਕਚਹਿਰੀ ਵਿਚ ਜਾਣ ਦੀ ਚੇਤਾਵਨੀ ਹੁੰਦੀ ਹੈ ਜਾਂ ਕੋਈ ਹੋਰ ਬਿੱਲ ਜਾਂ ਕਿਸ਼ਤ। ਬਹੁਤੀਆਂ ਚਿੱਠੀਆਂ ਤਾਂ ਮੈਂ ਖੋਹਲਦਾ ਵੀ ਨਹੀਂ, ਡਾਕੀਏ ਦੇ ਆਉਣ ਤੋਂ ਪਹਿਲਾਂ ਹੀ ਪੇਪਰ ਪੈੱਨ ਲੈ ਕੇ ਕੁਝ ਨਾ ਕੁਝ ਲਿਖਣ ਡਹਿ ਪੈਂਦਾ ਹਾਂ। ਕੋਈ ਗਾਹਕ ਪੁੱਛਦਾ ਹੈ ਤਾਂ ਕਹਿ ਦਿੰਦਾ ਹਾਂ ਕਿ ਸਮਾਨ ਦੀ ਸੂਚੀ ਤਿਆਰ ਕਰ ਰਿਹਾ ਹਾਂ। ਹਾਂ, ਪਤਨੀ ਬਹੁਤਾ ਉਜਰ ਨਹੀਂ ਕਰਦੀ, ਉਸ ਨੂੰ ਕਾਰੋਬਾਰ ਦੀ ਬਹੁਤੀ ਸਮਝ ਵੀ ਨਹੀਂ। ਬਹੁਤੀ ਸਿਰਦਰਦੀ ਉਹ ਨਹੀਂ ਲੈ ਸਕਦੀ। ਜਦ ਕਚਹਿਰੀ ਦੀਆਂ ਚਿੱਠੀਆਂ ਦਾ ਢੇਰ ਵਧਣ ਲਗਦਾ ਹੈ ਤਾਂ ਮੈਂ ਫੈਸਲਾ ਕਰਦਾ ਹਾਂ ਕਿ ਇਹ ਦੁਕਾਨ ਵੇਚ ਦੇਵਾਂ ਤੇ ਜਿਹੜੇ ਪੈਸੇ ਦੁਕਾਨ ਵਿਚੋਂ ਨਿਕਲਣ ਉਹਨਾਂ ਦਾ ਇਕ ਘਰ ਲੈ ਲਵਾਂ ਤੇ ਗੁਜ਼ਾਰੇ ਲਈ ਕੋਈ ਨੌਕਰੀ ਲੱਭ ਲਵਾਂ। ਇਹੋ ਹੀ ਇਕ ਰਾਹ ਮੇਰੇ ਲਈ ਬਚਦਾ ਹੈ। ਮੈਂ ਦੁਕਾਨ ਸੇਲ ਤੇ ਲਗਾ ਦਿੰਦਾ ਹਾਂ। ਹਫਤਾ ਦੇਖ, ਮਹੀਨਾ ਦੇਖ, ਕਈ ਮਹੀਨੇ ਦੇਖ, ਕੋਈ ਗਾਹਕ ਤਕ ਨਹੀਂ ਆਉਂਦਾ। ਅਸਲ ਵਿਚ ਮੰਦਵਾੜੇ ਦੇ ਦਿਨ ਹਨ। ਬੈਂਕਾਂ ਨੇ ਕਰਜ਼ੇ ਦੇਣੇ ਬੰਦ ਕੀਤੇ ਹੋਏ ਸਨ ਇਸ ਲਈ ਜਾਇਦਾਦਾਂ ਵਿਕ ਨਹੀਂ ਰਹੀਆਂ ਤੇ ਜਿਹੜੀਆਂ ਵਿਕ ਵੀ ਰਹੀਆਂ ਹਨ ਬਹੁਤ ਸਸਤੀਆਂ ਜਾ ਰਹੀਆਂ ਹਨ। ਮੈਂ ਆਪਣੇ ਆਪ ਨੂੰ ਤਸੱਲੀ ਦੇਣ ਲਗਦਾ ਹਾਂ ਕਿ ਜਲਦੀ ਹੀ ਇਹ ਮੰਦਵਾੜਾ ਖਤਮ ਹੋ ਜਾਵੇਗਾ ਤੇ ਜਾਇਦਾਦਾਂ ਦੀਆਂ ਕੀਮਤਾਂ ਵਧ ਜਾਣਗੀਆਂ ਤੇ ਮੈਨੂੰ ਇਹ ਦੁਕਾਨ ਚੰਗੇ ਪੈਸੇ ਦੇ ਜਾਵੇਗੀ, ਮੇਰੇ ਦੁਖ ਦੂਰ ਹੋ ਜਾਣਗੇ, ਭਾਵ; ਸੁਰੰਗ ਦੇ ਅਖੀਰ ਤੇ ਦਿਸਦੀ ਰੋਸ਼ਨੀ।

ਪਰ ਕੁਝ ਵੀ ਨਹੀਂ ਹੁੰਦਾ। ਕੁਝ ਵੀ ਨਹੀਂ ਬਦਲਦਾ। ਨਾ ਮੰਦਵਾੜਾ ਹਟਦਾ ਹੈ, ਨਾ ਦੁਕਾਨ ਵਿਕਦੀ ਹੈ, ਨਾ ਵਿਕਰੀ ਵਧਦੀ ਹੈ ਤੇ ਨਾ ਹੀ ਦੁਕਾਨ ਉਪਰ ਹੋਰ ਕਰਜ਼ਾ ਮਿਲਦਾ ਹੈ ਤਾਂ ਜੋ ਕਾਰੋਬਾਰ ਵਿਚ ਕਿਸੇ ਤਰ੍ਹਾਂ ਵਾਧਾ ਕਰ ਲਵਾਂ। ਸਟੌਕ, ਵਿਕਰੀ ਤੇ ਲਾਭ ਵਾਲੇ ਚਕਰ ਵਿਚ ਫਸਿਆ ਗਰਾਫ ਦਿਨੋ ਦਿਨ ਹੇਠ ਜਾ ਰਿਹਾ ਹੈ।

ਇਹਨਾਂ ਦੁੱਖ ਭਰੇ ਦਿਨਾਂ ਵਿਚ ਇਕ ਬਹੁਤ ਹੀ ਸੁਹਾਵਣੀ ਘਟਨਾ ਘਟਦੀ ਹੈ; ਬਿਲਾਵਲ ਦਾ ਜਨਮ। ਉਸ ਦਾ ਆਉਣਾ ਇਕ ਵਾਰ ਤਾਂ ਮੇਰੇ ਸਾਰੇ ਗਮ ਖਾਰਜ ਕਰ ਦਿੰਦਾ ਹੈ। ਮੈਨੂੰ ਲਗਦਾ ਹੈ ਕਿ ਮੇਰੇ ਦਿਨ ਬਦਲਣ ਵਾਲੇ ਹਨ। ਬਿਲਾਵਲ ਖੁਸ਼ੀਆਂ ਲੈ ਕੇ ਆਉਂਦਾ ਹੈ ਪਰ ਨਾਲ ਹੀ ਢੇਰ ਸਾਰੇ ਖਰਚ ਦਾ ਸਾਧਨ ਵੀ ਬਣਦਾ ਹੈ। ਖੁਸ਼ੀ ਮਨਾਉਣ ਨਾਲ ਕਾਰੋਬਾਰ ਦਾ ਹੋਰ ਵੀ ਅਣਗੌਲਿਆ ਜਾਣਾ ਵੀ ਕੁਦਰਤੀ ਹੈ।

ਇਹਨਾਂ ਦਿਨਾਂ ਵਿਚ ਸੁਰੰਗ ਦੇ ਹਨੇਰੇ ਨੂੰ ਡੂੰਘਾ ਕਰਨ ਲਈ ਇਕ ਗੱਲ ਹੋਰ ਵਾਪਰ ਜਾਂਦੀ ਹੈ। ਉਹ ਇਹ ਕਿ ਦੁਕਾਨ ਦੀ ਜਿਹੜੀ ਇਮਾਰਤ ਹੈ ਇਸ ਵਿਚ ਬਹੁਤ ਵੱਡੀ ਦਰਾੜ ਪੈ ਜਾਂਦੀ ਹੈ, ਦਰਾੜ ਵੀ ਦੁਕਾਨ ਦੇ ਐਨ ਮੱਥੇ ਵਿਚ, ਉਪਰੋਂ ਤੀਜੀ ਮੰਜ਼ਲ ਤੋਂ ਲੈ ਕੇ ਹੇਠਾਂ ਨੀਂਹਾਂ ਤਕ। ਦਰਾੜ ਵੀ ਐਸੀ ਜਿਹੜੀ ਹਰ ਲੰਘਦੇ ਵੜਦੇ ਨੂੰ ਦਿਸਦੀ ਹੈ। ਅਜਿਹੀ ਦਰਾੜ ਕਿ ਇਹ ਇਮਾਰਤ ਕਦੇ ਵੀ ਡਿਗ ਸਕਦੀ ਹੈ, ਇੰਸ਼ੋਅਰੈਂਸ ਮੈਂ ਕਰਾਈ ਨਹੀਂ ਹੋਈ, ਇੰਸ਼ੋਅਰੈਂਸ ਕਰਾਉਣ



ਜੋਗੇ ਪੈਸੇ ਹੀ ਨਹੀਂ ਹਨ, ਮਤਲਬ; ਇਸ ਇਮਾਰਤ ਦੀ ਜਿਹੜੀ ਵੀ ਕੀਮਤ ਹੈ ਹੁਣ ਉਹ ਵੀ ਨਹੀਂ ਮਿਲਣ ਲਗੀ। ਇਹ ਵੀ ਹੋ ਸਕਦਾ ਹੈ ਕਿ ਮੈਂ ਬੱਚੇ ਲੈ ਕੇ ਅੰਦਰ ਸੁੱਤਾ ਪਿਆ ਹੋਵਾਂ ਤੇ ਇਹ ਇਮਾਰਤ ਡਿਗ ਪਵੇ। ਇਹ ਵੀ ਸੰਭਵ ਹੈ ਕਿ ਜੇਕਰ ਇਸ ਦਰਾੜ ਉਪਰ ਕੌਂਸਲ ਦੀ ਨਜ਼ਰ ਇਹ ਪੈ ਜਾਵੇ ਤਾਂ ਇਸ ਇਮਾਰਤ ਨੂੰ ਢਾਹੁਣ ਦਾ ਹੁਕਮ ਚਾੜ੍ਹ ਦੇਵੇ ਤੇ ਨਾਲ ਹੀ ਮੇਰੀ ਦੁਕਾਨ ਬੰਦ ਕਰਾ ਦੇਵੇ। ਫਿਰ ਨਾ ਮੇਰੇ ਕੋਲ ਬੱਚੇ ਲੈ ਕੇ ਜਾਣ ਲਈ ਜਗਾਹ ਹੋਵੇ ਤੇ ਨਾ ਹੀ ਜੇਬ ਵਿਚ ਕੋਈ ਪੈਸਾ। ਇਸ ਮਸਲੇ ਨੂੰ ਸਾਂਭਣ ਦੇ ਕਈ ਗੈਰਕਾਨੂੰਨੀ ਤਰੀਕੇ ਹਨ ਜੋ ਕਿ ਦੋਸਤ ਆ ਕੇ ਸੁਝਾਉਂਦੇ ਰਹਿੰਦੇ ਹਨ ਜਿਹਨਾਂ ਨਾਲ ਹਾਲੇ ਵੀ ਇੰਸ਼ੋਅਰੈਂਸ ਕਰਾਈ ਜਾ ਸਕਦੀ ਹੈ ਤੇ ਕਲੇਮ ਭਰਿਆ ਜਾ ਸਕਦਾ ਹੈ ਪਰ ਮੈਂ ਅਜਿਹੇ ਕੰਮ ਕਰ ਨਹੀਂ ਸਕਦਾ, ਇਹ ਮੇਰੇ ਵੱਸ ਦਾ ਕੰਮ ਨਹੀਂ ਹੈ। ਮੈਂ ਬਿਲਡਿੰਗ ਵਿਚ ਆਈ ਇਸ ਦਰਾੜ ਤੇ ਕਹਾਣੀ ਤਾਂ ਲਿਖ ਸਕਦਾ ਹਾਂ ਪਰ ਝੂਠ ਬੋਲ ਕੇ ਇਸ ਦੀ ਇੰਸ਼ੋਅਰੈਂਸ ਨਹੀਂ ਕਰਾ ਸਕਦਾ। ਇਹਨਾਂ ਦਿਨਾਂ ਵਿਚ ਮੈਂ ਕਈ ਕਹਾਣੀਆਂ ਲਿਖੀਆਂ ਹਨ। ਕਹਾਣੀਆਂ ਦੀ ਚੌਥੀ ਕਿਤਾਬ 'ਖੂਹ ਵਾਲਾ ਘਰ' ਤਿਆਰ ਹੈ। ਉਸ ਤੋਂ ਅਗਲੀ ਕਿਤਾਬ 'ਇਕ ਸੱਚ ਮੇਰਾ ਵੀ' ਲਈ ਵੀ ਕੁਝ ਕਹਾਣੀਆਂ ਲਿਖ ਹੋ ਜਾਂਦੀਆਂ ਹਨ। ਕੁਝ ਵੀ ਹੈ ਪਰ ਮੈਂ ਹਾਲੇ ਵੀ ਸੁਰੰਗ ਵਿਚ ਹਾਂ, ਲੋਅ ਬਹੁਤ ਦੂਰ ਕਿਧਰੇ ਹੈ।

ਇਕ ਹੋਰ ਘਟਨਾ ਘਟ ਜਾਂਦੀ ਹੈ ਜਿਹੜੀ ਕਿ ਸੋਚੀ ਵੀ ਨਹੀਂ। ਅਚਾਨਕ ਮੇਰੀ ਮਾਤਾ ਬਿਮਾਰ ਪੈ ਜਾਂਦੀ ਹੈ। ਮੈਂ ਉਸ ਦੀ ਖ਼ਬਰ ਨੂੰ ਇੰਡੀਆ ਜਾਂਦਾ ਹਾਂ। ਉਹ ਇੰਨੀ ਬਿਮਾਰ ਹੈ ਕਿ ਦੇਖਦੇ ਦੇਖਦੇ ਉਹ ਮੇਰੇ ਸਾਹਮਣੇ ਦਮ ਤੋੜ ਦਿੰਦੀ ਹੈ। ਦੁਖਦੇ ਥਾਵੇਂ ਇਕ ਹੋਰ ਵੱਡੀ ਸੱਟ। ਮੈਂ ਵੀ ਉਹਨਾਂ ਵਿਚੋਂ ਹਾਂ ਜਿਹਨਾਂ ਦੀਆਂ ਮਾਵਾਂ ਦੋਸਤ ਵੀ ਹੁੰਦੀਆਂ ਹਨ। ਮਾਂ ਦੀ ਮੌਤ ਦਾ ਇਕ ਫਾਇਦਾ ਹੋ ਜਾਂਦਾ ਹੈ ਕਿ ਮੈਂ ਖੁੱਲ੍ਹ ਕੇ ਰੋ ਲੈਂਦਾ ਹਾਂ ਨਹੀਂ ਤਾਂ ਅੰਦਰੋਂ ਅੰਦਰ ਇਕ ਗੁੰਮੀ ਜਿਹੀ ਬਣੀ ਜਾ ਰਹੀ ਸੀ। ਜਾਂਦੀ ਹੋਈ ਮਾਂ ਮੇਰੀ ਡਿਊਟੀ ਲਗਾ ਜਾਂਦੀ ਹੈ ਕਿ ਆਪਣੇ ਪਿਤਾ ਨੂੰ ਮੈਂ ਆਪਣੇ ਨਾਲ ਹੀ ਇੰਗਲੈਂਡ ਲੈ ਜਾਵਾਂ। ਪਿਤਾ ਨੂੰ ਇੰਗਲੈਂਡ ਲਿਆਉਣ ਦਾ ਮਤਲਬ ਹੈ ਕਿ ਇਕ ਬੂਟੇ ਨੂੰ ਪੁੱਟ ਕੇ ਦੂਜੀ ਜਗਾਹ ਲਗਾਉਣਾ। ਦੂਜੇ ਮੇਰੇ ਆਰਥਿਕ ਹਾਲਾਤ ਵੀ ਬਹੁਤੇ ਵਧੀਆ ਨਹੀਂ ਹਨ। ਦੁਕਾਨ ਡਿਗਣ ਡਿਗਣ ਕਰ ਰਹੀ ਹੈ, ਕਾਰੋਬਾਰ ਠੱਪ ਹੋਣ ਦੇ ਚੱਕਰ ਵਿਚ ਹੈ, ਪਤਾ ਨਹੀਂ ਕਦ ਮੈਂ ਆਪ ਹੀ ਬੱਚੇ ਲੈ ਕੇ ਸੜਕ ਤੇ ਆ ਜਾਣਾ ਹੈ, ਪਿਤਾ ਨੂੰ ਨਾਲ ਕਿਥੇ ਲਈ ਫਿਰਾਂਗਾ ਪਰ ਉਸ ਦਾ ਇੰਡੀਆ ਇਕੱਲਿਆਂ ਰਹਿਣਾ ਵੀ ਠੀਕ ਨਹੀਂ ਹੈ। ਇੰਡੀਆ ਜਾਣ 'ਤੇ, ਪਿਤਾ ਨੂੰ ਇਥੇ ਲਿਆਉਣ ਤੇ ਵੀ ਮੇਰਾ ਬਹੁਤ ਖਰਚ ਹੋ ਜਾਂਦਾ ਹੈ। ਮੇਰੇ ਕੋਲ ਤਾਂ ਕੁਝ ਹੈ ਨਹੀਂ ਸੀ, ਕਰਜ਼ਾ ਹੀ ਚੜ੍ਹ ਰਿਹਾ ਸੀ। ਕਰਜ਼ਾ ਬੈਂਕਾਂ ਨੇ ਦੇਣਾ ਬੰਦ ਕਰ ਦਿੱਤਾ ਹੈ ਤਾਂ ਦੋਸਤ ਮੇਰੇ ਅੜਿੱਕੇ ਆਉਣ ਲਗਦੇ ਹਨ। ਕੁਝ ਮਹੀਨਿਆਂ ਵਿਚ ਹੀ ਪਿਤਾ ਦਾ ਦਿਲ ਅੱਕ ਜਾਂਦਾ ਹੈ ਤੇ ਵਾਪਸ ਇੰਡੀਆ ਚਲੇ ਜਾਂਦੇ ਹਨ। ਮੈਂ ਇਸ ਨੂੰ ਵੱਡਾ ਮਸਲਾ ਨਹੀਂ ਬਣਾਉਣਾ ਚਾਹੁੰਦਾ। ਉਹਨਾਂ ਦਾ ਫਿਕਰ ਤਾਂ ਹੈ ਕਿ ਰੋਟੀ ਕੌਣ ਬਣਾਵੇਗਾ ਤੇ ਹੋਰ ਸਭ ਪਾਸੇ ਰਖਦਾ ਮੈਂ ਸੋਚਦਾ ਹਾਂ ਕਿ ਪਿਤਾ ਫ਼ੌਜੀ ਬੰਦਾ ਹੈ, ਆਪੇ ਕੋਈ ਰਾਹ ਲੱਭ ਲਵੇਗਾ। ਮੈਂ ਆਪਣੀਆਂ ਮੁਸ਼ਕਲਾਂ ਬਾਰੇ ਸੋਚਣ ਲਗਦਾ ਹਾਂ। ਸੁਰੰਗ ਵਿਚ ਫਸਿਆ ਹਾਂ, ਰਾਹ ਤਾਂ ਕੋਈ ਦਿਸਦਾ ਨਹੀਂ, ਬੱਸ ਦੂਰ ਦਿਸਦੀ ਲੋਅ ਵੱਲ ਤੁਰਦੇ ਜਾਣਾ ਹੈ।

ਮੇਰਾ ਇਕ ਦੋਸਤ ਆਖਣ ਲਗਦਾ ਹੈ ਕਿ ਕਿਉਂ ਨਹੀਂ ਜਿੰਨੇ ਕੁ ਦੁਕਾਨ ਵਿਚੋਂ ਪੈਸੇ ਨਿਕਲਦੇ ਹਨ ਕੱਢ ਕੇ ਬੈਂਕ-ਕੁਰੱਪਸੀ ਦੇ ਦਿੰਦਾ, ਇਵੇਂ ਇਕ ਵਾਰ ਮੇਰੇ ਸਾਰੇ ਕਰਜ਼ੇ ਡਲੀਟ ਹੋ ਜਾਣਗੇ। ਸਾਂਝੇ ਹੋਏ ਪੈਸਿਆਂ ਨਾਲ ਪਤਨੀ ਦੇ ਨਾਂ ਤੇ ਜਾਂ ਕਿਸੇ ਹੋਰ ਨਵੇਂ ਨਵਾਂ ਕਾਰੋਬਾਰ ਸ਼ੁਰੂ ਕੀਤਾ ਜਾ ਸਕਦਾ ਹੈ। ਸਾਡੇ ਲੋਕਾਂ ਵਿਚ ਤਾਂ ਇਹ ਗੱਲ ਆਮ ਪ੍ਰਚਲਤ ਹੈ। ਇਵੇਂ ਕਰਜ਼ਾ ਮੁਕਤ ਹੋਣਾ ਮੈਨੂੰ ਮਨਜ਼ੂਰ ਨਹੀਂ।

**ਦੇਖੋ ਬਾਕੀ ਪੰਨਾ ਨੰ : 75 'ਤੇ**

# ਫਰੀਜ਼ ਹੋ ਗਏ ਛਿਣ / ਵਿਜੈ ਸਾਰਥੀ

ਕਈ ਵਾਰ ਅਜਿਹਾ ਕੁਝ ਹੋ ਜਾਂਦਾ ਹੈ ਕਿ ਤੁਸੀਂ ਖੜ੍ਹੇ ਹੈਰਾਨ ਹੋਏ ਸੋਚਦੇ ਰਹਿ ਜਾਂਦੇ ਹੋ ਕਿ ਇਹ ਕੀ ਹੋ ਗਿਆ। ਅਜਿਹਾ ਹੀ ਕੁਝ ਮੇਰੇ ਨਾਲ ਹੋਇਆ ਸੀ ਜਦ ਕਾਂਤੀ ਨਾਲ ਮੇਰਾ ਰਿਸ਼ਤਾ ਜੁੜ ਗਿਆ ਸੀ। ਪਹਿਲ ਕਿਸ ਨੇ ਕੀਤੀ ਇਸ ਬਾਰੇ ਕੁਝ ਯਾਦ ਨਹੀਂ ਪਰ ਇਸ ਰਿਸ਼ਤੇ ਨਾਲ ਉਹ ਬਹੁਤ ਖ਼ੁਸ਼ ਸੀ ਸਗੋਂ ਉਹ ਹੋਰ ਵੀ ਚੁਲਬੁਲੀ ਹੋ ਗਈ ਸੀ। ਵੈਸੇ ਤਾਂ ਉਹ ਇੰਡੀਆ ਰਹਿੰਦੇ ਮੇਰੇ ਦੋਸਤ ਹਰਮੇਸ਼ ਦੀ ਭੈਣ ਸੀ ਜੋ ਇੰਗਲੈਂਡ ਵਿਆਹ ਕਰਾਉਣ ਆਈ ਸੀ ਤੇ ਕੁਝ ਦਿਨਾਂ ਲਈ ਮੇਰੇ ਘਰ ਆ ਗਈ। ਹਲਕੀ ਜਿਹੀ ਉਮਰ ਦੀ ਸੁਬਕ ਜਿਹੀ ਕੁੜੀ। ਵੀਹ ਸਾਲ ਦੀ ਵੀ ਨਹੀਂ ਹੋਵੇਗੀ। ਮੇਰੀ ਪਤਨੀ ਦੇ ਬੇਬੀ ਹੋਣ ਵਾਲਾ ਸੀ। ਕਾਂਤੀ ਨੂੰ ਉਸ ਦੀ ਕਾਫੀ ਮੱਦਦ ਹੋ ਜਾਂਦੀ। ਇਹਨਾਂ ਦਿਨਾਂ ਵਿਚ ਹੀ ਕਾਂਤੀ ਮੇਰੇ ਨਜ਼ਦੀਕ ਹੋ ਗਈ ਸੀ। ਮੈਂ ਬਹੁਤ ਸੋਚਦਾ ਕਿ ਇਹ ਸਭ ਕਿਵੇਂ ਹੋ ਗਿਆ ਹੈ ਪਰ ਮੈਨੂੰ ਕੋਈ ਕਾਰਨ ਨਾ ਲੱਭਦਾ। ਇਹ ਇਕ ਖ਼ੂਬਸੂਰਤ ਸੁਫਨੇ ਵਾਂਗ ਸੀ। ਕਾਂਤੀ ਚਲੇ ਗਈ ਤਾਂ ਸੁਫਨਾ ਵੀ ਮੁਕ ਗਿਆ। ਮੈਂ ਇਸ ਘਟਨਾ ਨੂੰ ਬਿਲਕੁਲ ਭੁਲਾ ਦਿੱਤਾ। ਕਾਂਤੀ ਵੀ ਭੁੱਲ ਗਈ ਹੋਵੇਗੀ।

ਕਾਂਤੀ ਜਲਦੀ ਹੀ ਵਿਆਹੀ ਗਈ। ਉਸ ਦਾ ਵਿਆਹ ਤਾਂ ਉਸ ਦੇ ਚਾਚੇ ਨੇ ਕੀਤਾ ਸੀ ਪਰ ਅਸੀਂ ਵੀ ਉਸ ਦੇ ਵਿਆਹ ਵਿਚ ਅਹਿਮ ਭੂਮਿਕਾ ਨਿਭਾਈ। ਸਾਰੇ ਸ਼ਗਨ ਵੀ ਕੀਤੇ। ਵਿਆਹ ਤੋਂ ਬਾਅਦ ਉਸ ਦਾ ਪਤੀ ਮਨੋਹਰ ਸਾਡੇ ਨਾਲ ਰਿਸ਼ਤੇਦਾਰਾਂ ਵਾਂਗ ਵਰਤਣ ਲਗਿਆ। ਉਹ ਅਕਸਰ ਮੇਰੇ ਘਰ ਆਉਂਦੇ, ਅਸੀਂ ਉਹਨਾਂ ਦੇ ਜਾਂਦੇ। ਦੁੱਖ ਸੁੱਖ ਵਿਚ ਇਕੱਠੇ ਰਲ਼ ਕੇ ਬੈਠਦੇ। ਕਾਂਤੀ ਦੀ ਮੇਰੀ ਪਤਨੀ ਨਾਲ ਕਾਫੀ ਬਣਦੀ ਸੀ ਤੇ ਮਨੋਹਰ ਦੀ ਮੇਰੇ ਨਾਲ। ਫਿਰ ਉਹਨਾਂ ਦੇ ਘਰ ਦੋ ਕੁੜੀਆਂ ਦਾ ਜਨਮ ਹੋਇਆ। ਸਭ ਕੁਝ ਠੀਕ ਚਲਦਾ ਰਿਹਾ। ਕਿਸੇ ਵੇਲੇ ਮੇਰੇ ਤੇ ਕਾਂਤੀ ਵਿਚਕਾਰ ਕੁਝ ਵਾਪਰਿਆ ਵੀ ਸੀ ਇਸ ਦਾ ਚਿਤ ਚੇਤਾ ਵੀ ਨਹੀਂ ਸੀ ਰਿਹਾ। ਨਾ ਉਸ ਦੀਆਂ ਅੱਖਾਂ ਵਿਚ ਕੁਝ ਸੀ ਤੇ ਨਾ ਹੀ ਮੇਰੇ ਮਨ ਵਿਚ। ਉਸ ਦਾ ਪਹਿਲੇ ਦਿਨ ਤੋਂ ਹੀ ਨਜ਼ਰ ਨੀਵੀਂ ਰਖਣ ਦਾ ਇਕ ਵਿਸ਼ੇਸ਼ ਅੰਦਾਜ਼ ਸੀ ਜੋ ਉਸ ਦੇ ਭੋਲੇਪਨ ਨੂੰ ਹੋਰ ਵੀ ਵਧਾ ਦਿੰਦਾ ਸੀ, ਉਸ ਦਾ ਇਹ ਅੰਦਾਜ਼ ਜਿਵੇਂ ਦਾ ਤਿਵੇਂ ਕਾਇਮ ਸੀ।

ਫਿਰ ਕੁਝ ਅਜਿਹਾ ਹੋਇਆ ਕਿ ਮਨੋਹਰ ਦੀ ਇੰਡੀਆ ਰਹਿੰਦੇ ਆਪਣੇ ਸੁਹਰਿਆਂ ਨਾਲ ਵਿਗੜ ਗਈ। ਮੈਨੂੰ ਉਹਨਾਂ ਨਾਲ ਹੀ ਜੋੜ ਕੇ ਦੇਖਦਾ ਹੋਣ ਕਰਕੇ ਉਸ ਨੇ ਮੇਰੇ ਘਰ ਵੀ ਆਉਣਾ ਬੰਦ ਕਰ ਦਿੱਤਾ, ਮੈਂ ਵੀ ਉਹਨਾਂ ਦੇ ਘਰ ਨਾ ਗਿਆ। ਹਾਂ, ਕਦੇ ਮੰਦਰ ਜਾਂ ਕਿਸੇ ਸਟੋਰ ਵਿਚ ਸ਼ੌਪਿੰਗ ਕਰਦੇ ਮਿਲ ਪੈਂਦੇ ਤਾਂ ਰੁਕ ਕੇ ਕੁਝ ਦੇਰ ਗੱਲਾਂ ਹੋ ਜਾਂਦੀਆਂ। ਫਿਰ ਮਨੋਹਰ ਦੀ ਸੁਹਰਿਆਂ ਨਾਲ ਸੁਲਾਹ ਹੋ ਗਈ ਤਾਂ ਮੇਰੇ ਘਰ ਮੁੜ ਆਉਣਾ ਸ਼ੁਰੂ ਕਰ ਦਿੱਤਾ। ਮਨੋਹਰ ਦਾ ਇਹ ਰਵੱਈਆ ਮੈਨੂੰ ਚੰਗਾ ਤਾਂ ਨਹੀਂ ਸੀ ਲਗ ਰਿਹਾ ਪਰ ਮੈਂ ਬਹੁਤਾ ਇਤਰਾਜ਼ ਵੀ ਨਾ ਕੀਤਾ। ਮੇਰੀ ਪਤਨੀ ਨੂੰ ਕਾਂਤੀ ਦਾ ਘਰ ਆਉਣਾ ਜਾਣਾ ਚੰਗਾ ਲਗਿਆ ਕਰਦਾ ਸੀ। ਕਾਂਤੀ ਉਸ ਨੂੰ ਨਵੇਂ ਨਵੇਂ ਫੈਸ਼ਨਾਂ ਬਾਰੇ ਦਸਦੀ। ਉਹ ਟੈਲੀ ਦੇ ਸੀਰੀਅਲਾਂ ਬਾਰੇ ਗੱਲਾਂ ਕਰਦੀਆਂ। ਭਾਰ ਘਟਾਉਣ ਤੇ ਹੋਰ ਪਤਾ ਨਹੀਂ ਕੀ ਕੀ ਵਿਚਾਰਦੀਆਂ ਰਹਿੰਦੀਆਂ, ਇਸ ਲਈ ਮੇਰੀ ਪਤਨੀ ਚਾਹੁੰਦੀ ਹੀ ਰਹਿੰਦੀ ਸੀ ਕਿ ਉਹਨਾਂ ਨਾਲ ਸੁਲਾਹ ਹੀ ਰਹੇ ਤੇ ਆਉਣਾ ਜਾਣਾ ਬਣਿਆ ਰਹੇ। ਮੇਰੇ ਇੰਡੀਆ ਗਏ ਨਾਲ ਹਰਮੇਸ਼ ਮਨੋਹਰ ਦੀਆਂ ਬਦਖੋਈਆਂ ਕਰਨ ਬੈਠ ਜਾਂਦਾ ਕਿ ਉਹ ਕਾਂਤੀ ਨੂੰ ਖ਼ੁਸ਼ ਨਹੀਂ ਰੱਖ ਰਿਹਾ ਪਰ ਮੈਂ ਕਦੇ ਕਿਸੇ ਗੱਲ ਵਿਚ ਦਖਲ ਨਹੀਂ ਸੀ ਦਿੱਤਾ। ਕਦੇ ਕਦੇ ਇਹ ਵੀ ਭਿਣਕ ਪੈਂਦੀ ਕਿ ਮਨੋਹਰ ਦੀ ਤੇ ਕਾਂਤੀ ਦੀ ਬਹੁਤੀ ਨਹੀਂ ਬਣਦੀ ਪਰ ਉਹਨਾਂ ਦੀ ਗੱਲਬਾਤ ਤੋਂ ਮੈਨੂੰ ਕਦੇ ਕੋਈ ਕੰਨਸੋਅ ਨਹੀਂ ਸੀ ਮਿਲੀ। ਇਵੇਂ ਵਧੀਆ ਵਕਤ ਨਿਕਲ ਰਿਹਾ ਸੀ ਤੇ ਕਰਦਿਆਂ ਕਰਾਉਂਦਿਆਂ ਇਕ ਇਕ ਕਰ ਕੇ ਵੀਹ ਸਾਲ ਨਿਕਲ ਗਏ। ਇਕ ਖਾਸ ਗੱਲ ਇਹ ਕਿ ਕਾਂਤੀ ਦਾ ਨੀਵੀਂ ਨਜ਼ਰ ਵਾਲਾ ਅੰਦਾਜ਼ ਪਹਿਲਾਂ ਵਾਂਗ ਕਾਇਮ ਸੀ।

ਵੀਹ ਸਾਲਾਂ ਵਿਚ ਬਹੁਤ ਕੁਝ ਬਦਲ ਗਿਆ ਹੈ। ਮੈਂ ਵੀ, ਮੇਰੀ ਪਤਨੀ ਵੀ। ਕਾਂਤੀ ਦੀਆਂ ਦੋਵੇਂ ਕੁੜੀਆਂ ਹੁਣ ਉਸ ਜਿਡੀਆਂ ਹੀ ਹੋਈਆਂ ਪਈਆਂ ਹਨ। ਕਾਂਤੀ ਹੁਣ ਪਕਰੋੜ ਔਰਤ ਵਿਚ ਬਦਲ ਚੁੱਕੀ ਹੈ। ਕਿਸੇ ਵੱਡੀ ਫੈਕਟਰੀ ਵਿਚ ਕੰਮ ਕਰਦੀ ਹੈ, ਚੰਗੀ ਨੌਕਰੀ ਹੈ। ਮਨੋਹਰ ਵੀ ਬਸਾਂ ਵਿਚ ਡਰਾਈਵਰ ਹੈ ਤੇ ਓਵਰ ਟਾਈਮ ਲਗਾ ਕੇ ਵਾਹਵਾ ਪੈਸੇ ਕਮਾ ਰਿਹਾ ਹੈ। ਉਹ ਸੁੱਖੀਂ ਸਾਂਦੀ ਆਪਣੇ ਘਰ ਵਸ ਰਹੇ ਹਨ।

ਪਿਛਲੇ ਦਿਨਾਂ ਵਿਚ ਮੇਰਾ ਦੋਸਤ ਹਰਮੇਸ਼ ਇੰਡੀਆ ਤੋਂ ਘੁੰਮਣ ਫਿਰਨ ਆ ਗਿਆ। ਉਸ ਦੇ ਆਏ 'ਤੇ ਮਹਿਫਲਾਂ ਲਗਣ ਲਗੀਆਂ। ਕਦੇ ਸਾਡੇ ਘਰ, ਕਦੇ ਮਨੋਹਰ ਦੇ ਘਰ ਤੇ ਕਦੇ ਕਿਸੇ ਹੋਰ ਦੋਸਤ-ਰਿਸ਼ਤੇਦਾਰ ਵੱਲ। ਉਸ ਦਿਨ ਵੀ ਅਸੀਂ ਮਨੋਹਰ ਦੇ ਘਰ ਬੈਠੇ ਸਾਂ। ਦੌਰ ਚਲ ਰਿਹਾ ਸੀ। ਮੇਰੀ ਪਤਨੀ ਨਿਤ ਵਾਂਗ ਮੇਰੀ ਸ਼ਰਾਬ ਤੋਂ ਖਿਝ ਰਹੀ ਸੀ। ਹੁਣ ਤਾਂ ਡਾਕਟਰ ਨੇ ਵੀ ਮਨਾਂ ਕੀਤੀ ਹੋਈ ਸੀ। ਉਸ ਦਿਨ ਉਹ ਮੇਰੇ ਨਾਲ ਜ਼ਿਆਦਾ ਹੀ ਗੁੱਸੇ ਹੋ ਗਈ ਤੇ ਕਾਰ ਲੈ ਕੇ ਘਰ ਨੂੰ ਚਲੇ ਗਈ। ਮੈਂ ਉਥੇ ਹੀ ਮਨੋਹਰ ਦੇ ਘਰ ਸੌਂ ਗਿਆ। ਮਨੋਹਰ ਦਾ ਘਰ ਤਾਂ ਕਾਫੀ ਖੁੱਲ੍ਹਾ ਸੀ ਪਰ ਅਸੀਂ ਕਈ ਜਣੇ ਸਾਂ, ਕੌਣ ਕਿਥੇ ਪਿਆ ਸੀ ਇਸ ਦਾ ਕੁਝ ਨਹੀਂ ਪਤਾ। ਅੱਧੀ ਕੁ ਰਾਤ ਨੂੰ ਮੈਂ ਕੀ ਦੇਖਦਾ ਹਾਂ ਕਿ ਕੋਈ ਮੇਰੇ ਨਾਲ ਸੁੱਤਾ ਪਿਆ ਹੈ। ਜ਼ਰਾ ਧਿਆਨ ਨਾਲ ਦੇਖਿਆ ਤਾਂ ਇਹ ਕਾਂਤੀ ਸੀ। ਮੈਂ ਹੈਰਾਨ ਹੁੰਦੇ ਨੇ ਕਿਹਾ,

"ਤੂੰ ਇਥੇ ?"

"ਹਾਂ, ਸਭ ਠੀਕ ਏ, ਜ਼ਰਾ ਹੌਲੀ ਬੋਲੋ।" ਉਸ ਨੇ ਫੁਸਫੁਸਾਂਦਿਆਂ ਆਖਿਆ। ਫਿਰ ਮੈਂ ਵੀ ਇਕ ਦਮ ਵੀਹ ਸਾਲ ਪਿੱਛੇ ਜਾ ਪੁੱਜਾ ਤੇ ਪੁੱਛਿਆ,

"ਤੈਨੂੰ ਹਾਲੇ ਵੀ ਯਾਦ ਐ ਸਭ ?"

"ਕਿਵੇਂ ਭੁੱਲ ਸਕਦੀ ਆਂ! ਤੁਸੀਂ ਵੀ ਕਿਹੜਾ ਭੁੱਲੇ ਹੋਵੋਂਗੇ।"

"ਭੁੱਲ ਤਾਂ ਗਿਆ ਸਾਂ ਪਰ ਹੁਣ ਸਭ ਯਾਦ ਆ ਗਿਆ।" ਮੈਂ ਖ਼ੁਸ਼ ਹੁੰਦਾ ਬੋਲਿਆ।

"ਕੌਂਡੰਮ ਹੈਗਾ ?" ਉਹ ਪੁੱਛਣ ਲਗੀ।

"ਨਹੀਂ।" ਮੈਂ ਕਿਹਾ ਕਿਉਂਕਿ ਮੈਂ ਤਾਂ ਇਸ ਸਥਿਤੀ ਬਾਰੇ ਕਦੇ ਸੋਚ ਵੀ ਨਹੀਂ ਸਾਂ ਸਕਦਾ।

"ਮੇਰੇ ਕੋਲ ਹੈਗਾ।" ਉਸ ਨੇ ਕਾਹਲੀ ਨਾਲ ਕਿਹਾ।

"ਹਾਲੇ ਵੀ ਕੌਂਡੰਮ ਦੀ ਲੋੜ ਪੈਂਦੀ ਐ ?" ਮੈਂ ਪੁੱਛਣ ਲਗਿਆ।

"ਕੰਮ ਤੇ ਜਾਨੀ ਆਂ, ਰੱਖਣਾ ਤਾਂ ਪੈਂਦਾ ਈ ਐ।"

ਉਸ ਨੇ ਸਹਿਜ ਸੁਭਾਅ ਹੀ ਕਿਹਾ ਤੇ ਮੇਰੇ ਲਈ ਉਹ ਛਿਣ ਜਿਵੇਂ ਦੇ ਤਿਵੇਂ ਫਰੀਜ਼ ਹੋ ਗਏ।

---

## ਕਲ੍ਹ ਫੇਰ ਆਵੀਂ
### ਤੇਜੇਂਦਰ ਸ਼ਰਮਾ ਦੀਆਂ ਹਿੰਦੀ ਕਹਾਣੀਆਂ
### ਸੰਪਾਦਕ ਤੇ ਅਨੁਵਾਦਕ : ਮਹਿੰਦਰ ਸਿੰਘ ਬੇਦੀ

## ਜਾ ਉਏ ਡੈਡੀ ਤੂੰ ਕੋਈ ਬੰਦਾ ਹੈਂ?/ਕੁਲਜੀਤ ਮਾਨ

ਫੇਸਬੁਕ ਤੇ ਸੀ ਜਦੋਂ ਹਰਜੀਤ ਅਟਵਾਲ ਨਾਲ ਚੈਟਿੰਗ ਸ਼ੁਰੂ ਹੋਈ। ਹਰਜੀਤ ਨੇ ਕਿਹਾ ਕਿ ਮੈਂ ਤਲਖੀ ਬਾਰੇ ਕੁੱਝ ਕਹਾਂ। ਹਾਂ ਕਰਨ ਤੋਂ ਬਾਦ ਮੈਂ ਸੋਚ ਵਿੱਚ ਪੈ ਗਿਆ। ਇਹ ਤਲਖੀ ਅਸਲ ਵਿੱਚ ਹੁੰਦੀ ਕੀ ਹੈ? ਇਹ ਗੱਲ ਤਾਂ ਪੱਕੀ ਹੈ ਕਿ ਮਨ ਦੀ ਨਿਰਾਸ਼ਾਜਨਕ ਸਥਿਤੀ ਹੈ। ਕਿਤਨੀ ਕੁ ਨਿਰਾਸ਼ਾਜਨਕ ਸਥਿਤੀ ਨੂੰ ਅਸੀਂ ਸਹਿਜੇ ਹੀ ਤਲਖੀ ਕਹਿ ਸਕਦੇ ਹਾਂ? ਆਪਣੀ ਜ਼ਿੰਦਗੀ ਦੀਆਂ ਉਹ ਕਿਹੜੀਆਂ ਘਟਨਾਵਾਂ ਹਨ ਜਿਨ੍ਹਾਂ ਬਾਰੇ ਅਸੀਂ ਦਲੀਲ ਤੋਂ ਬਿਨ੍ਹਾਂ ਹੀ ਕਹਿ ਸਕਦੇ ਹਾਂ ਕਿ ਇਹ ਤਨਾਵ ਹੈ, ਮੇਰੀ ਬੇਇੱਜ਼ਤੀ ਹੋ ਗਈ। ਤਨਾਵ ਤੇ ਤਲਖੀ ਵਿੱਚ ਕੀ ਫਰਕ ਹੈ?

ਤਨਾਵ ਤੇ ਤਲਖੀ ਬਾਰੇ ਮੇਰੇ ਵਿਚਾਰ ਆਪਣੇ ਹਨ, ਬਿਲਕੁਲ ਨਿੱਜੀ। ਮੈਂ ਇਨ੍ਹਾਂ ਦੇ ਉਲਟ ਵਿਚਾਰਾਂ ਨੂੰ ਸੁਣ ਸਕਦਾ ਹਾਂ ਪਰ ਸੰਵਾਦ ਨਹੀਂ ਰਚਾ ਸਕਦਾ। ਜੇ ਮੈਂ ਇਹ ਕਹਿ ਰਿਹਾ ਹਾਂ ਕਿ ਮੈਂ ਇਸ ਵਿਸ਼ੇ ਤੇ ਸੰਵਾਦ ਨਹੀਂ ਰਚਾ ਸਕਦਾ ਤਾਂ ਇਸਦਾ ਇਹੋ ਮਤਲਬ ਹੈ ਕਿ ਮੇਰੀਆਂ ਤਲਖੀਆਂ ਦੀ ਤਬੀਅਤ ਮੇਰੇ ਆਪਣੇ ਸੁਭਾਅ ਅਨੁਸਾਰ ਹੀ ਹੈ।

ਤਨਾਵ ਤੇ ਤਲਖੀ ਦੇ ਸੁਭਾਅ ਵਖਰੇ ਹਨ। ਤਲਖੀ ਤਨਾਵ ਨਾਲੋਂ ਜ਼ਿਆਦਾ ਤਲਖ ਹੈ। ਤਨਾਵ ਮੇਰੇ ਲਈ ਉਹ ਹਨ ਜੋ ਪਰਸਥਿਤੀਆਂ ਦੀ ਦੇਣ ਹਨ। ਮੈਂ ਕੁੱਝ ਆਸ ਨਹੀਂ ਕਰਦਾ ਪਰ ਫਿਰ ਵੀ ਕੁੱਝ ਐਸਾ ਹੈ ਜੋ ਮੈਨੂੰ ਪ੍ਰਵਾਨ ਨਹੀਂ। ਮਸਲਨ ਮੈਂ ਰਾਜਨੀਤਕਾਂ ਤੋਂ ਕੁੱਝ ਵੀ ਆਸ ਨਹੀਂ ਕਰਦਾ ਪਰ ਫਿਰ ਵੀ ਉਨ੍ਹਾਂ ਦੀ ਕਾਰਗੁਜ਼ਾਰੀ ਮੈਨੂੰ ਪ੍ਰਵਾਨ ਨਹੀਂ। ਉਦਾਹਰਣ ਦੇ ਤੌਰ ਤੇ ਜੇ ਕੋਈ ਆਦਮੀ ਮੈਨੂੰ ਮਾੜਾ ਚੰਗਾ ਬੋਲਦਾ ਹੈ ਤੇ ਮੈਂ ਹਉ-ਪਰੇ ਕਰ ਦਿੰਦਾ ਹਾਂ ਪਰ ਮੇਰੇ ਦਿਲ ਦਿਮਾਗ ਤੇ ਇਹ ਗੱਲ ਬੈਠ ਜਾਂਦੀ ਹੈ। ਦੂਸਰੀ ਵਾਰ ਕੋਈ ਐਸਾ ਹੀ ਮੌਕਾ ਆਉਂਦਾ ਹੈ ਤੇ ਮੈਂ ਫਿਰ ਉਹੀ ਵਤੀਰਾ ਧਾਰਨ ਕਰ ਲੈਂਦਾ ਹਾਂ ਪਰ ਮੇਰੇ ਅਵਚੇਤਨ ਵਿੱਚ ਇਹ ਗੱਲ ਬੈਠੀ ਹੁੰਦੀ ਹੈ ਕਿ ਇਸਨੇ ਐਸਾ ਹੀ ਕਰਨਾ ਹੈ। ਤੀਸਰੀ ਵਾਰ, ਉਸਦੀ ਸ਼ਕਲ ਵੇਖਕੇ ਹੀ ਮੇਰਾ ਅਵਚੇਤਨ ਦਿਮਾਗ ਨੂੰ ਪਹਿਲਾਂ ਹੀ ਖਬਰਦਾਰ ਕਰ ਦਿੰਦਾ ਹੈ ਤੇ ਮੇਰਾ ਪਾਰਾ ਤੇ ਚੜਦਾ ਹੈ ਪਰ ਮੈਂ ਉਸਦੇ ਬੋਲਣ ਤੋਂ ਪਹਿਲਾਂ ਹੀ ਆਪਣੀ ਰਾਏ ਕਾਇਮ ਕਰ ਲੈਂਦਾ ਹਾਂ ਤੇ ਉਸੇ ਰਾਏ ਮੁਤਾਬਿਕ ਵਿਵਹਾਰ ਵੀ ਕਰਦਾ ਹਾਂ ਤੇ ਆਸ ਮੁਤਾਬਕ ਤਿਆਰ ਵੀ ਹੁੰਦਾ ਹਾਂ ਪਰ ਹੋ ਸਕਦਾ ਹੈ ਕਿ ਉਸਨੇ ਕੋਈ ਠੀਕ ਗੱਲ ਕਰਨੀ ਹੋਵੇ, ਇਹ ਵੀ ਹੋ ਸਕਦਾ ਹੈ ਕਿ ਉਸਨੇ ਆਪਣੀਆਂ ਪਹਿਲੀਆਂ ਖਰਵੀਆਂ ਗੱਲਾਂ ਦੀ ਵਿਆਖਿਆ ਹੀ ਕਰਨੀ ਹੋਵੇ। (ਮੁਆਫੀ ਸ਼ਬਦ ਮੈਂ ਨਹੀਂ ਵਰਤਿਆ)

ਇਸੇ ਤਰ੍ਹਾਂ ਕਈ ਵਾਰ ਮੈਂ ਆਪਣੇ ਤਨਾਵ ਆਪ ਵੀ ਸਿਰਜ ਲੈਂਦਾ ਹਾਂ। ਤਨਾਵ ਵਿੱਚ ਕਿਸੇ ਹੋਰ ਦਾ ਸਿੱਧਾ ਦਖਲ ਨਹੀਂ ਹੁੰਦਾ ਪਰ ਤਲਖੀ ਵਿੱਚ ਕਿਸੇ ਦੂਸਰੀ ਧਿਰ ਦਾ ਸਿੱਧਾ ਦਖਲ ਹੀ ਹੁੰਦਾ ਹੈ। ਜੇ ਕਿਸੇ ਘਟਨਾ ਦਾ ਜ਼ਿਕਰ ਕਰਨਾ ਹੋਵੇ ਤਾਂ ਮੇਰੇ ਕੋਲ ਕਈ ਘਟਨਾਵਾਂ ਹਨ। ਜਦੋਂ ਮੇਰਾ ਦਿਲ ਕੀਤਾ ਸੀ ਕਿ ਅਗਲੇ ਦਾ ਸਿਰ ਪਾੜ ਦੇਵਾਂ। (ਵੈਸੇ ਇਹ ਕੰਮ, ਮੈਂ ਕੀਤਾ ਨਹੀਂ ਕਦੇ) ਕਈ ਵਾਰ ਇਸ ਤਰ੍ਹਾਂ ਵੀ ਹੋਇਆ ਹੈ ਕਿ ਆਪਣਾ ਹੀ ਸਿਰ ਭੰਨ ਲਵਾਂ (ਵੈਸੇ ਇਹ ਕੰਮ ਵੀ ਮੈਂ ਨਹੀਂ ਕੀਤਾ) ਜੇ ਇਹ ਹੀ ਕੰਮ ਕਰਨਾ ਹੈ ਤਾਂ ਫਿਰ ਤਲਖੀ ਕਾਹਦੀ?

ਇਕ ਵਾਰ ਗੱਲਾਂ ਕਰਦਿਆਂ ਇਹ ਗੱਲ ਵੀ ਵਿਚਾਰੀ ਗਈ ਸੀ ਕਿ ਪੰਜਾਬੀ ਨੂੰ, ਜਿੱਥੇ ਵੀ ਉਹ ਰਹੇ ਠੀਕ ਹੈ ਪਰ ਕਦੇ ਵੀ ਪੰਜਾਬੀ ਗਾਲ੍ਹਾਂ ਨਹੀਂ ਭੁੱਲਣੀਆਂ ਚਾਹੀਦੀਆਂ। ਜਦੋਂ ਮਰਿਆਦਾਵਾਂ ਟੁੱਟਦੀਆਂ ਹਨ ਤਾਂ ਮਰਿਆਦਾ ਪ੍ਰਸ਼ੋਤਮ ਪੰਜਾਬੀ ਹੋ ਕੇ ਵੀ ਚੁੱਪ ਰਹੇ ਤਾਂ ਉਸਦਾ ਤਾਂ ਜੁੱਸਾ ਹੀ ਹਿਲ ਜਾਵੇਗਾ, ਉੱਥੇ ਕਲਚਰ ਕੰਮ ਆ ਵੀ ਜਾਵੇ ਤਾਂ ਕੋਈ ਹਰਜ਼ ਨਹੀਂ। ਚਲੋ ਮਾੜੀਆਂ ਮੋਟੀਆਂ ਤਾਂ ਕਈ ਹਨ ਪਰ ਇੱਕ ਤਲਖੀ ਕਦੇ ਨਹੀਂ ਭੁੱਲਦੀ।



ਮੇਰਾ ਸਭ ਤੋਂ ਵੱਡਾ ਬੇਟਾ ਹੁਣ ਸੁਖ ਨਾਲ ਚੌਵੀ ਸਾਲ ਦਾ ਹੈ। ਮੰਦ-ਬੁਧੀ ਹੈ, ਜਨਮ ਤੋਂ ਹੀ, ਸੁਣਦਾ ਵੀ ਨਹੀਂ ਤੇ ਬੋਲਦਾ ਵੀ ਨਹੀਂ। ਉਸਦੀ ਪੂਰੀ ਰਾਮ ਕਹਾਣੀ ਤਾਂ ਕਦੇ ਫੇਰ ਸੁਣਾਵਾਂਗਾ ਹੁਣ ਇੱਥੇ ਉਹ ਹੀ ਜ਼ਿਕਰ ਕਰਾਂਗਾ ਜਿਸ ਨਾਲ ਨੱਥੀ ਹੋਈ ਮੇਰੀ ਇਸ ਤਲਖੀ ਨੂੰ ਤੁਸੀਂ ਸਹੀ ਸੰਦਰਭ ਵਿੱਚ ਸਮਝ ਸਕੋ। ਉਸਦੀ ਦਿਮਾਗੀ ਉਮਰ ਤਿੰਨ ਚਾਰ ਸਾਲ ਦੀ ਹੈ। ਜੈਸੀ ਨੌਂ ਮਹੀਨੇ ਦਾ ਸੀ ਜਦੋਂ ਸਿਕ ਚਿਲਡਰਨ ਹਸਪਤਾਲ ਡਾਕਟਰ ਨੇ ਦੱਸਿਆ ਸੀ ਕਿ ਇਸਦੇ ਦਿਮਾਗ ਦਾ ਇਕੋ ਹਿੱਸਾ ਹੈ ਜਦ ਕਿ ਆਮ ਇਨਸਾਨ ਦੇ ਸੱਜਾ ਤੇ ਖੱਬਾ ਦੋ ਹਿੱਸੇ ਹੁੰਦੇ ਹਨ ਤੇ ਇਹ ਦੋ ਸਾਲ ਦੇ ਵਿੱਚ ਵਿਚ ਵੀਲ੍ਹ ਚੇਅਰ ਤੇ ਚਲਾ ਜਾਏਗਾ। ਜਲਦੀ ਹੀ ਉਸਦੇ ਪੈਰ ਵੀ ਸਿੱਧੇ ਹੋਣ ਲੱਗ ਪਏ ਪਰ ਫਾਈਬਰ ਸ਼ੂ ਪਾਉਣ ਨਾਲ ਤੇ ਸਰ੍ਹੋਂ ਦੇ ਤੇਲ ਦੀ ਮਾਲਿਸ਼ ਨਾਲ ਅਸੀਂ ਇਸ ਭਵ-ਸਾਗਰ ਨੂੰ ਪਾਰ ਕਰ ਗਏ। ਹੁਣ ਐਸ ਵੇਲੇ ਉਹ ਲਗਭਗ ਛੇ ਫੁੱਟਾ ਹੈ ਤੇ ਤੁਰਦਾ ਫਿਰਦਾ ਵੀ ਹੈ। ਇਹ ਵਖਰੀ ਗੱਲ ਹੈ ਕਿ ਤੇਜ਼ ਨਹੀਂ ਤੁਰ ਸਕਦਾ। ਆਮ ਤੌਰ ਤੇ ਐਸੇ ਇਨਸਾਨ ਕੁੱਝ ਖਿਝੂ ਹੁੰਦੇ ਹਨ ਪਰ ਉਹ ਨਹੀਂ। ਹਰ ਇੱਕ ਦਾ ਮਿੱਤਰ। ਅਸੀਂ ਜਿੱਥੇ ਵੀ ਰਹੇ ਆਸੇ ਪਾਸੇ ਦੇ ਸਾਰੇ ਗੁਆਂਢੀ ਉਸਦੇ ਮਿੱਤਰ ਬਣੇ। ਕਈ ਤਾਂ ਭਾਵਕ ਵੀ ਹੋਏ ਤੇ ਇਸਨੂੰ ਨਾਲ ਵੀ ਲੈ ਜਾਂਦੇ ਰਹੇ। ਬਹੁਤ ਹੀ ਖ਼ੁਸ਼ ਮਿਜ਼ਾਜ਼ ਹੈ ਪਰ ਹੈ ਬਿਲਕੁਲ ਬੱਚਾ। ਆਈਸ ਕਰੀਮ ਟੱਰਕ ਦੀ ਇੰਤਜਾਰ ਵਿੱਚ ਘੰਟਿਆਂਬੱਧੀ ਵੀ ਬੈਠਾ ਰਹਿੰਦਾ ਹੈ। ਘਰ ਦਾ ਰਖਵਾਲਾ, ਹਰ ਇੱਕ ਦੀ ਇੰਤਜਾਰ ਕਰਦਾ ਹੈ, ਜਿਨ੍ਹਾਂ ਚਿਰ ਸਾਰੇ ਘਰ ਨਾ ਆ ਜਾਣ ਇਸਨੇ ਸੌਣਾ ਨਹੀਂ। ਪਾਰਟੀਆਂ ਵਿੱਚ ਜਾਕੇ ਸਾਰਿਆਂ ਨੂੰ ਆਪਣੀ ਸ਼ਰਟ ਦਿਖਾਉਂਦਾ ਹੈ। ਗੱਲ ਮੁਕਦੀ ਹੈ ਕਿ ਜਿਹੜੀ ਸ਼ਾਂਤੀ ਤੇ ਮਾਸੂਮੀਅਤ ਲਈ ਕੋਈ ਵੀ ਇਨਸਾਨ ਸਾਰੀ ਜ਼ਿੰਦਗੀ ਚੰਗੇ ਕੰਮ ਕਰਦਾ ਹੈ, ਲੋਕ ਪਾਠ ਪੂਜਾ ਕਰਦੇ ਹਨ, ਉਹ ਇਹਦੇ ਕੋਲ ਜਮਾਂਦਰੂ ਹੈ ਤੇ ਸਥਾਈ ਹੈ। ਕਹੇਗਾ ਆਪਣੀਆਂ ਬਾਹਵਾਂ ਉੱਤੇ ਚੁੱਕ, ਮੈਂ ਕ੍ਰਿਤਕਤਾਰੀਆਂ ਕਢਣੀਆਂ ਹਨ। ਸਾਡੇ ਘਰ ਕੋਈ ਇੱਕ ਵਾਰ ਵੀ ਆਕੇ ਇਸਨੂੰ ਬੁਲਾ ਲਵੇ ਇਹ ਸਾਲਾਂ ਤੱਕ ਯਾਦ ਰਖਦਾ ਹੈ। ਅਸੀਂ ਦੋਵੇਂ ਜੀ ਇਸਨੂੰ ਪਾਲਦੇ ਆਪਸ ਵਿੱਚ ਕਦੇ ਵੀ ਐਸੇ ਤਨਾਵਾਂ ਵਿੱਚ ਨਹੀਂ ਉਲਝੇ ਜਿਹੋ ਜਿਹੇ ਆਮ ਸੁਣਦੇ ਹਾਂ। ਕਹਿੰਦੇ ਹਨ ਕਿ ਹਰ ਬੱਚਾ ਜੰਮਣ ਤੋਂ ਪਹਿਲਾਂ ਹੀ ਇਹ ਫੈਸਲਾ ਆਪ ਕਰਦਾ ਹੈ ਕਿ ਉਸਦੇ ਮਾਂ ਬਾਪ ਕੌਣ ਹੋਣਗੇ। (ਇਹ ਮੈਂ ਨਹੀਂ ਕਹਿੰਦਾ, ਲੋਕ ਕਹਿੰਦੇ ਹਨ। ਮੈਂ ਯਕੀਨ ਨਹੀਂ ਕਰਦਾ ਪਰ ਫਿਰ ਵੀ ਸੁਣਨ ਨੂੰ ਚੰਗਾ ਲਗਦਾ ਹੈ)

ਅਸੀਂ ਕਦੇ ਇਹ ਨਹੀਂ ਸੁਣਨਾ ਪਸੰਦ ਕਰਦੇ ਕਿ ਕੋਈ ਇਹ ਕਹੇ ਕਿ ਚਲੋ ਉਹ ਜਾਣੇ, ਰਬ ਦਾ ਜੀਅ ਹੈ। ਸਗੋਂ ਮੈਂ ਤਾਂ ਕਦੇ ਕਦੇ ਆਪਣੇ ਆਪ ਨੂੰ ਖ਼ੁਸ਼ ਕਿਸਮਤ ਸਮਝਦਾ ਹਾਂ। ਕਈ ਚੰਗੇ ਲੋਕ ਸਾਨੂੰ ਇਹ ਵੀ ਕਹਿੰਦੇ ਹਨ ਕਿ ਇਸ ਨੇ ਧਰਤੀ ਤੇ ਆਉਣਾ ਹੀ ਸੀ, ਰੱਬ ਨੇ ਤੁਹਾਡੇ ਤੇ ਯਕੀਨ ਕਰਕੇ ਤੁਹਾਡੇ ਘਰ ਭੇਜਿਆ ਹੈ। ਕਦੇ ਕਦੇ ਇਹ ਵੀ ਸੁਣਨ ਨੂੰ ਮਿਲਦਾ ਹੈ ਕਿ ਤੁਹਾਡੀ ਤੇ ਜ਼ਿੰਦਗੀ ਹੀ ਇਸਨੇ ਨਰਕ ਬਣਾ ਛੱਡੀ ਹੈ। ਇਹ ਸੁਣਾਉਤ ਕੋਈ ਮੇਰੇ ਲਈ ਤਲਖੀ ਨਹੀਂ, ਸਗੋਂ ਇੱਕ ਤਨਾਵ ਹੈ। ਚਲੋ ਮੇਰੀਆਂ ਗੱਲਾਂ ਤਾਂ ਮੁਕਣੀਆਂ ਹੀ ਨਹੀਂ। ਮੈਂ ਹੁਣ ਦੂਸਰੇ ਪਾਸੇ ਆਉਂਦਾ ਹਾਂ।

ਸ਼ਿੰਗਾਰਾ ਸਿੰਘ ਮੇਰਾ ਬੇਲੀ ਹੈ। ਕੈਨੇਡਾ ਵਿੱਚ ਆਏ ਦਾ ਪਹਿਲੀਆਂ ਦਾ ਮਿੱਤਰ। ਇੱਕ ਜੁੱਟ ਸੀ ਕੁਝ ਪਰਿਵਾਰਾਂ ਦਾ ਤੇ ਮੈਂ ਕੈਨੇਡਾ ਪਹੁੰਚਦੇ ਹੋਏ ਹੀ ਉਸ ਜੁਟ ਨਾਲ ਜੁੜ ਗਿਆ ਤੇ ਸ਼ਿੰਗਾਰਾ ਸਿੰਘ ਤੇ ਉਸਦੀ ਪਤਨੀ ਮਨਪ੍ਰੀਤ ਸਾਡੇ ਪਰਿਵਾਰਕ ਮਿੱਤਰ ਬਣ ਗਏ। ਡੇਢ ਕੁ ਸਾਲ ਤੱਕ ਅਸੀਂ ਕਾਰ ਤੋਂ ਵਾਂਝੇ ਰਹੇ ਤੇ ਸਾਡੇ ਜ਼ਰੂਰੀ ਕੰਮਾਂ ਦੀ ਪੁੱਛ ਪੜਤਾਲ ਕਰਨ ਵਿੱਚ ਵੀ ਇਹ ਸ਼ਾਮਲ ਸਨ। ਅੱਜ ਤੱਕ ਕੋਈ ਉਨ੍ਹਾਂ ਦੇ ਘਰ ਐਸਾ ਦਿਨ-ਸੁਧ ਨਹੀਂ ਹੋਇਆ ਜਿਸ ਵਿੱਚ ਸਾਡੀ ਨੰਬਰਦਾਰੀ ਨਾ ਰਹੀ ਹੋਵੇ। ਪਤਨੀਆਂ ਦਾ ਸਹੇਲਪੁਣਾ ਵੀ ਬਹੁਤ ਸੀ ਤੇ ਉਸਨੇ ਹੀ ਮੇਰੀ

ਪਤਨੀ ਨੂੰ ਪਹਿਲੀ ਜੌਬ ਵੀ ਦਿਵਾਈ ਸੀ। ਜੈਸੀ ਵੀ ਉਨ੍ਹਾਂ ਦਾ ਦੋਸਤ ਸੀ ਤੇ ਜੈਸੀ ਦਾ ਪੂਰਾ ਧਿਆਨ ਰਖਦੇ। ਜਿਸ ਦਿਨ ਦੀ ਇਹ ਘਟਨਾ ਹੈ ਉਸ ਦਿਨ ਤੱਕ ਕਦੇ ਵੀ ਕਿਸੇ ਨੇ ਜੈਸੀ ਬਾਰੇ ਕੁੱਝ ਨਹੀਂ ਕਿਹਾ ਸੀ। ਸਾਰੇ ਇਸਨੂੰ ਰੱਬ ਦਾ ਬੰਦਾ, ਦਰਵੇਸ਼ ਵਰਗੇ ਉਪਨਾਵਾਂ ਨਾਲ ਹੀ ਸੰਬੋਧਿਤ ਹੁੰਦੇ ਸਨ। ਦੋ ਕੁ ਗੱਲਾਂ ਮੈਂ ਦਸਦਾ ਹਾਂ। ਕਿਸੇ ਨੇ ਆਪਣਾ ਨਵਾਂ ਘਰ ਲਿਆ ਤੇ ਉਸਦੀ ਖਾਹਸ਼ ਸੀ ਕਿ ਜੈਸੀ ਘਰ ਦਾ ਜ਼ਿੰਦਾ ਖੋਲ੍ਹੇ। ਇੱਕ ਹੋਰ ਕੇਸ ਵਿੱਚ ਮੇਰੇ ਇੱਕ ਦੋਸਤ ਨਾਲ ਉਸਦਾ ਦੋਸਤ ਆ ਗਿਆ ਤੇ ਉਹ ਜੈਸੀ ਨੂੰ ਉਹਲੇ ਲੈ ਗਿਆ ਤੇ ਪਰਚੀਆਂ ਚੁਕਾ ਕੇ ਜਾਨਣਾ ਚਾਹੁੰਦਾ ਸੀ ਕਿ ਮੈਂ ਪੱਕਾ ਹੋਵਾਂਗਾ ਕਿ ਨਹੀਂ। ਮੈਂ ਉਸਨੂੰ ਵੀ ਬਹੁਤ ਸ਼ਰਮਿੰਦਾ ਕੀਤਾ ਤੇ ਆਪਣੇ ਦੋਸਤ ਨਾਲ ਵੀ ਇਸ ਗੱਲ ਦਾ ਗਿਲਾ ਕੀਤਾ।

ਸ਼ਿੰਗਾਰਾ ਸਿੰਘ ਦਾ ਫੋਨ ਆਇਆ ਤੇ ਉਸਨੇ ਕਿਹਾ ਕਲ੍ਹ ਦੁਪਿਹਰੇ ਸਾਡੇ ਵੱਲ ਆਇਉ। ਮੈ ਪੁੱਛਿਆ ਕੀ ਗੱਲ ਕਲ੍ਹ ਤੇ ਮੰਗਲਵਾਰ ਹੈ, ਕੰਮ ਤੇ ਨਹੀਂ ਜਾਣਾ? ਉਹ ਬੋਲਿਆ ਨਹੀਂ, ਕਲ੍ਹ ਕੰਮ ਤੋਂ ਛੁੱਟੀ ਕਰ ਲਉ, ਅਸੀਂ ਵੀ ਛੁੱਟੀ ਕੀਤੀ ਹੈ। ਪੰਜਾਬੋਂ ਮਨਪ੍ਰੀਤ ਦੇ ਇਲਾਕੇ ਦੇ ਬਾਬਾ ਜੀ ਆਏ ਹਨ। ਬਹੁਤ ਧਾਰਮਿਕ ਖਿਆਲਾਂ ਦੇ ਹਨ। ਤੈਨੂੰ ਤੇ ਪਤਾ ਹੈ ਮੈਂ ਵੀ ਬਹੁਤਾ ਨਹੀਂ ਯਕੀਨ ਰਖਦਾ ਪਰ ਬੁੜੀਆਂ ਦੀ ਮੰਨਣੀ ਪੈਂਦੀ ਹੈ। ਇਹ ਕਹਿੰਦੀ ਹੈ ਕਿ ਜੈਸੀ ਨੂੰ ਬਾਬਾ ਜੀ ਨਾਲ ਮਿਲਾਉਣਾ ਹੈ। ਮਾੜਾ ਮੋਟਾ ਮੇਰੀ ਪਤਨੀ ਨੂੰ ਵੀ ਪਤਾ ਸੀ ਪਰ ਮੇਰੇ ਨਾਲ ਉਸਨੇ ਕੋਈ ਗੱਲ ਨਹੀਂ ਕੀਤੀ ਸੀ। ਹੁਣ ਮੇਰੇ ਪੁੱਛਣ ਤੇ ਬੋਲੀ, "ਹਾਂ ਭੈਣ ਜੀ ਕਹਿੰਦੇ ਸਨ ਤੇ ਨਾਲੇ ਕੀ ਹਰਜ਼ ਹੈ ਉਨ੍ਹਾਂ ਨੇ ਤਾਂ ਅਸ਼ੀਰਵਾਦ ਹੀ ਦੇਣੀ ਹੈ, ਚਲੋ ਚਲਾਂਗੇ, ਉੱਥੇ ਸੁਖਮਨੀ ਸਾਹਬ ਦਾ ਪਾਠ ਵੀ ਹੋਣਾ ਹੈ।" ਲਵੋ ਜੀ ਮੈਂ ਵੀ ਸਹਿਮਤੀ ਦੇ ਦਿੱਤੀ। ਅਸੀਂ ਸਵੇਰੇ ਹੀ ਕੰਮਾਂ ਤੇ ਫੋਨ ਕਰ ਦਿੱਤੇ ਤੇ ਦੁਪਹਿਰੇ ਜੈਸੀ ਨੂੰ ਲੈਕੇ ਅਸੀਂ ਉਨ੍ਹਾਂ ਦੇ ਘਰ ਚਲੇ ਗਏ। ਮੈਂ ਜਾਕੇ ਵੇਖਿਆ ਕਿ ਸਾਡੀ ਜਾਣ ਪਛਾਣ ਵਾਲਾ ਹੋਰ ਉੱਥੇ ਕੋਈ ਨਹੀਂ ਸੀ। ਲਿਵਿੰਗ ਰੂਮ ਵਿੱਚ ਚਿੱਟੀਆਂ ਚਾਦਰਾਂ ਵਿਛਾਈਆਂ ਸਨ। ਕੁੱਝ ਆਏ ਸਨ ਤੇ ਕੁੱਝ ਅਜੇ ਆ ਰਹੇ ਸਨ। ਬਾਬਾ ਜੀ ਨੇ ਦੋ ਵਜੇ ਆਉਣਾ ਸੀ। ਅਸੀਂ ਵੀ ਚਾਹ ਪਾਣੀ ਛਕਕੇ ਲਿਵਿੰਗ ਰੂਮ ਵਿੱਚ ਬੈਠ ਗਏ। ਇੱਕ ਔਰਤ ਬਹੁਤ ਸਰਗਰਮ ਸੀ। ਉਹ ਹੀ ਸਾਰੀ ਦੇਖ ਰੇਖ ਕਰ ਰਹੀ ਸੀ। ਰੂਮ ਦੇ ਇੱਕ ਸਿਰੇ ਤੇ ਸੋਫੇ ਦੀ ਲਵ ਸੀਟ ਤੇ ਚਿੱਟੀ ਚਾਦਰ ਵਿਛਾਈ ਸੀ। ਸਾਫ ਜਾਹਰ ਸੀ ਕਿ ਇਹ ਬਾਬੇ ਦੀ ਸੀਟ ਹੈ। ਸਾਰੇ ਜੁਟਾਂ ਵਿੱਚ ਗੱਲਬਾਤ ਕਰ ਰਹੇ ਸਨ। ਮੈਂ ਉੱਠਕੇ ਬਾਹਰ ਸ਼ਿੰਗਾਰੇ ਕੋਲ ਆ ਗਿਆ ਤੇ ਉਸਨੂੰ ਪੁੱਛਿਆ ਕਿ ਕੀ ਚਕਰ ਹੈ ਇੱਥੇ ਤਾਂ ਪਾਠ ਪੂਠ ਵਾਲਾ ਕੋਈ ਲੱਛਣ ਨਹੀਂ ਦੀਹਦਾ। ਉਹ ਬੋਲਿਆ ਮੈਨੂੰ ਤਾਂ ਇਹੋ ਕਿਹਾ ਸੀ ਆ ਜਿਹੜੀ ਭੱਜੀ ਫਿਰਦੀ ਹੈ ਇਸਨੇ, ਚਲ ਦੇਖਦੇ ਹਾਂ ਕੀ ਗੱਲ ਹੈ। ਆਪਣਾ ਕਿਹੜਾ ਕੋਈ ਕੋਹਿਨੂਰ ਲਾਹ ਲਊ। ਤੇ ਜੇ ਲੱਗ ਗਿਆ ਨਾ ਕਾਮਰੇਡ ਨੂੰ ਪਤਾ ਉਸਨੇ ਇਹ ਨਹੀਂ ਪੁੱਛਣਾ ਕਿ ਤੁਹਾਨੂੰ ਪਤਾ ਸੀ ਜਾਂ ਨਹੀਂ। ਚਲ ਹੁਣ ਕੁੱਝ ਨਹੀਂ ਹੋ ਸਕਦਾ। ਮੈਂ ਉਸਨੂੰ ਨਹੀਂ ਦਸਦਾ ਤੇ ਨਾ ਹੀ ਤੂੰ ਦਸੀਂ। ਫਿਕਰ ਕਿਉਂ ਕਰਦੈਂ ਤੇਰੇ ਲਈ ਤੇ ਸਗੋਂ ਨਵਾਂ ਤਜ਼ਰਬਾ, ਵੇਖ ਤੇ ਸਹੀ ਇਹ ਹੈ ਕੀ ਬਲਾ?

ਮੈਂ ਫੇਰ ਆਕੇ ਲਿਵਿੰਗ ਰੂਮ ਵਿੱਚ ਬੈਠ ਗਿਆ। ਠੀਕ ਦੋ ਵੱਜਕੇ ਦਸ ਮਿੰਟ ਤੇ ਬਾਹਰ ਰੌਲਾ ਜਿਹਾ ਪਿਆ ਤੇ ਪੰਜ ਸੱਤ ਬੰਦੇ ਬੁੜੀਆਂ ਦਗੜ ਦਗੜ ਕਰਦੇ ਅੰਦਰ ਆ ਗਏ। ਬਾਬਾ ਤਾਂ ਤੇਜ਼ ਤੇਜ਼ ਤੁਰਦਾ ਆਪਣੀ ਸੀਟ ਨੂੰ ਮੱਲ ਕੇ ਬੈਠ ਗਿਆ। ਬਾਕੀ ਵੀ ਖਿਲਰ ਪੁਲਰ ਗਏ। ਉਨ੍ਹਾਂ ਦੀ ਆਉਣੀ ਤੇ ਬੈਠਣੀ ਨੇ ਮੇਰੇ ਦਿਲ ਵਿੱਚ ਸ਼ੱਕ ਪੈਦਾ ਕਰ ਦਿੱਤੀ ਕਿ ਇਹ ਕੋਈ ਠੱਗ ਮਹਿਕਮਾ ਹੈ। ਮੈਨੂੰ ਹੁਣ ਇਹ ਚਿੰਤਾ ਸੀ ਕਿ ਸ਼ਿੰਗਾਰਾ ਸਿੰਘ ਨਾਲ ਇਤਨੇ ਚਿਰ ਦੀ ਦੋਸਤੀ ਦਾ ਪਾਸ ਕਿਵੇਂ ਰੱਖਾਂ? ਇਹ ਉਸਦਾ ਘਰ ਹੈ, ਕੋਈ ਵੀ ਮਾੜੀ ਵਾਪਰੀ ਘਟਨਾ ਦਾ ਉਸਤੇ ਅਸਰ ਪੈਣਾ ਲਾਜ਼ਮੀ ਸੀ। ਇਹ ਤੇ ਮੇਰਾ ਯਕੀਨ ਸੀ ਕਿ ਪਤਾ ਉਸਨੂੰ ਵੀ ਨਹੀਂ ਹੋਏਗਾ ਕਿ ਕੀ ਹੋਣ ਵਾਲਾ ਹੈ। ਇਸ



ਗੱਲ ਦੀ ਪੁਸ਼ਟੀ ਵੀ ਹੋ ਗਈ ਜਦੋਂ ਉਸਨੇ ਭਰੀ ਸਭਾ ਵਿੱਚ ਇੱਕ ਉਲਟੀ ਗੱਲ ਵੀ ਕਰ ਦਿੱਤੀ ਸੀ ਜੋ ਇੱਥੇ ਲਿਖਣ ਦੇ ਕਾਬਲ ਨਹੀਂ। ਮਨਪ੍ਰੀਤ ਨੂੰ ਵੀ ਸ਼ਾਇਦ ਇਤਨਾ ਨਾ ਪਤਾ ਹੋਵੇ, ਜਿਤਨੀ ਵੱਡੀ ਬਿੱਲੀ ਥੈਲਿਉਂ ਬਾਹਰ ਆ ਗਈ ਸੀ। ਬਾਬਾ ਪੂਰੇ ਫੈਂਸੀ ਡਰੈਸ ਵਿੱਚ ਸੀ। ਚਿੱਟਾ ਕੁਰਤਾ ਪਜ਼ਾਮਾ ਤੇ ਉੱਤੇ ਚਿੱਟੀ ਗੋਲ ਪੱਗ ਬੰਨ੍ਹੀ ਸੀ। ਮੱਥੇ ਤੇ ਟਿੱਕਾ ਲਾਇਆ ਸੀ ਜਿਵੇਂ ਕਰਵਾ ਚੌਥ ਦੇ ਵਰਤ ਤੇ ਬੈਠਣਾ ਹੋਵੇ। ਸਾਰਿਆਂ ਨੇ ਹੱਥ ਬੰਨ੍ਹਕੇ ਸਤਿਕਾਰ ਕੀਤਾ। ਬਹੁਤਿਆਂ ਨੂੰ ਇਹ ਪਤਾ ਨਹੀਂ ਸੀ ਕਿ ਇਸ ਚੌਰੇ ਨੇ ਹੱਥ ਜੋੜਨ ਲਈ ਕੀ ਵਿਧਾ ਬਣਾਈ ਹੋਈ ਹੈ। ਦੋ ਚਾਰ ਜਨਾਨੀਆਂ ਨੇ ਵਿਛਕੇ ਮੱਥਾ ਟੇਕਿਆ।

ਸਰਗਰਮ ਔਰਤ ਨੇ ਕਾਗਜ਼ ਤੇ ਕੁੱਝ ਨਾਮ ਲਿਖੇ ਸਨ ਤੇ ਉਸ ਹਿਸਾਬ ਨਾਲ ਜੈਸੀ ਦੀ ਵਾਰੀ ਤੀਸਰੇ ਨੰਬਰ ਨਾਲ ਆ ਗਈ। ਅਸੀਂ ਜੈਸੀ ਨੂੰ ਖੜਾ ਕਰਨ ਲਈ ਉੱਠੇ ਤੇ ਮੈਂ ਬਾਬੇ ਦੀਆਂ ਅੱਖਾਂ ਵੱਲ ਵੇਖਿਆ। ਉਹ ਬੋਲਿਆ ਕਦੇ ਵੀ ਸੰਤਾਂ ਨਾਲ ਅੱਖਾਂ ਨਹੀਂ ਮਿਲਾਈਦੀਆਂ। ਆਖੋਂ ਨੀਚੀ ਕਰੋ। ਮੈਂ ਵੇਲੇ ਦੀ ਨਜ਼ਾਕਤ ਨੂੰ ਵੇਖ ਕੇ ਚੁੱਪ ਰਿਹਾ ਤੇ ਜੈਸੀ ਨੂੰ ਬਾਬੇ ਵੱਲ ਤੋਰ ਦਿੱਤਾ ਗਿਆ। ਬਾਬੇ ਨੇ ਬੜੇ ਹੀ ਕੁਰਖਤ ਤਰੀਕੇ ਨਾਲ ਜੈਸੀ ਦੀ ਬਾਂਹ ਫੜੀ ਤੇ ਆਪਣੀ ਸੀਟ ਕੋਲ ਕਰ ਲਿਆ। ਜੈਸੀ ਹੱਸ ਪਿਆ। ਉਸਦਾ ਤੇ ਕੰਮ ਹੀ ਹੱਸਣਾ ਸੀ ਭਾਵੇਂ ਕੋਈ ਦੁਸ਼ਮਣ ਵੀ ਹੋਵੇ। ਬਾਬਾ ਬੋਲਿਆ ਦੇਖ ਸੰਗਤੇ ਇਹ ਹੈ ਪਿੱਛਲੇ ਜਨਮ ਵਿੱਚ ਗੁਰੂ ਘਰ ਦਾ ਨਿੰਦਕ। ਇਸ ਜਨਮ ਵਿੱਚ ਸਜ਼ਾ ਭੁਗਤ ਰਿਹਾ ਹੈ। ਇਹ ਸੁਣਕੇ ਮੇਰਾ ਬਲਡ ਪਰੈਸ਼ਰ ਸਤਵੇਂ ਅਸਮਾਨ ਤੇ ਪਹੁੰਚ ਗਿਆ। ਮੈਂ ਜੋ ਕਦੇ ਵੀ ਕਿਤੇ ਉਲਝਦਾ ਨਹੀ ਹਾਂ ਮੇਰਾ ਦਿਲ ਕਰੇ ਕਿ ਬਾਬੇ ਦੀ ਪੱਗ ਲਾਕੇ ਇਹਦੇ ਹੱਥ ਵਿੱਚ ਫੜਾ ਦੇਵਾਂ। ਪਤਨੀ ਨੇ ਮੇਰੇ ਵੱਲ ਵੇਖਿਆ ਤੇ ਸ਼ਿੰਗਾਰਾ ਸਿੰਘ ਨੇ ਵੀ ਮੈਨੂੰ ਬਾਹਰ ਆਉਣ ਦਾ ਇਸ਼ਾਰਾ ਕੀਤਾ। ਮੈਂ ਬਾਹਰ ਚਲੇ ਗਿਆ। ਮੈਨੂੰ ਬਾਹਰ ਜਾਂਦਾ ਵੇਖਕੇ ਬਾਬਾ ਵੀ ਸਮਝ ਗਿਆ ਕਿ ਉਸਦਾ ਪੈਂਤਰਾ ਪੁੱਠਾ ਪੈਂਦਾ ਲਗਦਾ ਹੈ। ਸ਼ਿੰਗਾਰਾ ਸਿੰਘ ਨੇ ਪੁੱਛਿਆ ਕਿ ਕੀ ਇਰਾਦਾ ਹੈ ਪਾ ਲਈਏ ਲੰਮੇ? ਵੇਖੀਂ ਜਾਊ ਜੋ ਵੀ ਹੋਊ। ਮੇਰੇ ਕੋਲੋਂ ਤਾਂ ਕੋਈ ਗੱਲ ਹੀ ਨਹੀਂ ਹੋ ਰਹੀ ਸੀ। ਬਾਬੇ ਨੇ ਗੱਲ ਬਦਲ ਕੇ ਕਿਹਾ, ਇਹ ਨਿੰਦਕ ਨਹੀਂ ਬਲਕਿ ਦਾਹਵੇਦਾਰ ਸੀ ਗੱਦੀ ਦਾ। ਅਗਲਾ ਜਨਮ ਫਿਰ ਇਸਦਾ ਹੈ। ਅਸੀਂ ਜੈਸੀ ਨੂੰ ਲੈਕੇ ਘਰ ਆ ਗਏ।

ਇਹ ਹੈ ਤਲਖੀ ਜੋ ਮੈਨੂੰ ਕਦੇ ਵੀ ਨਹੀਂ ਭੁੱਲਦੀ। ਇੰਝ ਲਗਦਾ ਹੈ ਕਿ ਜੈਸੀ ਵੀ ਕਹਿ ਰਿਹਾ ਹੋਵੇ, ਜਾ ਉਏ ਡੈਡੀ ਤੂੰ ਕੋਈ ਬੰਦਾ ਹੈਂ? ਮੈਂ ਤਾਂ ਸਾਰੀ ਜ਼ਿੰਦਗੀ ਕਿਸੇ ਨੂੰ ਕੁੱਝ ਕਿਹਾ ਹੀ ਨਹੀਂ ਤੇ ਉਸਨੇ ਐਨਾ ਕੁੱਝ ਕਹਿ ਦਿੱਤਾ ਤੇ ਤੂੰ ਚੁੱਪ ਰਿਹਾ, ਲਾਹਨਤ ਹੈ ਤੇਰੇ ਤੇ। ਹੁਣ ਤੁਸੀਂ ਦਸੋ, ਕੀ ਇਹ ਮੇਰਾ ਜ਼ਿੰਦਗੀ ਭਰ ਦਾ ਤਨਾਵ ਹੈ ਜਾਂ ਤਲਖੀ? ਇਸ ਤਲਖੀ ਵਿੱਚ ਮੇਰਾ ਕੋਈ ਕਸੂਰ ਹੈ? ਤਲਖੀ ਉਦੋਂ ਹੀ ਹੁੰਦੀ ਹੈ ਜਦੋਂ ਕਿਸੇ ਹੋਰ ਦੇ ਕਰਨ ਨਾਲ ਅਸਰ ਤੁਹਾਡੇ ਤੇ ਹੁੰਦਾ ਹੈ। ਤਨਾਵ ਪ੍ਰਸਥਿਤੀਆਂ ਹਨ ਜਦ ਕਿ ਤਲਖੀ ਘਟਨਾ ਹੈ। ਕਦੇ ਇਹ ਵੀ ਹੁੰਦਾ ਹੈ ਕਿ ਕਿਸੇ ਦੇ ਕੁੱਝ ਨਾ ਕਰਨ (Ommission) ਨਾਲ ਵੀ ਤਲਖੀ ਪੈਦਾ ਹੋ ਜਾਂਦੀ ਹੈ। ਜਿਵੇਂ ਜੇ ਸ਼ਿੰਗਾਰਾ ਸਿੰਘ ਉਦੋਂ ਚੁੱਪ ਰਹਿੰਦਾ ਤਾਂ ਵੀ ਤਲਖੀ ਦਾ ਕਾਰਨ ਬਣ ਸਕਦਾ ਸੀ। ਹੁਣ ਤੁਸੀਂ ਦਸੋ ਮੇਰੀ ਇਸ ਤਲਖੀ ਦੇ ਆਲਮ ਵਿੱਚ ਤੁਸੀਂ ਕੀ ਕਰਦੇ? ਮੈਨੂੰ ਤੇ ਇਹ ਵੀ ਨਹੀਂ ਪਤਾ ਕਿ ਚੁੱਪ ਕਰਕੇ ਘਰ ਆ ਜਾਣਾ ਠੀਕ ਸੀ ਜਾਂ ਨਹੀ?

# ਜ਼ਿੰਦਗੀ ਖੂਬਸੂਰਤ ਹੈ/ਡਾ. ਇਕਬਾਲ ਸਿੰਘ ਗੋਦਾਰਾ

ਤਲਖੀਆਂ ਜੀਵਨ ਰੂਪੀ ਸਮੁੰਦਰ ਦੇ ਛੋਟੇ ਛੋਟੇ ਟਾਪੂ ਹਨ। ਇਹ ਜੀਵਨ ਦਾ ਅਭਿੰਨ ਤੇ ਅਟੁੱਟ ਅੰਗ ਹਨ। ਇਨ੍ਹਾਂ ਤੋਂ ਬਚਿਆ ਨਹੀਂ ਜਾ ਸਕਦਾ। ਇਨ੍ਹਾਂ ਸਾਹਮਣੇ ਢਹਿ-ਢੇਰੀ ਹੋਣ ਦੀ ਥਾਂ ਇਨ੍ਹਾਂ ਤੋਂ ਸਬਕ ਲੈ ਕੇ ਜੀਵਨ ਲਈ ਦਿਸ਼ਾ ਨਿਰਧਾਰਤ ਕੀਤੀ ਜਾ ਸਕਦੀ ਹੈ। ਤਲਖੀਆਂ ਨਾਲ ਮਨੁੱਖੀ ਸੰਬੰਧਾਂ ਅਤੇ ਵਿਰੋਧ ਵਿਚੋਂ ਹੀ ਜੀਵਨ ਦੀਆਂ ਸੰਰਚਨਾਵਾਂ ਸਾਹਮਣੇ ਆਉਂਦੀਆਂ ਹਨ। ਜੀਵਨ ਦੇ ਦੁੱਖਾਂ ਦਾ ਦਾਰੂ ਦੁੱਖਾਂ ਵਿਚੋਂ ਹੀ ਤਲਾਸ਼ ਕੀਤਾ ਜਾ ਸਕਦਾ ਹੈ।

ਇਤਿਹਾਸ ਗਵਾਹ ਹੈ ਕਿ ਮਨੁੱਖਤਾ ਦੇ ਸੰਕਟ ਦੀਆਂ ਘੜੀਆਂ ਨੇ ਹੀ ਮਹਾਨ ਸ਼ਖ਼ਸੀਅਤਾਂ ਅਤੇ ਮਹਾਨ ਰਚਨਾਵਾਂ ਨੂੰ ਜਨਮ ਦਿੱਤਾ ਹੈ। ਤਲਖੀਆਂ ਹੀ ਅਜਿਹਾ ਅਦਾਰਾ ਹੁੰਦਾ ਹੈ ਜਿਥੋਂ ਸਿਖਾਂਦਰੂ ਸਿਖਿਆ ਗ੍ਰਹਿਣ ਕਰ ਸਕਦਾ ਹੈ। ਠੀਕ ਹੀ ਕਿਹਾ ਜਾਂਦਾ ਹੈ ਕਿ ਸੋਨਾ ਕੁਠਾਲੀ 'ਚ ਪੈ ਕੇ ਹੀ ਕੁੰਦਨ ਬਣਦਾ ਹੈ। ਜੀਵਨ ਦੇ ਖੋਟ ਨੂੰ ਕੱਢਣ ਲਈ ਤਲਖੀ ਦੀ ਤਪਸ਼ ਸਹਾਈ ਹੋ ਸਕਦੀ ਹੈ :

ਸੋਜ ਕਨੂੰ ਤਕ ਸੜਿਆ ਸਾਰਾ
ਦੁਖਾਂ ਡੇਰੇ ਲਾਏ ਹੂ।
ਕੋਇਲ ਵਾਂਗ ਕੂਕੇਂਦੀ ਵੱਤਾਂ
ਮੌਲਾ ਮੀਂਹ ਵਰਸਾਏ ਹੂ।
ਬੋਲ ਪਪੀਹਾ ਸਾਵਣ ਆਇਆ
ਵੰਜੇ ਨ ਦਿਨ ਅਜਾਏ ਹੂ।
ਸਾਬਤ ਸਿਦਕ ਤੇ ਕਦਮ ਅਗੋਹਾ
ਇਹ ਗਲ ਯਾਰ ਮਿਲਾਏ ਹੂ।

ਕਈ ਵਾਰ ਕਮੀਆਂ ਤੇ ਕਿਤੇ ਕਾਮਨਾਵਾਂ ਮਨੁੱਖੀ ਜੀਵਨ 'ਚ ਤਲਖੀ ਦਾ ਕਾਰਨ ਬਣਦੀਆਂ ਹਨ। ਤੁਹਾਡੇ ਕੋਲੋਂ ਕੁਝ ਗੁਆਚ ਜਾਣ ਜਾਂ ਖੋਹੇ ਜਾਣ ਦਾ ਡਰ ਤਲਖੀ ਦਾ ਸੱਬਬ ਹੋ ਜਾਂਦਾ ਹੈ। ਸ਼ਾਇਦ ਏਸੇ ਕਰਕੇ ਕਿਹਾ ਗਿਆ ਹੋਵੇਗਾ 'ਢੱਗੀ ਨਾ ਵੱਛੀ ਨੀਂਦ ਆਏ ਅੱਛੀ।'

ਤੁਹਾਡੇ ਨਿੱਘੇ ਦੋਸਤ ਦੀ ਦੋਸਤੀ ਜਦੋਂ ਸਵਾਰਥ ਦੀ ਭੱਠੀ 'ਚ ਪੈ ਕੇ ਨਿੱਘ ਦੇਣ ਦੀ ਥਾਂ ਸੇਕ ਦਾ ਕਾਰਨ ਬਣ ਜਾਂਦੀ ਹੈ ਤਾਂ ਮਨੁੱਖੀ ਰਿਸ਼ਤਿਆਂ 'ਚ ਤਲਖੀ ਪੈਦਾ ਹੁੰਦੀ ਹੈ।

ਇਹੀ ਗੱਲ ਸਾਡੇ ਹੋਰ ਪਰਿਵਾਰਕ ਰਿਸ਼ਤਿਆਂ ਉਪਰ ਵੀ ਲਾਗੂ ਹੁੰਦੀ ਹੈ। ਇਹ ਸਿਲਸਿਲਾ ਉਦੋਂ ਹੋਰ ਵੀ ਵਿਕਰਾਲਰੂਪ ਗ੍ਰਹਿਣ ਕਰ ਜਾਂਦਾ ਹੈ ਜਦੋਂ ਮਨੁੱਖ ਦੇ ਖੂਨੀ ਰਿਸ਼ਤਿਆਂ, ਸਮਾਜਕ-ਸੰਬੰਧਾਂ ਵਿਚ ਰੋਕੜ-ਰਿਸ਼ਤਿਆਂ ਦੀ ਪ੍ਰਧਾਨਤਾ ਹੁੰਦੀ ਜਾਂਦੀ ਹੈ।

ਇਹ ਤਲਖੀ ਉਦੋਂ ਹੋਰ ਵੀ ਵੱਧ ਜਾਂਦੀ ਹੈ ਜਦੋਂ ਹੱਥ ਮਿਲਾ ਕੇ ਮਿਲਣ ਵਾਲੇ ਦੀ ਨਿਗ੍ਹਾਂ ਤੁਹਾਡੇ ਕਪੜਿਆਂ ਅਤੇ ਜੇਬਾਂ ਉਪਰ ਟਿੱਕੀ ਹੁੰਦੀ ਹੈ। ਇਹੀ ਤਲਖੀ ਸਮਾਜਕ ਸੰਸਥਾਵਾਂ ਦੇ ਨਿਘਾਰ ਦਾ ਅਧਾਰ ਬਣਦੀ ਜਾਂਦੀ ਹੈ।

ਸਮਕਾਲੀ ਸਮਿਆਂ 'ਚ ਮਨੁੱਖ ਨੇ ਇਨ੍ਹਾਂ ਤਲਖੀਆਂ ਨੂੰ ਵੱਖ-ਵੱਖ ਵਿਧੀਆਂ ਨਾਲ ਮਿਟਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਹਨ। ਰਸਮੀ-ਭਾਸ਼ਾ ਦੇ ਮੇਕ ਅੱਪ ਹੇਠਾਂ ਦੱਬੀ ਤਲਖੀ ਕਿਸੇ ਨਾ ਕਿਸੇ ਰੂਪ ਵਿਚ ਜਾਹਰ ਹੋ ਹੀ ਜਾਂਦੀ ਹੈ। ਬਨਾਵਟੀ ਮੁਸਕਰਾਹਟਾਂ ਇਸ ਨੂੰ ਕੱਜਣ ਦੀ ਅਸਫਲ ਕੋਸ਼ਿਸ਼ ਕਰਦੀਆਂ ਹਨ। ਸਭ ਤੋਂ ਖਤਰਨਾਕ ਹੈ ਨਸ਼ਿਆਂ ਦੀ ਤਹਿ ਹੇਠ ਤਲਖੀ ਨੂੰ ਛੁਪਾਉਣ ਦੀ ਕੋਸ਼ਿਸ ਜਿਹੜੀ ਸਗੋਂ ਨਵੀਂਆਂ ਤਲਖੀਆਂ ਨੂੰ ਜਨਮ ਦਿੰਦੀ ਹੈ। ਤਲਖ-ਹਕੀਕਤ ਦੀ ਤਲਖੀ ਤੋਂ ਬਚਾਓ ਦਾ ਇਹੀ ਵਿਧਾਨ ਹੈ ਕਿ ਹਕੀਕਤ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਤਕਿਆ ਜਾਵੇ। ਤਲਖੀ



ਸੰਮੋਹਨ ਤੋਂ ਬਚਾਓ ਦਾ ਸਾਧਨ ਅੱਖਾਂ ਮੀਟ ਲੈਣ ਵਿਚ ਨਹੀਂ ਸਗੋਂ ਮਾਨਸਿਕ ਤੌਰ 'ਤੇ ਤਲਖ ਹਕੀਕਤ ਦਾ ਸਾਹਮਣਾ ਕਰਨ 'ਚ ਹੀ ਨਜ਼ਰ ਆਉਂਦਾ ਹੈ।

ਨਿੱਜੀ ਤੌਰ 'ਤੇ ਕੁਝ ਗੱਲਾਂ ਜੋ ਕਦੇ ਨਾ ਕਦੇ ਕਿਸੇ ਨਾ ਕਿਸੇ ਰੂਪ 'ਚ ਦਿਲ-ਓ-ਦਿਮਾਗ ਲਈ ਘੱਟ ਜਾਂ ਵੱਧ ਤਕਲੀਫ ਦੇਹ ਹੋਣਗੀਆਂ ਕਿਸੇ ਨਾਲ ਸਾਂਝੀਆਂ ਕਰਨ ਜਾਂ ਲਿਖਣ ਨੂੰ ਦਿਲ ਨਹੀਂ ਕਰਦਾ।

ਮੈਂ ਆਪਣੀ ਤਕਲੀਫ ਕਿਸੇ ਨੂੰ ਦੱਸਣ 'ਚ ਬੜੀ ਝਿਜਕ ਮਹਿਸੂਸ ਕਰਦਾ ਹਾਂ। ਇਥੋਂ ਤੱਕ ਕਿ ਅੱਤ ਨਜ਼ਦੀਕੀ ਰਿਸ਼ਤਿਆਂ ਨੂੰ ਵੀ ਮੈਂ ਆਪਣੀ ਨਿੱਜੀ ਪੀੜ ਦੇ ਸੇਕ ਤੋਂ ਬਚਾਈ ਰੱਖਦਾ ਹਾਂ। ਜਾਂ ਇੰਜ ਕਹਿ ਲਵੋ ਕਿ ਮੈਂ ਵਧੇਰੇ ਕਰਕੇ ਸਵੈ-ਕੇਂਦਰਿਤ ਹਾਂ। ਪਰ, ਕੋਈ ਹੰਕਾਰ ਨਹੀਂ, ਘੁਮੰਡ ਨਹੀਂ, ਕਦੇ ਕਦੇ ਆਪਣੇ ਆਪ 'ਚ ਚੰਗੇ ਹੋਣ ਦਾ ਅਹਿਸਾਸ ਹੁੰਦਾ ਹੈ। ਇਹੀ ਕਾਰਨ ਹੈ ਕਿ ਮੈਂ ਕਿਸੇ ਦੁਆਰਾ ਦਿੱਤੀ ਗਈ ਤਲਖ਼ੀ ਨੂੰ ਛੇਤੀ ਭੁੱਲ-ਭੁਲਾ ਜਾਂਦਾ ਹਾਂ।

ਫਿਰ ਕਈ ਵਾਰ ਲੱਗਦਾ ਹੈ ਕਿ ਉਹ ਗੱਲ ਮੇਰੇ ਅਚੇਤ ਦਾ ਹਿੱਸਾ ਬਣ ਗਈ ਹੋਵੇ।

ਮੇਰਾ ਬਚਪਨ ਚੰਗੇ ਖਾਂਦੇ ਪੀਂਦੇ ਪੇਂਡੂ-ਆਰਥਕਤਾ ਵਾਲੇ ਜੱਟ ਪਰਿਵਾਰ ਨਾਲ ਹੈ। ਇਹ ਵਰਤਾਰਾ ਬੜਾ ਆਮ ਹੀ ਸੀ ਕਿ ਬੱਚੇ ਪੜ੍ਹ ਕੇ ਲਿਖ ਕੇ ਕੋਈ ਅਫਸਰ ਜਾਂ ਡਾਕਟਰ ਬਣ ਜਾਣ। ਮੇਰੀ ਰੁਚੀ ਉਸ ਵੇਲੇ ਕਵਿਤਾਵਾਂ, ਨਾਵਲ, ਕਹਾਣੀ ਆਦਿ ਪੜ੍ਹਨ 'ਚ ਸੀ ਜਿਸ ਨੂੰ ਚੋਰੀ-ਛਿਪੇ ਪੂਰਾ ਕਰਨਾ ਪੈਂਦਾ ਸੀ। 'ਸੱਚ ਨੂੰ ਫਾਂਸੀ' ਮੈਂ ਆਪਣੇ ਮਾਂ ਪਿਉ ਤੋਂ ਚੋਰੀ ਪੜ੍ਹਿਆ ਸੀ। ਮੇਰੀ 'ਨਾਨੀ' ਜਿਸ ਨੂੰ ਮੈਂ ਬਹੁਤ ਪਿਆਰ ਕਰਦਾ ਸੀ, ਨੇ ਕਹਿਣਾ,

"ਵੇ ਕਿਉਂ ਐਵੇਂ ਅੱਖਾਂ ਗਾਲੀ ਜਾਨਾਂ। ਕੋਈ ਪੜ੍ਹਾਈ ਵਾਲੀ ਪੋਥੀ ਪੜ੍ਹਿਆਂ ਕਰ।" ਮੈਂ ਚੁੱਪ ਕਰਕੇ ਸੁਣ ਲੈਣਾ।

ਮੈਨੂੰ ਨਵੀਂਆਂ ਪੁਸਤਕਾਂ ਦਾ ਬੜਾ ਚਾਅ ਹੁੰਦਾ ਸੀ। ਮੇਰੇ ਬਚਪਨ ਦੀ ਤਲਖੀ ਇਹ ਸੀ ਕਿ ਮੇਰੀ ਮਾਂ ਕਿਤਾਬ ਖਰੀਦਣ ਲਈ ਪੈਸੇ ਦੇਣ ਤੋਂ ਇਨਕਾਰ ਤਾਂ ਨਹੀਂ ਸੀ ਕਰਦੀ ਪਰ ਇਸ ਮੰਗ ਨੂੰ ਟਾਲਦੀ ਰਹਿੰਦੀ ਸੀ। ਮੈਨੂੰ ਬੜੀ ਤਕਲੀਫ ਹੁੰਦੀ ਸੀ। ਜੀਅ ਕਰਦਾ ਸੀ ਘਰੋਂ ਪੈਸੇ ਚੋਰੀ ਕਰ ਲਵਾਂ। ਇਹੀ ਕਾਰਨ ਹੋਵੇਗਾ ਕਿ ਮੈਂ ਆਪਣੇ ਵਿਦਿਆਰਥੀਆਂ ਨੂੰ ਕੋਈ ਕਿਤਾਬ ਦੇਣ 'ਚ ਰਤੀ ਭਰ ਵੀ ਝਿਜਕ ਮਹਿਸੂਸ ਨਹੀਂ ਕਰਦਾ। ਮੇਰੀ ਪਤਨੀ ਮੇਰੇ ਪੁੱਤਰ ਨੂੰ ਕਹਿੰਦੀ ਹੁੰਦੀ ਐ, "ਤੇਰੇ ਪਾਪਾ ਕੋਲੋਂ ਕਿਤਾਬ ਲਈ ਜਿੰਨੇ ਪੈਸੇ ਮਰਜੀ ਮੰਗ ਲੈ ਨਾਂਹ ਨਹੀਂ ਕਰਦੇ। ਹਾਂ-ਜੇ ਕਿਸੇ ਸੂਟਬੂਟ ਲਈ ਮੰਗੀਏ ਤਾਂ ਟਾਲ ਮਟੋਲ ਕਰ ਜਾਂਦੇ ਐ।"

ਮੇਰੇ ਬਚਪਨ ਵਿਚ ਮਾਪਿਆਂ ਦੀ ਇਹੀ ਇਕ ਤਲਖੀ ਮੇਰੇ ਪੁਸਤਕ ਪ੍ਰੇਮ (ਜਿੰਨਾ ਵੀ ਹੈ) ਦਾ ਸੱਬਬ ਬਣਦੀ ਗਈ। ਹੁਣ ਜਦੋਂ ਵੀ ਕਿਤੇ ਗ਼ਮ ਦੁਖ ਦੇ ਕਾਲੇ ਸਾਏ ਮੈਨੂੰ ਆ ਘੇਰਦੇ ਹਨ ਤਾਂ ਪੁਸਤਕਾਂ ਇਕ ਅਦਿੱਖ ਢਾਲ ਬਣਕੇ ਮੈਨੂੰ ਬਚਾ ਲੈਂਦੀਆਂ ਹਨ।

ਦੂਜੀ ਗੱਲ-ਮੈਂ ਉਪਰੋਂ ਬੜਾ ਸਖ਼ਤ ਮਿਜ਼ਾਜ ਪਰ ਅੰਦਰੋਂ ਬੜਾ ਭਾਵੁਕ ਇਨਸਾਨ ਹਾਂ। ਰਿਸ਼ਤਿਆਂ ਦੀ ਮੇਰੀ ਪਹੁੰਚ ਅਜੇ ਵੀ ਰੋਕੜ ਆਧਾਰਿਤ ਨਹੀਂ ਹੈ। ਪਰ ਮੈਂ ਕਈ ਵਾਰੀ ਇਹ ਉਮੀਦ ਲਾਈ ਬੈਠਾ ਹੁੰਦਾ ਹਾਂ ਕਿ ਦੂਜਾ ਮੇਰੀ ਇਸ ਭਾਵੁਕਤਾ ਨੂੰ ਜਾਣੇ-ਪਛਾਣੇ, ਜਦੋਂ ਕਿ ਮੈਂ ਜਾਹਰ ਤੌਰ 'ਤੇ ਅਜਿਹੀ ਕੋਈ ਹਰਕਤ ਨਹੀਂ ਕਰਦਾ ਕਿ ਮੇਰੇ ਭਾਵੁਕ ਸਨੇਹ ਦਾ ਉਸਨੂੰ ਪਤਾ ਲੱਗ ਜਾਵੇ। ਮੈਨੂੰ ਜੋ ਵਧੇਰੇ ਪਿਆਰਾ ਹੈ ਉਸਨੂੰ ਮੈਂ ਕਰੜਾ ਬੋਲਦਾ ਹਾਂ। ਮੈਨੂੰ ਸਭ ਤੋਂ ਵਧੇਰੇ ਤਲਖੀ ਉਦੋਂ ਆਈ ਜਦੋਂ ਘਰੇਲੂ ਵੰਡ ਵੰਡਾਈ ਵਿਚ ਮੈਨੂੰ ਮੇਰੇ ਬਾਪ ਅੱਗੇ ਬੋਲਣਾ ਪਿਆ। ਇਹ ਪਹਿਲੀ ਵਾਰੀ ਸੀ ਕਿ ਮੈਂ ਆਪਣੇ ਵਾਸਤੇ ਨਹੀਂ ਸਗੋਂ ਪਰਿਵਾਰਕ ਰੂਪ 'ਚ ਹੋ ਰਹੀ ਅਸੰਤੁਲਿਤ ਵੰਡ ਖਿਲਾਫ ਜ਼ੁਬਾਨ ਖੋਲ੍ਹੀ। ਉਸ ਤੋਂ ਬਾਅਦ ਮੈਂ ਆਪਣੇ ਮਾਂ-ਪਿਉ ਤੋਂ ਆਪਣੇ ਲਈ ਕੁਝ ਨਹੀਂ ਮੰਗਿਆ। ਇਹ

ਤਲਖੀ ਮੈਂ ਹੰਢਾਈ ਗਿਆ, ਇਸ ਦੀ ਪੂਰਤੀ ਮੇਰੇ ਪੁੱਤਰ ਦੀ ਨੌਕਰੀ ਨੇ ਕਰ ਦਿੱਤੀ।

ਮੈਂ ਪਰਮਾਤਮਾ ਦਾ ਬਹੁਤ ਵਿਸ਼ਵਾਸ ਤਾਂ ਨਹੀਂ ਕਰਦਾ ਪਰ ਮੈਨੂੰ ਇਹ ਅਹਿਸਾਸ ਜ਼ਰੂਰ ਰਿਹਾ ਹੈ ਕਿ 'ਤੁਹਾਡੀ ਔਕਾਤ' ਮੁਤਾਬਕ 'ਰੱਬ' ਜ਼ਰੂਰ ਹੀ ਤੁਹਾਡੀ ਸਹਾਇਤਾ ਕਰਦਾ ਹੈ। ਮੈਂ ਆਪਣੀ ਔਕਾਤ ਤੋਂ ਵਧੇਰੇ ਜ਼ਿੰਦਗੀ ਤੋਂ ਕੁਝ ਨਹੀਂ ਮੰਗਿਆ। 'ਰੱਬਾ ਮੇਰੇ ਹਾਲ ਦਾ ਮਹਿਰਮ ਤੂੰ' ਜਾਂ 'ਤੇਰੇ ਸਾਹਮਣੇ ਬੈਠ ਕੇ ਰੋਣਾ ਤੇ ਦੁੱਖ ਤੈਨੂੰ ਨਹੀਂਓਂ ਦੱਸਣਾ' ਪਰ ਫਿਰ ਵੀ ਮੇਰਾ ਆਦਰਸ਼ ਵਾਕ ਹੈ-'ਜ਼ਿੰਦਗੀ ਖ਼ੂਬਸੂਰਤ ਹੈ।'

**ਪੰਨਾ : 66 ਦਾ ਬਾਕੀ**

ਮੇਰਾ ਫੈਸਲਾ ਹੈ ਕਿ ਪੈਨੀ ਪੈਨੀ ਹਰ ਅਦਾਰੇ ਦੀ ਵਾਪਸ ਕਰਾਂਗਾ। ਚਾਹੇ ਬੈਂਕ ਹੋਵੇ ਜਾਂ ਕੋਈ ਹੋਰ ਕੰਪਨੀ ਜਾਂ ਦੋਸਤ। ਮੈਂ ਦੁਕਾਨ ਵਿਚੋਂ ਬਿਲਕੁਲ ਖਾਲੀ ਹੱਥ ਨਿਕਲਣ ਲਈ ਤਿਆਰ ਹਾਂ ਜੋ ਕਿ ਹੁਣ ਯਕੀਨੀ ਦਿਸ ਹੀ ਰਿਹਾ ਹੈ ਪਰ ਆਪਣੇ ਨਾਂ ਉਪਰ ਕੋਈ ਧੱਬਾ ਨਹੀਂ ਲਗਾਉਣਾ ਚਾਹੁੰਦਾ। ਕੁਝ ਲੋਕ ਮੇਰੇ ਫੈਸਲੇ ਤੇ ਹੱਸ ਵੀ ਰਹੇ ਹਨ। ਇਹ ਫਿਕਰ ਵੀ ਕਰਦੇ ਹਨ ਕਿ ਦੁਕਾਨ ਵਿਚੋਂ ਨਿਕਲ ਕੇ ਮੈਂ ਕਿਥੇ ਜਾਵਾਂਗਾ, ਉਹ ਸੱਚੇ ਵੀ ਹਨ।

ਕਦੇ ਮੇਰੀ ਇਹ ਦੁਕਾਨ ਢਾਈ ਲੱਖ ਪੌਂਡ ਦੀ ਰਹੀ ਹੈ, ਇਸ ਵੇਲੇ ਮੰਦਵਾੜੇ ਕਾਰਨ ਇਸ ਨੂੰ ਕੋਈ ਨਹੀਂ ਪੁੱਛ ਰਿਹਾ। ਇਸ ਵੇਲੇ ਮੇਰੇ ਸਿਰ ਅੱਸੀ ਹਜ਼ਾਰ ਪੌਂਡ ਕਰਜ਼ਾ ਹੈ। ਰੂਬਨ ਨਾਂ ਦਾ ਇਕ ਸ੍ਰੀਲੰਕਨ ਆਉਂਦਾ ਹੈ। ਉਸ ਕੋਲ ਅੱਸੀ ਹਜ਼ਾਰ ਪੌਂਡ ਹੈ, ਉਸ ਨੂੰ ਸੌਦਾ ਬਹੁਤ ਸਹੀ ਲਗਦਾ ਹੈ।

ਬਾਹਰ ਬਹੁਤ ਠੰਢ ਹੈ। ਲਗਦਾ ਹੈ ਸਨੋਅ ਪਵੇਗੀ। ਦੋਨੋਂ ਬੱਚੀਆਂ ਮੈਂ ਉਂਗਲ ਲਾਈਆਂ ਹੋਈਆਂ ਹਨ। ਬਿਲਾਵਲ ਨੂੰ ਪਤਨੀ ਨੇ ਚੁੱਕਿਆ ਹੋਇਆ ਹੈ ਤੇ ਅਸੀਂ ਬਾਹਰ ਸੜਕ ਤੇ ਖੜੇ ਆਪਣੀ ਦੁਕਾਨ ਵੱਲ ਦੇਖ ਰਹੇ ਹਾਂ। ਦੁਕਾਨ ਦੀਆਂ ਚਾਬੀਆਂ ਰੂਬਨ ਨੂੰ ਫੜਾ ਚੁੱਕੇ ਹਾਂ।

## ਮਾਂ/ਰਣਜੀਤ ਆਦੀਵਾਲ

ਮਾਂ ਬਾਪ ਦੀ ਕਰ ਲੈ ਸੇਵਾ ਸਭ ਕੁਝ ਹਾਸਲ ਕਰ ਜਾਵੇਂਗਾ।
ਦੁਨੀਆਂ ਦੇ ਭਵ ਸਾਗਰ ਵਿੱਚ ਤੂੰ ਕਿਸ਼ਤੀ ਵਾਂਗੂ ਤਰ ਜਾਵੇਂਗਾ।
ਮਾਂ ਦੇ ਪੈਰਾਂ ਥੱਲੇ ਵਸਦੀ ਜੰਨਤ ਅਰਸ਼ਾਂ ਦੀ,
ਮੰਜ਼ਿਲ ਆਪੇ ਲੱਭ ਜਾਵੇਗੀ ਜੇ ਹੱਥ ਬਾਪੂ ਦਾ ਫੜ ਲੈਂ ਗਾ।
ਇੰਨੀ ਰੱਬ ਦੀ ਵੀ ਨਹੀਂ ਤਾਕਤ ਤੈਨੂੰ ਜਨਮ ਉਹ ਦੇ ਦੇਵੇ,
ਮਾਂ ਦੇ ਜੰਮੇ ਬਿਨਾ ਕਿਵੇਂ ਪੈਰ ਧਰਤੀ ਉੱਤੇ ਧਰ ਲੈਂ ਗਾ।
ਉਠਕੇ ਨਿੱਤ ਸਵੇਰੇ ਪੂਜਾ ਕਰਦਾ ਪੁਤਲਿਆਂ ਦੀ,
ਮਾਂ ਦੇ ਪੈਰੀਂ ਹੱਥ ਲਾ ਲੈ ਰਣਜੀਤ, ਖਾਲੀ ਝੋਲੀ ਭਰ ਲੈਂ ਗਾ।



## ਪੁੱਤ ਜਦ ਤੂੰ ਸੌਖਾ ........../ਰਚਨਾ ਮਹਿਰੋਕ

ਮਾਂ ਦੀ ਅੰਤਿਮ ਅਰਦਾਸ ਹੋ ਚੁੱਕੀ ਸੀ। ਰਿਸ਼ਤੇਦਾਰ ਘਰੋਂ ਘਰੀਂ ਜਾ ਚੁੱਕੇ ਸਨ। ਵੇਖਣ ਨੂੰ ਘਰ ਵਿੱਚ ਸਭ ਕੁੱਝ ਸਾਵਾਂ ਲੱਗ ਰਿਹਾ ਸੀ। ਜੇ ਕਿਧਰੇ ਕੁੱਝ ਸਾਵਾਂ ਨਹੀਂ ਸੀ ਤਾਂ ਉਹ ਸੀ ਮੇਰਾ ਅੰਦਰ। ਮਾਂ ਦੀ ਮੌਤ ਤੋਂ ਬਾਅਦ ਮੈਂ ਬਿਲਕੁਲ ਡਾਵਾਂਡੋਲ ਹੋ ਚੁੱਕਾ ਸੀ। ਜਦ ਮੈਂ ਆਪਣੇ ਮਨ ਅੰਦਰ ਝਾਤ ਮਾਰ ਕੇ ਵੇਖਦਾ ਤਾਂ ਸਾਂਅ-ਸਾਂਅ ਦੀਆਂ ਅਜੀਬ ਅਵਾਜ਼ਾਂ ਮਹਿਸੂਸ ਕਰਦਾ। ਮੈਂ ਤ੍ਰਬਕ ਉੱਠਦਾ, ਪਹਿਲਾਂ ਤਾਂ ਇੰਜ ਕਦੀ ਨਹੀਂ ਸੀ ਹੋਇਆ। ਜਦ ਮਾਂ ਜਿਉਂਦੀ ਸੀ, ਤਾਂ ਇਹ ਘਰ ਕਿੰਨਾ ਭਰਿਆ ਭਰਿਆ ਲਗਦਾ ਸੀ। ਮਾਂ ਸਾਰਾ ਦਿਨ ਨਿੱਕੇ ਨਿੱਕੇ ਕੰਮਾਂ ਵਿੱਚ ਰੁੱਝੀ ਰਹਿੰਦੀ। ਮੇਰੀ ਪਤਨੀ ਰਾਜੂ ਨੂੰ ਮਾਂ ਨੇ ਕਦੇ ਔਖ ਮਹਿਸੂਸ ਨਹੀਂ ਸੀ ਹੋਣ ਦਿੱਤੀ। ਜੇਕਰ ਰਾਜੂ ਕਿਧਰੇ ਰਤਾ ਢਿੱਲੀ ਹੋ ਜਾਂਦੀ ਤਾਂ ਮਾਂ ਉਸਦੀ ਇੰਜ ਸੇਵਾ ਕਰਦੀ, ਜਿਵੇਂ ਰਾਜੂ ਉਸਦੀ ਨੂੰਹ ਨਹੀਂ, ਬਲਕਿ ਧੀ ਹੋਵੇ।

ਬੱਚਿਆਂ ਵੱਲੋਂ ਕੀਤੇ ਜਾ ਰਹੇ ਸ਼ੋਰ ਨਾਲ ਮੇਰੀ ਸੋਚਾਂ ਦੀ ਲੜੀ ਟੁੱਟ ਗਈ। ਉਹ ਸ਼ਰਾਰਤਾਂ ਵਿੱਚ ਰੁੱਝੇ ਹੋਏ ਨੇ ਅਤੇ ਰਾਜੂ ਘਰ ਦਾ ਭਾਂਡਾ ਟੀਂਡਾ ਸੰਭਾਲ ਰਹੀ ਹੈ ਅਤੇ ਇੱਕ ਮੈਂ ਹਾਂ ਜੋ ਪਿਛਲੇ ਇੱਕ ਘੰਟੇ ਤੋਂ ਥਾਂਏਂ ਹੀ ਬੈਠਾ ਹਾਂ, ਕੋਈ ਹਿਲਜੁਲ ਨਹੀਂ। ਪਿਛਲੇ ਇੱਕ ਘੰਟੇ ਤੋਂ ਹੀ ਨਹੀਂ, ਸ਼ਾਇਦ ਪਿਛਲੇ ਬਾਰ੍ਹਾਂ ਵਰ੍ਹਿਆਂ ਤੋਂ ਖੜੋਤ ਵਿੱਚ ਹਾਂ। ਜਿਵੇਂ ਖੜ੍ਹਾ ਪਾਣੀ ਹਵਾਂਕਿਆ ਜਾਂਦਾ ਹੈ, ਉਵੇਂ ਮੈਨੂੰ ਆਪਣੇ ਆਪ ਵਿੱਚੋਂ ਅਜੀਬ ਜਿਹੀ ਹਵਾਂਕ ਆਉਂਦੀ ਜਾਪੀ। ਲਗਦਾ ਏ ਇਸ ਹਵਾਂਕ ਵਿੱਚ ਮੇਰਾ ਦਮ ਘੁਟ ਜਾਵੇਗਾ ਅਤੇ ਮੈਂ ਵੀ ਮਾਂ ਨਾਲ ਜਾ ਰਲਾਂਗਾ। ਠੀਕ ਏ, ਜੇ ਮਾਂ ਕੋਲ ਚਲਾ ਜਾਵਾਂ ਤਾਂ ਉਸਦੇ ਪੈਰੀਂ ਡਿੱਗ ਮਾਫ਼ੀ ਮੰਗ ਲਵਾਂਗਾ। ਉਸਨੂੰ ਮਨਾ ਲਵਾਂਗਾ। ਉਹਦੇ ਪੈਰੀਂ ਡਿੱਗਿਆ ਪਿਆ ਹੀ ਕਹੂੰ, "ਇੰਜ ਪੁੱਤਰਾਂ ਤੋਂ ਰੁੱਸ ਕੇ ਨਹੀਂ ਜਾਈਦਾ ਮਾਂ।"

ਅਚਾਨਕ ਹੋਸ਼ ਵਿੱਚ ਪਰਤਦਾ ਹਾਂ। ਪੂਰੀ ਵਾਹ ਲਗਾ ਦੇ ਉੱਠਣ ਦੀ ਕੋਸ਼ਿਸ਼ ਕਰਦਾ ਹਾਂ, ਪਰ ਉੱਠਿਆ ਨਹੀਂ ਜਾ ਰਿਹਾ ਜਿਵੇਂ ਸਾਹ ਸਤ ਹੀ ਨਾ ਰਿਹਾ ਹੋਵੇ। ਇਹ ਕੀ ਹੋ ਗਿਆ ਸੀ ਮੈਨੂੰ? ਮੇਰਾ ਹੌਸਲਾ, ਮੇਰੀ ਸ਼ਕਤੀ ਜਿਵੇਂ ਮਾਂ ਦੇ ਨਾਲ ਹੀ ਤੁਰ ਗਈ ਸੀ। ਉਸ ਮਾਂ ਨਾਲ ਜੋ ਆਪਣੀਆਂ ਅਣਪੁੱਜੀਆਂ ਰੀਝਾਂ ਆਪਣੇ ਮਨ ਅੰਦਰ ਲੈ ਦੂਰ ਕਿਧਰੇ ਦੁਮੇਲ ਨਾਲ ਮਿਲ ਗਈ ਸੀ। ਮੈਂ ਜਿਵੇਂ ਤਿਵੇਂ ਪੈਰਾਂ ਨੂੰ ਘੜੀਸਦਾ ਹੋਇਆ ਘਰ ਦੇ ਕੰਮਾਂ ਵਿੱਚ ਰੁੱਝ ਜਾਂਦਾ ਹਾਂ। ਪਰ ਮਾਂ ਦੀ ਅਣਹੋਂਦ ਨੇ ਮੈਨੂੰ ਮੇਰੀ ਹੋਂਦ ਭੁਲਾ ਦਿੱਤੀ ਸੀ। ਦਿਨ ਢਲ੍ਹਣ ਲੱਗਾ ਸੀ। ਪੰਛੀ ਆਪਣੇ ਆਲ੍ਹਣਿਆਂ ਵੱਲ ਪਰਤਣ ਲੱਗੇ ਸਨ।

ਰਾਤ ਨੂੰ ਵੀ ਮੰਜੇ 'ਤੇ ਪਿਆ ਉਸਲ ਵੱਟੇ ਲੈਂਦਾ ਰਿਹਾ। ਨੀਂਦ ਜਿਵੇਂ ਖੰਭ ਲਗਾ ਕੇ ਉੱਡ ਗਈ ਸੀ। ਸੌਣ ਦੀ ਕੋਸ਼ਿਸ਼ ਕੀਤੀ ਤਾਂ ਅਜੀਬ ਜਿਹੇ ਖਿਆਲਾਂ ਨੇ ਮੈਨੂੰ ਘੇਰਾ ਪਾ ਲਿਆ। ਅਧਸੁਤੇ ਜਿਹੇ ਨੂੰ ਉਹੀ ਸੁਪਨਾ ਆਇਆ ਜੋ ਪਿਛਲੇ ਹਫ਼ਤੇ ਤੋਂ ਵਾਰ ਵਾਰ ਤੰਗ ਕਰ ਰਿਹਾ ਸੀ। ਇਸ ਸੁਪਨੇ ਵਿੱਚ ਮੈਂ ਦੇਖਦਾ ਹਾਂ ਕਿ ਇੱਕ ਅਰਥੀ ਜਾ ਰਹੀ ਹੈ, ਲੋਕ ਰੋ ਕੁਰਲਾ ਰਹੇ ਨੇ। ਮੈਂ ਵੀ ਇਸ ਅਰਥੀ ਦੇ ਮਗਰ ਜਾਂਦੇ ਲੋਕਾਂ ਵਿੱਚ ਸ਼ਾਮਿਲ ਸਾਂ। ਪਤਾ ਨਹੀਂ ਸਾਰਿਆਂ ਨੇ ਦੇਖਿਆ ਕਿ ਮੈਂ ਇਕੱਲੇ ਨੇ ਹੀ ਜਾਂ ਕੀ ਪਤਾ ਮੇਰਾ ਵਹਿਮ ਹੀ ਹੋਵੇ। ਅਰਥੀ ਤੋਂ ਇੱਕ ਬਾਂਹ ਲਮਕ ਕੇ ਕਫ਼ਨ ਵਿੱਚੋਂ ਬਾਹਰ ਆਈ। ਕਦੇ ਉਹ ਸੱਖਣਾ ਹੱਥ ਮੈਨੂੰ ਮੇਰੀ ਮੋਈ ਮਾਂ ਦਾ ਲਗਦਾ ਏ ਤੇ ਕਦੇ ਉਸ ਬਾਂਹ ਤੋਂ ਪੰਜਾ ਗਾਇਬ ਹੋ ਜਾਂਦਾ ਏ ਤੇ ਮੈਨੂੰ ਇਸ ਦੇ ਮੇਰੀ ਬਾਜੀ ਦੀ ਟੁੰਡੀ ਬਾਂਹ ਹੋਣ ਦਾ ਝਾਉਲਾ ਪੈਂਦਾ।

ਇਹ ਸਭ ਕੀ ਹੋ ਰਿਹਾ ਹੈ? ਮੈਂ ਘਬਰਾ ਕੇ ਉੱਠ ਬੈਠਦਾ ਹਾਂ। ਅੱਜ ਮੈਨੂੰ ਮੇਰੇ ਬਾਜੀ ਬਹੁਤ ਯਾਦ ਆ ਰਹੇ ਨੇ। ਕਿੰਨੇ ਬਹਾਦਰ ਸਨ ਉਹ? ਜੰਗ ਦੇ ਮੈਦਾਨ ਵਿੱਚ ਦੁਸ਼ਮਣਾਂ ਨਾਲ ਲੋਹਾ

ਲੈਂਦੇ ਹੋਏ ਉਹ ਆਪਣਾ ਹੱਥ ਗਵਾ ਬੈਠੇ ਤੇ ਸਰੀਰਕ ਤੌਰ 'ਤੇ ਅਪਾਹਜ ਹੋ ਗਏ। ਨੌਕਰੀ ਜਾਂਦੀ ਰਹੀ ਤਾਂ ਘਰ ਦੇ ਹਾਲਾਤ ਵੀ ਬਦਲਨ ਲੱਗੇ। ਬਾਜੀ ਨੂੰ ਸਰਕਾਰ ਨੇ ਕੋਈ ਆਰਥਿਕ ਸਹਾਇਤਾ ਨਾ ਦਿੱਤੀ।

ਤੰਗੀਆਂ ਤੁਰਸ਼ੀਆਂ ਨਾਲ ਦੋ ਚਾਰ ਹੁੰਦਿਆਂ ਮੈਂ ਜਿਵੇਂ ਕਿਵੇਂ ਬੀ.ਏ. ਕਰ ਲਈ। ਹੁਣ ਮੈਂ ਪੜ੍ਹਾਈ ਛੱਡਣ ਦਾ ਮਨ ਬਣਾ ਲਿਆ ਸੀ। ਮੈਂ ਜਾਣਦਾ ਸਾਂ ਕਿ ਮੇਰੇ ਘਰ ਦੇ ਹਾਲਾਤ ਹੋਰ ਪੜ੍ਹਾਈ ਲਈ ਇਜ਼ਾਜਤ ਨਹੀਂ ਦਿੰਦੇ। ਮੇਰੀ ਪੜ੍ਹਾਈ ਵਿੱਚੇ ਛੁੱਟ ਜਾਂਦੀ ਜੇਕਰ ਮਾਂ ਆਪਣੀ ਸੋਨੇ ਦੀ ਚੂੜੀ ਵੇਚ ਕੇ ਮੇਰਾ ਦਾਖਲਾ ਨਾ ਭਰਦੀ। ਬਾਜੀ ਨੇ ਮਾਂ ਨੂੰ ਬੜ੍ਹਾ ਵਰਜਿਆ, ਪਰ ਉਹ ਆਪਣੀ ਸੋਨੇ ਦੀ ਚੂੜ੍ਹੀ ਵੇਚ ਮੇਰਾ ਦਾਖਲਾ ਬੀ.ਐੱਡ. ਵਿੱਚ ਭਰਨ ਲਈ ਬਜਿਦ ਸੀ। ਉਹ ਤਾਂ ਇੱਕੋ ਰਟ ਲਗਾਈ ਜਾਂਦੀ ਕਿ ਜਦ ਮੇਰਾ ਜੱਸੀ ਜਦ ਨੌਕਰੀ ਲੱਗ ਗਿਆ ਤਾਂ ਮੈਂ ਉਸ ਦੀ ਪਹਿਲੀ ਕਮਾਈ ਵਿੱਚੋਂ ਹੀ ਚੂੜੀ ਬਣਵਾ ਲਵੇਗੀ। ਮੇਰਾ ਪੁੱਤ ਮੇਰੇ ਲਈ ਇਤਨਾ ਨਾ ਕਰੂ ? ਮੈਂ ਵੀ ਜੱਕੋ ਤੱਕੀ ਵਿੱਚ ਪਿਆ ਮਾਂ ਨੂੰ ਦਿਲਾਸਾ ਦਿੰਦਾ, "ਮਾਂ, ਮੈਂ ਨੌਕਰੀ ਲੱਗ ਦੇ ਜਦ ਥੋੜਾ ਸੌਖਾ ਹੋ ਗਿਆ ਤਾਂ ਜ਼ਰੂਰ ਤੇਰੀ ਇੱਛਾ ਪੂਰੀ ਕਰਾਂਗਾ।" ਮਾਂ ਇਹ ਗੱਲ ਸੁਣ ਮੇਰੇ ਲਈ ਦੁਆਵਾਂ ਦੀ ਝੜੀ ਲਗਾ ਦਿੰਦੀ।

ਬਾਜੀ ਮੇਰੇ ਘਰ ਦੇ ਹਾਲਾਤ ਸੁਧਾਰਦੇ ਮਜ਼ਬੂਰੀਆਂ ਨਾਲ ਦੋ ਚਾਰ ਹੁੰਦੇ ਇਸ ਦੁਨੀਆਂ ਤੋਂ ਰੁਖਸਤ ਹੋ ਗਏ। ਮੈਂ ਐੱਮ.ਏ. ਬੀ.ਐੱਡ. ਕਰਕੇ ਪ੍ਰਾਈਵੇਟ ਸਕੂਲ ਵਿੱਚ ਨੌਕਰੀ ਲੱਗ ਗਿਆ ਸੀ। ਪੰਦਰਾਂ ਸੌ ਰੁਪਏ ਪ੍ਰਤੀ ਮਹੀਨਾ ਮਿਲ੍ਹਣ ਵਾਲੀ ਤਨਖਾਹ ਮੇਰੇ ਹਾਲਾਤਾਂ ਨੂੰ ਸੁਧਾਰ ਨਾ ਸਕੀ। ਮੈਂ ਜਦ ਵੀ ਮਾਂ ਦੀ ਇੱਛਾ ਪੂਰੀ ਕਰਨ ਦੀ ਕੋਸ਼ਿਸ਼ ਕੀਤਾ ਤਾਂ ਉਹ ਕੋਈ ਨਾ ਪੁੱਤ ਜਦ ਤੂੰ ਭੋਰਾ ਸੌਖਾ ਹੋ ਗਿਆ ਕਹਿ ਕੇ ਟਾਲ ਦਿੰਦੀ। ਮੈਂ ਮਾਂ ਦੀਆਂ ਇਹਨਾਂ ਤਰਕ ਭਰੀਆਂ ਦਲੀਲਾਂ ਅੱਗੇ ਹਾਰ ਜਾਂਦਾ।

ਸਮਾਂ ਆਪਣੀ ਚਾਲ ਚਲਦਾ ਰਿਹਾ। ਮੈਂ ਵਿਆਹ ਦੀਆਂ ਬੇੜ੍ਹੀਆਂ ਵਿੱਚ ਬੰਨਿਆ ਗਿਆ। ਮਾਂ ਨੇ ਚਾਈਂ ਚਾਈਂ ਰਾਜੂ ਦਾ ਸਵਾਗਤ ਕੀਤਾ ਅਤੇ ਉਸਦਾ ਹਰ ਚਾਅ ਪੂਰਾ ਕੀਤਾ। ਵਿਆਹ ਤੋਂ ਮਹੀਨਾ ਬਾਅਦ ਹੀ ਮੈਨੂੰ ਆਰਜੀ ਆਧਾਰ 'ਤੇ ਸਰਕਾਰੀ ਨੌਕਰੀ ਮਿਲਗਈ ਸੀ ਅਤੇ ਮੇਰੀ ਤਨਖਾਹ ਹੁਣ ਛੇ ਹਜਾਰ ਰੁ: ਹੋ ਗਈ ਸੀ। ਅਸੀਂ ਸਾਰੇ ਬਹੁਤ ਖੁਸ਼ ਸਾਂ। ਮਾਂ, ਰਾਜੂ ਨੂੰ ਚੰਗੇ ਭਾਗਾਂ ਵਾਲੀ ਸਮਝਣ ਲੱਗ ਪਈ। ਉਹ ਸਮਝਦੀ ਸੀ ਕਿ ਰਾਜੂ ਦੀ ਆਮਦ ਨੇ ਸ਼ਾਇਦ ਮੇਰੇ ਅਤੇ ਘਰ ਦੇ ਭਾਗ ਖੋਲ੍ਹ ਦਿੱਤੇ ਹਨ। ਜੋਤੀ ਦੀ ਆਮਦ ਨੇ ਮੇਰੀਆਂ ਜਿੰਮੇਵਾਰੀਆਂ ਹੋਰ ਵਧਾ ਦਿੱਤੀਆਂ। ਤਨਖਾਹ ਨਾਲ ਘਰ ਦਾ ਗੁਜ਼ਾਰ ਮਸੀਂ ਹੁੰਦਾ। ਕਈ ਵਾਰ ਮੈਂ ਆਪਣੇ ਆਪ ਨੂੰ ਬੜ੍ਹਾ ਬੇਵੱਸ ਮਹਿਸੂਸ ਕਰਦਾ। ਕੋਈ ਹੋਰ ਆਮਦਨ ਦਾ ਸਾਧਨ ਵੀ ਨਹੀਂ ਸੀ ਜਿਸ ਨਾਲ ਮੈਂ ਆਪਣੇ ਘਰ ਦੇ ਹਾਲਾਤ ਸੁਧਾਰ ਲੈਂਦਾ।

ਇਹਨੀਂ ਦਿਨੀਂ ਰਾਜੂ ਦੇ ਦੁਬਾਰਾ ਮਾਂ ਬਣਨ ਦੀ ਖ਼ਬਰ ਨੇ ਮੈਨੂੰ ਸ਼ਸ਼ੋਪੰਜ ਵਿੱਚ ਪਾ ਦਿੱਤਾ। ਮੈਂ ਉਸ ਨੂੰ ਬਥੇਰਾ ਸਮਝਾਇਆ, ਘਰ ਦੇ ਹਾਲਤਾਂ ਦਾ ਵਾਸਤਾ ਪਾਇਆ। ਪਰ ਉਹ ਬੱਚੇ ਨੂੰ ਜਨਮ ਦੇਣ ਲਈ ਬਜਿਦ ਸੀ। ਸਾਡੀ ਇਸ ਕਸ਼ਮਕਸ਼ ਦੀ ਕਨਸੋਅ ਮਾਂ ਤੱਕ ਵੀ ਪਹੁੰਚ ਗਈ।

ਇੱਕ ਦਿਨ ਮੈਂ ਥੱਕਿਆ ਹਾਰਿਆ ਜਦ ਸਕੂਲੋਂ ਆਇਆ ਤਾਂ ਮਾਂ ਮੇਰੇ ਹੱਥ ਪਾਣੀ ਦਾ ਗਲਾਸ ਫੜ੍ਹਾਉਂਦੀ ਬੋਲੀ, "ਪੁੱਤ ਔਖ ਸੌਖ ਤਾਂ ਜ਼ਿੰਦਗੀ ਵਿੱਚ ਚਲਦੀ ਹੀ ਰਹਿੰਦੀ ਏ। ਤੂੰ ਰਾਜੂ ਨੂੰ ਖੁਸ਼ ਰੱਖਿਆ ਕਰ। ਮੈਂ ਵੀ ਜਿਉਂਦੇ ਜੀਅ ਪੋਤੇ ਦਾ ਮੂੰਹ ਵੇਖ ਲਵਾਂ।" ਇਹ ਕਹਿ ਮਾਂ ਅੱਖ ਭਰ ਆਈ। ਮੈਨੂੰ ਮਾਂ ਦੀ ਇਹ ਹਾਲਤ ਤਰਸਯੋਗ ਲੱਗੀ। ਮੈਨੂੰ ਲੱਗਿਆ ਜਿਵੇਂ ਮੇਰੀ ਮਾਂ ਮੇਰੇ ਅੱਗੇ ਹੱਥ ਜੋੜ੍ਹ ਕੇ ਪੋਤੇ ਦੀ ਖੈਰ ਮੰਗ ਰਹੀ ਹੋਵੇ।



ਰਾਜੂ ਅਤੇ ਮਾਂ ਜਿੱਤ ਗਈਆਂ। ਪਰ ਉਹਨਾਂ ਦੀ ਇਸ ਜਿੱਤ ਵਿੱਚ ਮੈਨੂੰ ਆਪਣੀ ਹਾਰ ਜਾਪਣ ਲੱਗੀ। ਮੈਂ ਚੁੱਪ ਰਹਿਣ ਲੱਗਾ। ਚੁੱਪ ਮੇਰੇ ਅੰਦਰ ਜਿਵੇਂ ਘਰ ਕਰ ਗਈ ਸੀ। ਪਰ ਸੁਰਜੀਤ ਦੇ ਜਨਮ ਨੇ ਇੱਕ ਵਾਰ ਫਿਰ ਤੋਂ ਘਰ ਵਿੱਚ ਖੁਸ਼ੀਆਂ ਦਾ ਮਾਹੌਲ ਲੈ ਆਂਦਾ ਸੀ। ਮੈਂ ਆਪਣੇ ਆਪ ਨੂੰ ਬਦਲਨ ਦੀ ਕੋਸ਼ਿਸ਼ ਕਰਨ ਲੱਗਾ।

ਜੋਤੀ ਵੀ ਸਕੂਲ ਜਾਣ ਲੱਗ ਪਈ ਸੀ। ਉਸ ਦੀਆਂ ਮੰਗਾਂ ਵਧ ਰਹੀਆਂ ਸਨ। ਪਰ ਮੈਂ ਬੇਵੱਸ ਉਸ ਦੀਆਂ ਮੰਗਾਂ ਨੂੰ ਨਜ਼ਰ ਅੰਦਾਜ ਕਰ ਦਿੰਦਾ। ਕਈ ਵਾਰ ਉਹ ਜ਼ਿੱਦ ਕਰਦੀ ਤਾਂ ਪਿਆਰ ਨਾਲ ਸਮਝਾ ਛੱਡਦਾ। ਜੇਕਰ ਉਹ ਨਾ ਸਮਝਦੀ ਤਾਂ ਮੈਂ ਉਸ ਨੂੰ ਝਿੜ੍ਹਕ ਵੀ ਦਿੰਦਾ। ਉਹ ਰੋਂਦੀ ਹੋਈ ਮਾਂ ਦੀ ਗੋਦੀ ਜਾ ਚੜ੍ਹਦੀ। ਮਾਂ ਉਸ ਦੇ ਛੋਟੇ ਜਿਹੇ ਦਿਮਾਗ ਵਿੱਚ ਵੱਡੀ ਗੱਲ ਬਿਠਾਉਣ ਦਾ ਯਤਨ ਕਰਦੀ। ਉਹ ਕਹਿੰਦੀ, "ਰੋ ਨਾ ਜੋਤੂ, ਜਦ ਤੇਰੇ ਪਾਪਾ ਸੌਖੇ ਹੋ ਗਏ ਤਾਂ ਤੈਨੂੰ ਵਾਧੂ ਕੁੱਝ ਲੈ ਦੇਣਗੇ।"

ਜੋਤੀ ਇਹ ਸੁਣ ਚੁੱਪ ਤਾਂ ਕਰ ਜਾਂਦੀ ਪਰ ਉਸ ਦਾ ਇੱਕ ਸਵਾਲ ਮੈਨੂੰ ਧੁਰ ਅੰਦਰ ਤੱਕ ਹਿਲਾ ਜਾਂਦਾ। ਜਦ ਉਸ ਦੀ ਕੋਈ ਇੱਛਾ ਪੂਰੀ ਨਾ ਹੁੰਦੀ ਤਾਂ ਉਹ ਭੋਲਾ ਜਿਹਾ ਮੂੰਹ ਬਣਾ ਕੇ ਮੈਨੂੰ ਪੁੱਛਦੀ, "ਪਾਪਾ ਤੁਸੀਂ ਸੌਖੇ ਕਦ ਹੋਵੋਂਗੇ ?" ਮੈਂ ਨਿਰੁੱਤਰ ਹੋ ਉਸ ਦੀਆਂ ਸੁੰਨੀਆਂ ਸੁੰਨੀਆਂ ਅੱਖਾਂ ਵੱਖ ਵੇਖਦਾ।

ਮੈਂ ਆਪਣੀ ਹੀ ਛੋਟੀ ਜਿਹੀ ਧੀ ਨਾਲ ਨਜ਼ਰਾਂ ਮਿਲਾਉਣ ਤੋਂ ਡਰਨ ਲੱਗਾ ਸੀ। ਇਹ ਡਰ ਮੇਰੇ ਅੰਦਰ ਘਰ ਕਰ ਗਿਆ ਸੀ। ਮੈਂ ਸਹਿਜ ਦਿੱਸਣ ਦੀ ਕੋਸ਼ਿਸ਼ ਕਰਦਾ। ਪਰ ਮਾਂ ਮੇਰੇ ਚਿਹਰੇ ਤੋਂ ਸਭ ਪੜ੍ਹ ਲੈਂਦੀ। ਉਹ ਦਿਲਾਸਾ ਦਿੰਦੀ ਹੋਈ ਮੈਨੂੰ ਕਹਿੰਦੀ, "ਕੋਈ ਨਾ ਪੁੱਤ ਜਦ ਤੂੰ ਸੌਖਾ ਹੋ ਗਿਆ ਸਭ ਠੀਕ ਹੋ ਜਾਊ।" ਮਾਂ ਦਿਲਾਸਾ ਦੇ ਆਹਰੇ ਲੱਗ ਜਾਂਦੀ, ਪਰ ਮੈਂ ਅਡੋਲ ਖੜ੍ਹਾ ਕਿੰਨਾ ਕਿੰਨਾ ਚਿਰ ਸਹਿਜ ਹੋਣ ਦੀ ਕੋਸ਼ਿਸ਼ ਕਰਦਾ ਰਹਿੰਦਾ।

ਐਤਕੀਂ ਮੈਂ ਮਾਂ ਤੋਂ ਬਾਹਰਾ ਹੋ ਬੱਚਿਆਂ ਨੂੰ ਟਿਊਸ਼ਨ ਪੜ੍ਹਾਉਣ ਲੱਗ ਪਿਆ ਸਾਂ। ਸੋਚਿਆ ਚਲੋ ਘਰ ਦੀ ਗੱਡੀ ਨੂੰ ਕੁੱਝ ਆਸਰਾ ਮਿਲੂ ਅਤੇ ਨਾਲੇ ਜੋ ਮਾਂ ਨੇ ਆਪਣੀ ਸੋਨੇ ਦੀ ਚੂੜ੍ਹੀ ਵੇਚ ਕੇ ਜੋ ਮੇਰੇ ਸਿਰ ਕਰਜ਼ ਚੜ੍ਹਾਇਆ ਏ, ਉਹ ਲਾਹ ਲਵਾਂਗਾ। ਮੈਂ ਰਾਜੂ ਨਾਲ ਸਲਾਹ ਕੀਤੀ ਤਾਂ ਉਹ ਵੀ ਮੰਨ ਗਈ ਕਿ ਔਖ ਸੌਖ ਕਰਕੇ ਮਾਂ ਦੀ ਇਹ ਇੱਛਾ ਜ਼ਰੂਰ ਪੂਰੀ ਕੀਤੀ ਜਾਵੇ। ਜਦ ਮੈਂ ਮਾਂ ਨੂੰ ਆਪਣੀ ਇੱਛਾ ਦੱਸੀ ਤਾਂ ਮਾਂ ਦਾ ਉਹੀ ਰਟਿਆ ਰਟਾਇਆ ਜਵਾਬ, "ਕੋਈ ਨਾ ਪੁੱਤ, ਜਦ ਤੂੰ ਸੌਖਾ .............." ਮਿਲਿਆ।

ਟਿਊਸ਼ਨਾਂ ਕਰਕੇ ਕਮਾਏ ਪੈਸੇ ਜੋਤੀ ਦੇ ਦਾਖਲੇ 'ਤੇ ਲੱਗ ਗਏ। ਮਾਂ ਦੀ ਇੱਛਾ ਫਿਰ ਅਧੂਰੀ ਰਹਿ ਗਈ। ਮਾਂ ਘਰ ਆਈ ਤਾਈ ਦੇ ਹੱਥਾਂ ਵਿੱਚ ਪਾਈਆਂ ਚੂੜੀਆਂ ਟੋਹ ਟੋਹ ਕੇ ਵੇਖਦੀ। ਮੈਂ ਚੋਰ ਅੱਖ ਨਾਲ ਮਾਂ ਨੂੰ ਵੇਖਦਾ ਤਾਂ ਮੈਨੂੰ ਆਪਣਾ ਆਪ ਗੁਨਾਹਗਾਰ ਲਗਦਾ। 'ਕਿਹੋ ਜਿਹਾ ਪੁੱਤ ਹਾਂ ਮੈਂ, ਜੋ ਮਾਂ ਦੀ ਇੱਕ ਰੀਝ ਨਹੀਂ ਸੀ ਪੂਰੀ ਕਰ ਸਕਿਆ ?' ਕਿੱਥੇ ਮਾਂ ਨੇ ਮੇਰੀ ਪਹਿਲੀ ਤਨਖਾਹ ਵਿੱਚੋਂ ਚੂੜ੍ਹੀ ਬਣਵਾਉਣ ਦੀ ਗੱਲ ਕੀਤੀ ਸੀ ਤੇ ਕਿੱਥੇ ਅੱਜ ਇਸ ਗੱਲ ਨੂੰ ਬਾਰ੍ਹਾਂ ਵਰ੍ਹੇ ਹੋ ਗਏ ਨੇ।

ਮਾਂ, 'ਕੋਈ ਨਾ ਪੁੱਤ, ਜਦ ਤੂੰ ਸੌਖਾ ਹੋ ਗਿਆ' ਕਹਿੰਦੀ ਇਸ ਦੁਨੀਆਂ ਤੋਂ ਤੁਰ ਗਈ। ਮਾਂ ਦੇ ਤੁਰ ਜਾਣ ਨਾਲ ਉਸ ਦੀ ਸੋਨੇ ਦੀ ਚੂੜ੍ਹੀ ਦੀ ਰੀਝ ਵੀ ਨਾਲ ਹੀ ਤੁਰ ਗਈ ਸੀ। ਹੁਣ ਮੈਨੂੰ ਹੋਰ ਕੋਈ ਸੁਪਨਾ ਤੰਗ ਨਹੀਂ ਕਰਦਾ। ਮੈਨੂੰ ਹਰ ਰਾਤ ਮੇਰੀ ਮੋਈ ਮਾਂ ਦਾ ਸੱਖਣਾ ਹੱਥ ਅਰਥੀ ਤੋਂ ਬਾਹਰ ਲਮਕਿਆ ਨਜ਼ਰ ਆਉਂਦਾ ਅਤੇ ਮੈਂ ਸੋਨੇ ਦੀ ਚੂੜ੍ਹੀ ਹੱਥ ਵਿੱਚ ਫੜ੍ਹੀ ਅਰਥੀ ਦੇ ਮਗਰ ਵਾਹੋਦਾਹੀ ਭੱਜਿਆ ਜਾ ਰਿਹਾ ਸਾਂ। ਪਰ ਅਰਥੀ ਦੂਰ ਕਿਧਰੇ ਦੁਮੇਲ ਵਿੱਚ ਅਲੋਪ ਹੋ ਜਾਂਦੀ ਹੈ।

## ਇਬਾਦਤ/ਗੁਰਦੀਪ ਗਿੱਲ

ਮਾਂ!
ਤੂੰ ਸਾਖ਼ਸ਼ਾਤ ਦੇਵੀ ਸਰੂਪ ਏਂ
ਤੇਰੀਆਂ ਖੜਾਵਾਂ ਦੀ ਛੋਹ ਨਾਲ
ਮੇਰੇ ਅਹਿਸਾਸ ਵੰਦਨਾ ਕਰਦੇ ਨੇ
ਤੇ ਲਗਿਓ ਲੰਘਦੀ ਪੌਣ
ਮਹਿਕ ਪਰੁਚੀ ਹੋ ਜਾਂਦੀ ਹੈ
ਬੂੰਦ-ਬੂੰਦ ਪੈਂਦੀ ਬਾਰਸ਼
ਕਲ-ਕਲ ਵਗਦਾ ਪਾਣੀ
ਤੇਰੀ ਆਮਦ ਦੇ ਜਸ਼ਨਾਂ ਵਿੱਚ ਸ਼ਾਮਿਲ ਹੁੰਦਾ ਏ

ਮਾਂ!
ਜਦੋਂ ਤੂੰ ਪ੍ਰਵਚਨ ਕਰਦੀ ਏਂ
ਮੇਰੇ ਜਿਹੇ ਹੋਰਾਂ ਦਾ ਮਨ
ਸਹਿਜ ਤੇ ਟਿਕਾਓ ਵਿਚ ਹੁੰਦਾ ਏ

ਮਾਂ!
ਮੈਂ ਨਿਮਾਣਾ ਜਿਹਾ ਸ਼ਾਇਰ
ਹੁਣ ਤੱਕ ਦੀ
ਆਪਣੇ ਸ਼ਬਦਾਂ ਦੀ ਸਾਰੀ ਪੂੰਜੀ
ਤੇਰੇ ਕਦਮਾਂ ਵਿਚ ਧਰ ਕੇ
ਨਤਮਸਤਕ ਹੁੰਦਾ ਹਾਂ

ਮਾਂ!
ਤੂੰ ਸ਼ਾਖ਼ਸ਼ਾਤ ਦੇਵੀ ਸਰੂਪ ਏਂ!



## ਕੁਲਵਿੰਦਰ ਬੱਛੋਆਣਾ ਦੀਆਂ ਦੋ ਗ਼ਜ਼ਲਾਂ

(1)
ਤਾਰਿਆਂ ਦਾ ਵੇਸ ਪਾਵਾਂ ਕਿਸ ਤਰਾਂ?
ਚੰਦ ਦੀ ਰੋਟੀ ਬਣਾਵਾਂ ਕਿਸ ਤਰਾਂ?

ਉਹ ਨਿਪੱਤਰਾ ਰੁੱਖ ਹੈ ਜਦ ਆਪ ਹੀ,
ਭਾਲਦੈਂ ਉਸ ਤੋਂ ਤੂੰ ਛਾਵਾਂ ਕਿਸ ਤਰਾਂ?

ਵਰ੍ਹ ਨਹੀਂ ਸਕਿਆ ਪਿਆਸੀ ਧਰਤ 'ਤੇ,
ਖ਼ੁਦ ਨੂੰ ਮੈਂ ਬੱਦਲ ਕਹਾਵਾਂ ਕਿਸ ਤਰਾਂ?

ਸੁਪਨਿਆਂ ਦੀ ਲਾਸ਼ ਮੋਢੇ ਰੱਖ ਕੇ,
ਜੀਣ ਦਾ ਸੁਪਨਾ ਸਜਾਵਾਂ ਕਿਸ ਤਰਾਂ?

ਬਲ ਰਹੀ ਧਰਤੀ ਤੋਂ ਜੋ ਹੈ ਬੇਖ਼ਬਰ,
ਉਸ ਖ਼ੁਦਾ ਨੂੰ ਸਿਰ ਝੁਕਾਵਾਂ ਕਿਸ ਤਰਾਂ?

ਬੁਝ ਗਏ ਦੀਵੇ, ਸਿਵੇ ਪਰ ਬਲ ਪਏ,
ਚੱਲੀਆਂ ਖੌਰੇ ਹਵਾਵਾਂ ਕਿਸ ਤਰਾਂ?

ਬਲ ਰਿਹੈ ਬਾਂਸਾਂ ਦਾ ਜੰਗਲ ਸਾਹਮਣੇਂ,
ਬੰਸਰੀ ਤੈਨੂੰ ਸੁਣਾਵਾਂ ਕਿਸ ਤਰਾਂ?

ਮੈਂ ਮਖੌਟੇ ਪਉਣ ਦਾ ਆਦੀ ਨਹੀਂ,
ਖ਼ੁਦ ਲਗਾਵਾਂ ਖ਼ੁਦ ਬੁਝਾਵਾਂ ਕਿਸ ਤਰਾਂ?

(2)

ਚਿਰਾਂ ਤੋਂ ਚਲ ਰਿਹਾ ਚੱਕਰ ਇਹ ਪੁੱਠਾ ਘੁੰਮਣਾ ਹੈ।
ਮਸੀਹੇ ਉੱਠਣੇ ਆਖ਼ਰ, ਸਲੀਬਾਂ ਟੁੱਟਣਾ ਹੈ।

ਇਹ ਤੇਰਾ ਜਾਲ ਛੋਟਾ ਪੈ ਜਾਏਗਾ, ਦੇਖ ਲੈਣਾ,
ਕਿ ਮੇਰੀ ਹੋਂਦ ਨੇ ਬ੍ਰਹਿਮੰਡ ਤੀਕਰ ਫੈਲਣਾ ਹੈ।

ਚੁਗਾਠ ਇਸ ਗੇਟ ਦੀ ਬੇਕਾਰ ਹੈ, ਹਰ ਚੂਲ ਢਿੱਲੀ,

ਇਹਨੂੰ ਜਦ ਵੀ ਤੂੰ ਖੋਲ੍ਹੇਂਗਾ ਤਾਂ ਇਸ ਨੇ ਚੀਕਣਾ ਹੈ।

ਕਟਾ ਕੇ ਪਰ ਗਏ ਜੋ ਤੜਫਦੇ ਕੁਰਲਉਂਦੇ ਪੰਛੀ,
ਕਟਾਰਾਂ ਪੰਜਿਆਂ ਵਿਚ ਲੈ ਕੇ ਉਹਨਾਂ ਪਰਤਣਾ ਹੈ।

ਨਦੀ ਹਾਂ ਮੈਂ, ਕਰਾਂ ਕਿੰਝ ਫ਼ਿਕਰ ਸਾਗਰ ਦੀ ਹਵਸ ਦਾ,
ਮੈਂ ਔੜਾਂ ਮਾਰੀਆਂ ਫਸਲਾਂ ਨੂੰ ਹਾਲੇ ਸਿੰਜਣਾ ਹੈ।

ਨਪੀੜੇਗਾ ਤੇਰਾ ਹਰ ਅੰਗ, ਤੂੰ ਸੀ ਨਾ ਕਰੇਂਗਾ,
ਸਮੇਂ ਦੇ ਹਾਕਮਾਂ ਦੇ ਕੋਲ ਐਸਾ ਵੇਲਣਾ ਹੈ।

ਕਿਸੇ ਵੀ ਜੂੱਸ ਦੇ ਅੰਦਰ ਨਾ ਮੇਰੀ ਮੌਤ ਹੋਈ,
ਮੈਂ ਇਸ ਮਿੱਟੀ 'ਚ ਮਿਲ ਕੇ ਫਿਰ ਦੁਬਾਰਾ ਉੱਗਣਾ ਹੈ।

## ਸਰਬਜੀਤ ਕੌਰ ਜੱਸ ਦੀਆਂ ਦੋ ਕਵਿਤਾਵਾਂ

### ਮੈਂ ਤੇਰੀ ਉਮਰ..

ਮੈਂ ਤੇਰੀ ਉਮਰ ਦੇ ਫੁੱਲ ਤੋਂ
ਰੰਗ ਚੁਰਾਇਆ
ਮਹਿੰਦੀ 'ਚ ਮਿਲਾਇਆ
ਤੇ ਸੁਲਗਦੀ ਤਲੀ 'ਤੇ ਲਗਾਇਆ
ਹੁਣ ਮੇਰੀ ਤਲੀ 'ਤੇ ਇੱਕ ਸੂਹੀ ਲਾਟ
ਨੱਚਦੀ ਹੈ
ਹਨ੍ਹੇਰੇ ਨੂੰ ਚੀਰਦੀ ਉਸ ਦੀ ਰਿਸ਼ਮ
ਰੁਸ਼ਨਾ ਜਾਂਦੀ ਹੈ ਮੇਰੀ ਰੂਹ ਦਾ ਹਰ ਕੋਨਾ
ਤੂੰ ਰਿਸ਼ਮਾਂ ਦਾ ਸਿਰਜਕ
ਮੈਂ ਰਿਸ਼ਮਾਂ ਦੀ ਚੋਰ
ਤੂੰ ਮੈਨੂੰ ਮਾਫ਼ ਕਰੀਂ
ਮੈਂ ਤੇਰੀ ਗੁਨਾਹਗਾਰ ਹਾਂ
ਮੇਰੇ ਸੂਰਜ।

### ਗੁੱਡੀਆਂ

ਸਾਉਣ ਦੀ ਤਿੱਖੜ ਦੁਪਹਿਰੇ
ਪਿੰਡ ਦੀਆਂ ਨੱਢੀਆਂ ਨੇ
ਬੜੀਆਂ ਹੀ ਰੀਝਾਂ ਨਾਲ ਗੁੱਡੀਆਂ ਬਣਾਈਆਂ
ਫਿਰ ਫੂਕੀਆਂ
ਤੇ ਪਿੱਟ-ਪਿੱਟ ਹੰਭੀਆਂ
ਪਰ ਆਕਾਸ਼ ਦੀ ਹਿੱਕ 'ਚੋਂ
ਇਕ ਬੂੰਦ ਵੀ ਨਾ ਟਪਕੀ
ਅਗਲੇ ਹੀ ਦਿਨ
ਪਿੰਡ ਦੀ ਸਜ-ਵਿਆਹੀ
ਮਿੱਟੀ ਦਾ ਤੇਲ ਪਾ ਕੇ ਫੂਕੀ ਗਈ
ਆਕਾਸ਼ ਦੀ ਹਿੱਕ ਪਾਟੀ
ਤੇ ਸਮੁੱਚੀ ਧਰਤੀ
ਲਹੂ-ਰੰਗੇ ਪਾਣੀ ਨਾਲ ਲਹੂ-ਲੁਹਾਨ ਹੋ ਗਈ।





## ਨਵੀਆਂ ਪੁਸਤਕਾਂ ਪੜ੍ਹਦਿਆਂ ਹੋਇਆਂ ਪ੍ਰੋ. ਜੇ. ਬੀ. ਸੇਖੋਂ

### ਮੌਤ ਇੱਕ ਦਰਿਆ ਦੀ (ਨਾਵਲ)/ਜੋਗਿੰਦਰ ਸਿੰਘ ਕੈਰੋਂ

ਜੋਗਿੰਦਰ ਸਿੰਘ ਕੈਰੋਂ ਪੰਜਾਬੀ ਸਾਹਿਤ ਵਿਚ ਇਕ ਤੋਂ ਵੱਧ ਖੇਤਰਾਂ ਵਿੱਚ ਲਿਖਣ ਵਾਲਾ ਵਿਦਵਾਨ ਲੇਖਕ ਹੈ। ਲੋਕਧਾਰਾ ਤੇ ਸਭਿਆਚਾਰ ਦੇ ਵਿਦਿਆਰਥੀਆਂ, ਖੋਜਾਰਥੀਆਂ ਵਿਚ ਉਹਨਾਂ ਦੀ ਪਛਾਣ ਲੋਕਧਾਰਾ ਵਿਗਿਆਨੀ ਵਜੋਂ ਹੈ। ਪੰਜਾਬੀ ਲੋਕ ਕਹਾਣੀਆਂ ਦਾ ਸੰਰਚਨਾਤਮਕ ਅਧਿਐਨ ਤੇ ਵਰਗੀਕਰਣ ਉਹਨਾਂ ਦੀ ਪ੍ਰਸਿੱਧ ਪੁਸਤਕ ਹੈ ਜਿਸ ਤੋਂ ਇਲਾਵਾ ਲੋਕਧਾਰਾ ਜਿਹੇ ਗਤੀਸ਼ੀਲ ਤੇ ਰੌਚਿਕ ਵਿਸ਼ੇ 'ਤੇ ਉਹਨਾਂ ਦੀਆਂ ਹੋਰ ਪੁਸਤਕਾਂ ਵੀ ਚਰਚਾ ਵਿਚ ਰਹੀਆਂ ਹਨ। ਉਹ ਬੱਚਿਆਂ ਲਈ ਲਿਖਣ ਵਾਲਾ ਬਾਲ ਲੇਖਕ ਤੇ ਜੀਵਨੀਕਾਰ ਵੀ ਹੈ। ਪਰਤਾਪ ਸਿੰਘ ਕੈਰੋਂ ਸਾਬਕਾ ਮੁੱਖ ਮੰਤਰੀ, ਪੰਜਾਬ ਨੂੰ ਲੋਕ ਨਾਇਕ ਸਿੱਧ ਕਰਨ ਵਾਲੀ ਉਹਨਾਂ ਦੀ ਜੀਵਨੀ-ਪੁਸਤਕ ਵੀ ਪਾਠਕਾਂ ਵਿਚ ਕਾਫੀ ਚਰਚਿਤ ਰਹੀ ਹੈ।

ਇਸ ਤੋਂ ਇਲਾਵਾ ਡਾ. ਕੈਰੋਂ 'ਅਜੋਕੇ ਸ਼ਿਲਾਲੇਖ' ਨਾਂ ਦੇ ਖ਼ੂਬਸੂਰਤ ਸਾਹਿਤਕ ਮੈਗਜ਼ੀਨ ਦੀ ਸੰਪਾਦਕੀ ਵਾਲੀ ਭੂਮਿਕਾ ਵੀ ਨਿਭਾ ਰਿਹਾ ਹੈ। ਪੰਜਾਬੀ ਕਹਾਣੀ ਅਤੇ ਗਲਪ ਦੇ ਖੇਤਰ ਵਿਚ ਵੀ ਉਹਨਾਂ ਦੀ ਵਿਸ਼ੇਸ਼ ਪਛਾਣ ਹੈ। ਦੋ ਕਹਾਣੀ ਸੰਗ੍ਰਹਿ ਅਤੇ ਪੰਜ ਨਾਵਲ ਲਿਖਣ ਵਾਲਾ ਕੈਰੋਂ ਪੰਜਾਬੀ ਦੇ ਸਮਕਾਲੀ ਦੌਰ ਦੇ ਮੋਹਰੀ ਗਲਪਕਾਰਾਂ ਵਿਚ ਆਉਂਦਾ ਹੈ। ਉਸਦਾ ਸਮੁੱਚਾ ਗਲਪ ਸੰਸਾਰ ਪਾਠਕਾਂ ਨੂੰ ਸਧਾਰਨ ਪੜ੍ਹਤ ਤੱਕ ਸੀਮਤ ਨਹੀਂ ਰੱਖਦਾ ਬਲਕਿ ਉਹਨਾਂ ਨੂੰ ਚਿੰਤਨ ਕਰਨ ਲਈ ਮਜ਼ਬੂਰ ਕਰਦਾ ਹੈ। ਰਿਸ਼ਤਿਆਂ ਦੇ ਝੂਲਦੇ ਪੈਂਡੂਲਮ ਅਤੇ ਸਮਾਜਿਕ ਯਥਾਰਥ ਦੀ ਵਿਸ਼ਲੇਸ਼ਣੀ ਪੇਸ਼ਕਾਰੀ ਕਰਨ ਵਿਚ ਉਸਦੇ ਸਮੁੱਚੇ ਕਥਾ ਸੰਸਾਰ ਦੀ ਅੱਡਰੀ ਭੂਮਿਕਾ ਹੈ। 'ਨਾਦ ਬਿੰਦ', 'ਸਭਨਾਂ ਜਿੱਤੀਆਂ ਬਾਜ਼ੀਆਂ' ਵਰਗੇ ਨਾਵਲ ਉਸਦੀ ਗਲਪੀ-ਚੇਤਨਾ ਦੇ ਯਾਦਗਾਰੀ ਪ੍ਰਮਾਣ ਹਨ।

'ਮੌਤ ਇਕ ਦਰਿਆ ਦੀ' ਨਾਵਲ ਉਸਦੀ ਤਾਜ਼ਾ ਰਚਨਾ ਹੈ ਜਿਸ ਦਾ ਵਿਸ਼ਾ ਦਾਰਸ਼ਨਿਕ, ਅਧਿਆਤਮਕ, ਵਿਗਿਆਨਕ, ਰਹੱਸਵਾਦੀ ਹੋਣ ਦੇ ਨਾਲ-ਨਾਲ ਜ਼ਿੰਦਗੀ ਦੇ ਭਖਦੇ ਸਦੀਵੀ ਮਸਲਿਆਂ ਨੂੰ ਮੁਖਾਤਿਬ ਹੈ। ਪੰਜਾਬੀ ਨਾਵਲ ਨੂੰ ਮਲਵਈ ਦੀ ਕਿਰਸਾਨੀ, ਪਰਵਾਸ ਦੇ ਭੂ-ਹੇਰਵੇ, ਭਾਰੂ ਆਂਚਲਿਕਤਾ ਅਤੇ ਸ਼ਹਿਰੀ ਮੱਧ ਵਰਗ ਦੀਆਂ ਸਟੀਰੀਓਟਾਈਪ ਪੇਸ਼ਕਾਰੀਆਂ ਵਿਚੋਂ ਬਾਹਰ ਕੱਢਣ ਅਤੇ ਪੰਜਾਬੀ ਨਾਵਲ ਨੂੰ ਵਿਗਿਆਨਕ, ਦਾਰਸ਼ਨਿਕ ਤੇ ਰਹੱਸਵਾਦੀ ਚਿੰਤਨ-ਚੇਤਨਾ ਨਾਲ ਜੋੜਨ ਵਿਚ ਵਿਚਾਰਅਧੀਨ ਨਾਵਲ ਮਹੱਤਵਪੂਰਨ ਕ੍ਰਿਤਾਂ ਵਿਚ ਗਿਣੇ ਜਾਣ ਦੇ ਸਮਰੱਥ ਹੈ।

ਨਾਵਲ ਦੀ ਵਿਸ਼ੇਸ਼ਤਾ ਇਸਦੇ ਪਰੰਪਰਾਗਤ ਕਥਾ-ਵਿਧਾਨ ਤੋਂ ਮੁਕਤ ਹੋਣਾ ਵੀ ਹੈ। ਨਾਵਲੀ ਬਿਰਤਾਂਤ ਵਿਚ ਠੋਸ ਘਟਨਾਵੀਂ-ਪ੍ਰਬੰਧ ਦੀ ਅਣਹੋਂਦ ਹੈ, ਪਾਤਰਾਂ ਦੀ ਸਮਾਜਿਕ-ਸਭਿਆਚਾਰਕ ਚੇਤਨਾ ਨਦਾਰਦ ਹੈ ਅਤੇ ਨਾਵਲ ਦੇ ਪੂਰਬਲੇ ਪੈਟਰਨ ਵਾਲਾ ਆਦਿ ਮੱਧ, ਅੰਤ ਗੈਰਹਾਜ਼ਰ ਹੈ ਫਿਰ ਵੀ ਬਿਰਤਾਂਤ ਦਾ ਪ੍ਰਭਾਵ ਬੱਝਵਾਂ ਹੈ ਤੇ ਨਾਵਲਕਾਰ ਪਦਾਰਥਵਾਦ ਤੇ ਅਧਿਆਤਮਵਾਦ ਦੇ ਜਿਸ ਦਵੰਦ ਨੂੰ ਚਿਤਰਨਾ ਚਾਹੁੰਦਾ ਹੈ ਉਸ ਵਿਚ ਪੂਰਨ ਸਫਲ ਹੁੰਦਾ ਹੈ। ਲੇਖਕ ਨੇ ਅਮੂਰਤ ਕਥਾ-ਪ੍ਰਬੰਧ ਦੁਆਰਾ ਮਨੁੱਖੀ ਜੀਵਨ, ਮੌਤ, ਮੁਹੱਬਤ, ਰਿਸ਼ਤੇ-ਨਾਤੇ, ਚੇਤਨਾ ਆਦਿ ਨਾਲੇ ਜੁੜੇ ਸੰਕਲਪਾਂ ਨੂੰ ਉਦਘਾਟਤ ਕੀਤਾ ਹੈ। ਇਹਨਾਂ ਰਹੱਸਮਈ ਉਲਝਣਾਂ ਦਾ ਪੂਰਬਵਾਦੀ

ਤੇ ਪੱਛਮੀ ਪਰਿਪੇਖ ਸੰਬੰਧਤ ਭੂ-ਖੇਤਰਾਂ ਦੀ ਫਿਲਾਸਫੀ, ਧਰਮ, ਲੋਕਯਾਨ ਤੇ ਸੰਸਕ੍ਰਿਤੀ ਵਿਚ ਵਿਦਯਮਾਨ ਹੈ। ਲੇਖਕ ਰਹੱਸਵਾਦ, ਅਧਿਆਤਮਵਾਦ ਅਤੇ ਪਦਾਰਥਵਾਦ ਦੀਆਂ ਕ੍ਰਮਵਾਰ ਪੂਰਬੀ ਤੇ ਪੱਛਮੀ ਧਾਰਨਾਵਾਂ ਵਿਚ ਗਲਪੀ-ਸੰਤੁਲਨ ਰੱਖਦਾ ਹੈ ਅਤੇ ਕਥਾ ਦੇ ਨਾਇਕ ਪਾਤਰ ਦੇ ਮਾਧਿਅਮ ਨਾਲ ਜ਼ਿੰਦਗੀ ਦੇ ਪ੍ਰਯੋਜਨ ਨਾਲ ਜੁੜੇ ਦਵੰਦਾਂ ਨੂੰ ਆਨਯ ਪੁਰਖੀ ਬਿਰਤਾਂਤ ਸ਼ੈਲੀ ਦੁਆਰਾ ਚਿਤਰਤ ਕਰਦਾ ਹੈ।

ਨਾਵਲ ਦਾ ਕੇਂਦਰੀ ਪਾਤਰ ਆਪਣੇ ਪਰਿਵਾਰਕ ਤੇ ਸਮਾਜਿਕ ਸਰੋਕਾਰਾਂ ਤੋਂ ਵਿਛੁੰਨਿਆ ਹੈ। ਉਸਦੀ ਮਾਨਸਿਕਤਾ ਹਾਸ਼ੀਅਤ ਧਿਰ ਵਾਲੀ ਹੈ ਜੋ ਜ਼ਿੰਦਗੀ ਦੀਆਂ ਪਰਤਾਂ ਤੇ ਉਦੇਸ਼ਾਂ ਨੂੰ ਸਮਝਦੀ-ਸਮਝਦੀ ਦਵੰਦਮਈ ਸਥਿਤੀਆਂ ਭੋਗਦੀ ਹੈ। ਲੇਖਕ ਨੇ ਮੁੱਖ ਪਾਤਰ ਦੀਆਂ ਮਿੱਤਰ ਕੁੜੀਆਂ, ਦੋਸਤਾਂ, ਪਰਿਵਾਰਕ ਮੈਂਬਰਾਂ ਤੇ ਰਿਸ਼ਤੇਦਾਰਾਂ ਨਾਲ ਅਸਾਵੇਂ ਸੰਬੰਧਾਂ ਨੂੰ ਕਥਾਕਾਰ ਦੇ ਮੋਨੋਲਾਗ, ਆਤਮ ਬਚਨੀ ਤੇ ਸੁਪਨ ਸ਼ੈਲੀ ਨਾਲ ਪੇਸ਼ ਕੀਤਾ ਹੈ। ਕਥਾ ਪਾਤਰ ਦੁਆਰਾ ਪ੍ਰੇਮਿਕਾ ਗੁਰਸੁਖਨ, ਬੱਬੂ ਨੌਕਰ ਕਸਤੂਰੀ, ਰਿਸ਼ਤੇਦਾਰ ਜਰਨੈਲ ਸਿੰਘ, ਦੋਸਤ ਰਾਜਨ ਆਦਿ ਨਾਲ ਸੰਬਾਦ ਨਾਵਲ ਵਿਚ ਕਥਾ-ਰਸ ਭਰਦੇ ਹਨ। ਮੁੱਖ ਪਾਤਰ ਦੀ ਅੰਤਰਮੁਖੀ ਪਹੁੰਚ, ਅਨਿਸ਼ਚਿਤ ਜ਼ਿੰਦਗੀ ਤੇ ਗੁੰਝਲਦਾਰ ਵਿਵਹਾਰ ਦੇ ਕਾਰਨ ਉਸਦੇ ਅਸੰਤੁਲਤ ਬਚਪਨ ਵਿਚ ਨਿਹਤ ਹਨ। ਬਚਪਨ ਦੀਆਂ ਮਾਨਸਿਕ ਕੁੰਠਾਵਾਂ ਜ਼ਿੰਦਗੀ ਨੂੰ ਕਿੰਝ ਪ੍ਰਭਾਵਿਤ ਕਰਦੀਆਂ ਹਨ ਇਸਦੇ ਪਾਸਾਰ ਵੀ ਨਾਵਲ ਵਿਚ ਮੌਜੂਦ ਹਨ।

ਨਾਵਲ ਵਿਚ ਰਚਨਾਕਾਰ ਨੇ ਮੁੱਖ ਪਾਤਰ ਦੁਆਰਾ ਕੁਦਰਤੀ ਚਿੰਨ੍ਹਾਂ, ਪ੍ਰਾਕਿਰਤਕ ਵਰਤਾਰਿਆਂ ਤੇ ਜੀਵਨ-ਉਦੇਸ਼ਾਂ ਸੰਬੰਧੀ ਅਧਿਆਤਮਵਾਦੀ ਤੇ ਵਿਗਿਆਨਕ ਨਜ਼ਰੀਏ ਨਾਲ ਕੀਤਾ ਚਿੰਤਨ ਵੀ ਸ਼ਾਮਿਲ ਕੀਤਾ ਹੈ। ਨੀਲਕੰਡ ਨਾਂ ਦਾ ਪਾਤਰ, ਲੇਖਕ ਵੱਲੋਂ ਕਲਪਿਤ ਰੂਪ ਵਿਚ ਪੇਸ਼ ਹੈ ਜਿਹੜਾ ਮੁੱਖ ਪਾਤਰ ਦੀਆਂ ਅਧਿਆਤਮਵਾਦੀ, ਪਦਾਰਥਕ ਗੁੰਝਲਾਂ ਨੂੰ ਹੱਲ ਕਰਦਾ ਤੇ ਸਹੀ ਦਿਸ਼ਾ ਸੁਝਾਉਂਦਾ ਹੈ।

ਨਾਵਲਕਾਰ ਬਿਰਤਾਂਤ ਲੜੀ ਨੂੰ ਦਰੁਸਤ ਰੱਖਣ ਵਜੋਂ ਬੇਧਿਆਨਾ ਰਹਿੰਦਾ ਹੈ ਤੇ ਅਨੇਕਾਂ ਵਾਰ ਕਥਾ ਵਿੱਚ ਸਿੱਧਾ ਦਖ਼ਲ ਦੇ ਕੇ ਆਪਣੀ ਵਿਚਾਰਧਾਰਾ ਦਾ ਪ੍ਰਗਟਾਵਾ ਕਰਦਾ ਹੈ। ਇਥੇ ਨਾਵਲ, ਨਾਵਲ ਨਾ ਰਹਿ ਕੇ ਫਿਲਾਸਫੀ ਦਾ ਲੇਖ ਬਣ ਜਾਂਦਾ ਹੈ।

ਨਾਵਲ ਵਿਚ ਨਿੱਕੇ-ਨਿੱਕੇ ਟੋਟਕੇ, ਮਿਥਕਾਂ, ਪ੍ਰਸੰਗ, ਪਾਤਰਾਂ ਦੀ ਵਾਰਤਾਲਾਪ ਤੇ ਸੂਚਨਾਮੁਖੀ ਬਿਰਤਾਂਤ ਪੇਸ਼ ਹੁੰਦੇ ਹਨ। ਮੁੱਖ ਪਾਤਰ ਦੀ ਕਲਾਕਾਰੀ ਬਿਰਤੀ ਨਾਵਲ ਦੇ ਅੰਤ ਵਿਚ ਆਪਣੀ ਹੋਂਦ ਨੂੰ ਪ੍ਰਾਕਿਰਤਕ ਚਿੰਨ੍ਹਾਂ ਨਾਲ ਇਕ ਮਿਕ ਕਰਦੀ 'ਸੰਪੂਰਨ' ਹੋ ਜਾਂਦੀ ਹੈ ਤੇ ਮਨੁੱਖ ਦੇ ਸਦੀਵੀ ਮਸਲਿਆਂ ਦਾ ਹੱਲ ਜ਼ਿੰਦਗੀ ਰੂਪੀ ਦਰਿਆ ਦੇ ਕਾਲਰੂਪੀ ਆਗੋਸ਼ ਵਿਚ ਸਮਾ ਜਾਣ ਨਾਲ ਹੋ ਜਾਂਦਾ ਹੈ।

## ਪਥਰਾਟ (ਨਾਵਲ)/ਧਰਮਪਾਲ ਸਾਹਿਲ

ਧਰਮਪਾਲ ਸਾਹਿਲ ਪੰਜਾਬੀ ਸਾਹਿਤ ਦੇ ਸਿਰਜਨਾਤਮਕ ਖੇਤਰ ਵਿਚ ਲਗਾਤਾਰ ਲਿਖਣ ਵਾਲਾ ਤਰੱਕੀ ਪਸੰਦ ਲੇਖਕ ਹੈ। 'ਪਥਰਾਟ' ਉਸਦਾ ਨਵਾਂ ਨਾਵਲ ਹੈ ਜਿਸ ਵਿਚ ਉਸਨੇ ਪੰਜਾਬ ਤੇ ਹਿਮਾਚਲ ਪ੍ਰਦੇਸ਼ ਦੀ ਪਹਾੜੀ ਹੱਦ ਦੇ ਆਸ-ਪਾਸ ਵਸੇ ਖੇਤਰ 'ਕੰਢੀ ਬੈਲਟ' ਦੀ ਆਂਚਲਿਕਤਾ ਨੂੰ ਨਾਵਲੀ-ਬਿਰਤਾਂਤ ਦਾ ਆਧਾਰ ਬਣਾਇਆ ਹੈ। ਲੇਖਕ ਨੇ ਨਾਵਲ ਵਿਚ ਇਸ ਨੀਮ ਪਹਾੜੀ ਤੇ



ਪਛੜੇ ਇਲਾਕੇ ਦੀ ਭੂਗੋਲਿਕ, ਸਮਾਜਿਕ, ਸੰਸਕ੍ਰਿਤਕ ਚੇਤਨਾ ਨੂੰ ਵਿਸ਼ੇਸ਼ ਬਿਰਤਾਂਤ-ਪ੍ਰਸੰਗਾਂ ਦੁਆਰਾ ਰੂਪਮਾਨ ਕੀਤਾ ਹੈ। ਇਹਨਾਂ ਪ੍ਰਸੰਗਾਂ ਦੀ ਰੌਚਿਕ ਪੇਸ਼ਕਾਰੀ ਨਾਲ ਇਕ ਪਾਸੇ ਇਸ ਪਹਾੜੀ ਸੰਸਕ੍ਰਿਤੀ ਦੀ ਭਾਸ਼ਾ, ਲੋਕ ਧਰਮ, ਲੋਕ-ਸਭਿਆਚਾਰ ਤੇ ਲੋਕ-ਮਾਨਸਿਕਤਾ ਦੇ ਭਰਵੇਂ ਦ੍ਰਿਸ਼ ਨਾਵਲੀ-ਸਤ੍ਹਾ 'ਤੇ ਉਭਰਦੇ ਹਨ ਦੂਜੇ ਪਾਸੇ ਮੌਜੂਦਾ 'ਵਿਕਾਸਵਾਦੀ' ਵਿਸ਼ਵੀਕਰਣ ਦੇ ਇਸ ਦੌਰ ਵਿਚ ਸਮਾਜ ਦੀ 'ਤੇਜ਼-ਤਰਾਰ' ਮੁੱਖ ਧਾਰਾ ਤੋਂ ਦੂਰ ਕੰਢੀ ਇਲਾਕੇ ਦੇ ਜਟਿਲ ਤੇ ਪਰੰਪਰਾਗਤ ਜੀਵਨ-ਯਥਾਰਥ ਦੇ ਅਣਗੋਲ੍ਹੇ ਕਥਾ-ਪ੍ਰਸੰਗ ਦ੍ਰਿਸ਼ਟੀਗੋਚਰ ਹੁੰਦੇ ਹਨ।

ਨਾਵਲ ਦੀ ਬਿਰਤਾਂਤ ਵਿਧੀ ਉਤਮਪੁਰਖੀ ਤੇ ਚੇਤਨਾ ਪ੍ਰਵਾਹ ਦੀ ਕਥਾ ਸ਼ੈਲੀ ਵਾਲਾ ਹੈ। ਬਿਰਤਾਂਤਕਾਰ ਸਕੂਲ ਮਾਸਟਰ ਹੈ ਜਿਹੜਾ ਮਰਦਮਸ਼ੁਮਾਰੀ ਕਰਨ ਲਈ ਕੰਢੀ ਖੇਤਰ ਦੇ ਕਸਬੇ ਕਮਾਹੀ ਨੇੜਲੇ ਉਸ ਪਿੰਡ ਵਿਚ ਜਾਂਦਾ ਹੈ ਜਿੱਥੇ ਲਗਭਗ ਵੀਹ ਸਾਲ ਪਹਿਲਾਂ, ਉਸਨੂੰ ਆਪਣੀ ਨੌਕਰੀ ਦੇ ਮੁੱਢਲੇ ਦਿਨਾਂ ਵਿਚ ਕੁਝ ਸਾਲ ਪੜ੍ਹਾਉਣਾ ਪਿਆ ਸੀ। ਮਰਦਮਸ਼ੁਮਾਰੀ ਕਰਦਿਆਂ ਸਮੁੱਚੀਆਂ ਯਾਦਾਂ ਉਸਦੇ ਸਾਹਮਣੇ ਉਜਾਗਰ ਹੋ ਜਾਂਦੀਆਂ ਹਨ ਜਿਹਨਾਂ ਨੂੰ ਲੇਖਕ ਨੇ ਵਿਸ਼ੇਸ਼ ਬਿਰਤਾਂਤਕ-ਟੁਕੜਿਆਂ ਦੇ ਮਾਧਿਅਮ ਨਾਲ ਨਾਵਲੀ ਕੈਨਵਸ 'ਤੇ ਫੈਲਾ ਕੇ ਸਮੁੱਚੇ ਬਿਰਤਾਂਤ-ਸੰਗਠਨ ਦੀ ਸਵੈ-ਜੀਵਨੀਨੁਮਾ ਪੇਸ਼ਕਾਰੀ ਕੀਤੀ ਹੈ।

ਨਾਵਲ ਵਿਚ ਲੇਖਕ ਕੰਢੀ ਖੇਤਰ ਦੀ ਆਂਚਲਿਕਤਾ ਨੂੰ ਤਤਕਾਲੀ ਸਮਾਜੀ ਚੇਤਨਾ, ਭੂਗੋਲਿਕ ਦ੍ਰਿਸ਼-ਵਰਨਣ ਤੇ ਵਿਸ਼ੇਸ਼ ਭਾਸ਼ਾਈ ਵਿਲੱਖਣਤਾ ਦੁਆਰਾ ਦ੍ਰਿਸ਼ਟਮਾਨ ਕਰਦਾ ਨਿੱਕੇ-ਨਿੱਕੇ ਕਥਾ-ਖੰਡਾਂ ਵਿਚ ਪੇਸ਼ ਕਰਦਾ ਹੈ। ਇਹ ਕਥਾ-ਖੰਡ ਉਸ ਪਿੰਡ ਦੇ ਦਮਿਤ ਪਾਤਰਾਂ ਦੀਆਂ ਨਿੱਜੀ, ਪਰਿਵਾਰਕ ਤੇ ਸਮਾਜਿਕ ਸਮੱਸਿਆਵਾਂ ਨੂੰ ਆਪਣੀ ਬਿਰਤਾਂਤ-ਚੇਤਨਾ ਦਾ ਆਧਾਰ ਬਣਾਉਂਦੇ ਹਨ। ਬਿਰਤਾਂਤ ਦਾ ਪਿੰਡ ਦੀ ਗੌਰੀ ਨਾਂ ਦੀ ਲੜਕੀ ਨਾਲ ਅਸਫਲ ਪ੍ਰੇਮ, ਸਾਥੀ ਮਾਸਟਰ ਦੀ ਆਦਰਸ਼ ਵਿਹੂਣੀ ਸੋਚ, ਸ਼ੈਲ ਵਰਗੀਆਂ ਮਨੋ-ਰੋਗਾਂ ਤੋਂ ਪੀੜਤ ਕੁੜੀਆਂ ਦਾ ਦੁਖਾਂਤ, ਉਚ ਜਾਤ ਦੇ ਮਾਨ੍ਹ ਵਲੋਂ ਦਲਿਤ ਔਰਤ ਨਾਲ ਧੱਕਾ, ਠੁਕ ਠੁਕੀਆਂ ਬਾਬੇ ਦੀ ਮਸਤ-ਮਲੰਗਤਾ, ਕ੍ਰਿਸ਼ਨ-ਰਾਧਾ ਵਰਗੇ ਦਮਿਤ ਜੋੜਿਆਂ ਦੀ ਪੀੜਾ, ਸਕੂਲ ਮੁੱਖੀ ਦੀ ਕਪਟੀ ਤੇ ਭ੍ਰਿਸ਼ਟ ਸੋਚ, ਹੰਸ ਰਾਜ ਫੌਜੀ ਨਾਲ ਭੂ-ਮਾਫੀਆਂ ਦੀ ਧੱਕੇਸ਼ਾਹੀ, ਫੌਜ ਦੇ ਸ਼ਹੀਦ ਰਣਵਿਜੈ ਸਿੰਘ ਦੀ ਗੌਰਵਮਈ ਗਾਥਾ, ਬਾਂਕਾ ਤੇ ਉਹਦੀ ਭਰਜਾਈ ਦੀ ਦੂਰ ਦ੍ਰਿਸ਼ਟੀ, ਐਨ. ਐਸ. ਐਸ. ਕੈਂਪ ਦੌਰਾਨ ਰਕਸ਼ਾ ਨਾ ਦੀ ਔਰਤ ਦਾ ਆਦਰਸ਼ਵਾਦ, ਕਮਲੋ ਵਰਗੀ ਦਲਿਤ ਕੁੜੀ ਦਾ ਦੁਖਾਂਤ ਆਦਿ ਅਜਿਹੇ ਬਿਰਤਾਂਤ ਖੰਡ ਹਨ ਜਿਹੜੇ ਨਾਵਲੀ-ਸੰਗਠਨ ਵਿਚ ਘਟਨਾਕ੍ਰਮ ਦੀ ਲੜੀਬੱਧ ਪੇਸ਼ਕਾਰੀ ਤੋਂ ਬੇਸ਼ੱਕ ਨਿਰਪੇਖ ਹਰ ਪਰ ਇਹਨਾਂ ਕਥਾ-ਖੰਡਾਂ ਦੇ ਪਾਤਰਾਂ ਦੀਆਂ ਦੱਬੀਆਂ-ਘੁੱਟੀਆਂ ਇੱਛਾਵਾਂ, ਲੋਕ-ਮਾਨਸਿਕਤਾ, ਸਿੱਧ-ਪਧਰੀ ਸੋਚ ਤੇ ਸਮਾਜ ਦੀ ਮੁੱਖ ਧਾਰਾ ਤੋਂ ਦੂਰਲੀ ਸਹਿਜ-ਸੁਭਾਵਕ ਜੀਵਨ ਸ਼ੈਲੀ ਆਪਣੇ ਅੰਦਰ ਪਹਾੜੀ ਜੀਵਨ-ਯਥਾਰਥ ਦੀਆਂ ਵਿਭਿੰਨ ਪਰਤਾਂ ਛੁਪਾਈ ਬੈਠੀ ਹੈ।

ਭਾਸ਼ਾਈ ਚੇਤਨਾ ਪੱਖੋਂ ਨਾਵਲ ਵਿਚ ਪਹਾੜੀ ਬੋਲੀ ਦੀ ਡਾਇਲੈਕਟਸ ਨੂੰ ਪਾਤਰਾਂ ਦੀ ਗੱਲਬਾਤ ਦੌਰਾਨ ਪ੍ਰਯੋਗ ਕਰਕੇ ਪੰਜਾਬੀ ਭਾਸ਼ਾ ਦੀ ਵੰਨ-ਸੁਵੰਨਤਾ ਨੂੰ ਸੁਹਜਪੂਰਨ ਅਰਥ ਦਿੱਤੇ ਗਏ ਹਨ। ਨਾਵਲ ਦੇ ਬਿਰਤਾਂਤ ਵਿਚ ਲੇਖਕ ਦੀ 'ਮੈਂ' ਮੂਲਕਤਾ ਦਾ ਭਾਰੂ ਦਖਲ ਇਸਨੂੰ ਨਾਵਲੀ-ਪ੍ਰਤੀਮਾਨਾਂ ਤੋਂ ਤੋੜ ਕੇ ਸਵੈ-ਜੀਵਨੀ, ਸਿਮਰਤੀਆਂ, ਡਾਇਰੀ, ਰੇਖਾ-ਚਿੱਤਰ ਜਿਹੇ ਸਾਹਿਤ ਰੂਪਾਂ ਵੱਲ ਮੋੜ ਦਿੰਦਾ ਹੈ।

ਪੰਜਾਬੀ ਨਾਵਲ ਨੂੰ ਪਹਾੜੀ ਆਂਚਲਿਕਤਾ ਨਾਲ ਜੋੜਨ 'ਤੇ ਲੇਖਕ ਵਧਾਈ ਦਾ ਪਾਤਰ ਹੈ।

## ਸ਼ਖ਼ਸੀਅਤਾਂ/ਡਾ. ਨਰੇਸ਼

ਡਾ. ਨਰੇਸ਼ ਦੀ ਲਿਖੀ ਇਸ ਪੁਸਤਕ 'ਚ 21 ਸ਼ਖ਼ਸੀਅਤਾਂ ਬਾਰੇ ਚਾਨਣਾ ਪਾਇਆ ਗਿਆ ਹੈ। ਇਹ ਹਨ : ਸ਼ੇਖ਼ ਬਾਬਾ ਫ਼ਰੀਦ, ਹਜ਼ਰਤ ਨਿਜ਼ਾਮੁੱਦੀਨ ਔਲੀਆ, ਗੁਰੂ ਨਾਨਕ, ਸ਼ਾਹ ਹੁਸੈਨ, ਨਿਕੋਲਾਓ ਮਨੂਕੀ, ਆਬੇ ਦੂਬੂਆ, ਮਹਾਰਾਜਾ ਰਣਜੀਤ ਸਿੰਘ, ਬਹਾਦੁਰ ਸ਼ਾਹ 'ਜ਼ਫ਼ਰ', ਸਵਾਮੀ ਦਯਾਨੰਦ, ਮਿਰਜ਼ਾ ਅਸਦੁੱਲਾ ਖ਼ਾਂ ਗ਼ਾਲਿਬ, ਸਵਾਮੀ ਰਾਮ ਤੀਰਥ, ਵਿਜਯਾਨੰਦ ਸੂਰੀ, ਮੋਹਨ ਦਾਸ ਕਰਮ ਚੰਦ ਗਾਂਧੀ, ਸੁੱਬ੍ਰਾਮਣੀਆ ਭਾਰਤੀ, ਡਾ. ਮੁਹੰਮਦ ਇਕਬਾਲ, ਜਵਾਹਰ ਲਾਲ ਨਹਿਰੂ, ਮੌਲਾਨਾ ਅਬੁਲ ਕਲਾਮ ਆਜ਼ਾਦ, ਸ਼ਹੀਦ ਊਧਮ ਸਿੰਘ, ਭਾਈ ਵੀਰ ਸਿੰਘ, ਸ਼ਿਵ ਕੁਮਾਰ ਬਟਾਲਵੀ ਅਤੇ ਗ਼ੁਲਾਮ ਮੁਹੀਉੱਦੀਨ। ਇਨ੍ਹਾਂ 'ਚੋਂ ਭਾਈ ਵੀਰ ਸਿੰਘ ਤੇ ਸ਼ਿਵ ਕੁਮਾਰ ਬਟਾਵਲੀ ਕਵਿਤਾ ਨਾਲ ਸੰਬੰਧਤ ਹਨ। ਕੁਝ ਸੂਫ਼ੀ ਕਵੀ ਹਨ। ਆਜ਼ਾਦੀ ਘੁਲਾਟੀਏ ਹਨ। ਇਸ ਪੁਸਤਕ ਨੂੰ ਪੜ੍ਹਦਿਆਂ ਹੋਇਆਂ ਇਨ੍ਹਾਂ ਮਹਾਪੁਰਖਾਂ ਦੀ ਜ਼ਿੰਦਗੀ, ਵਿਚਾਰਾਂ ਤੇ ਪ੍ਰਾਪਤੀਆਂ ਬਾਰੇ ਪਤਾ ਲੱਗਦਾ ਹੈ। ਡਾ. ਨਰੇਸ਼ ਨੇ ਇਸ ਪੁਸਤਕ ਨੂੰ ਲਿਖਦਿਆਂ ਹੋਇਆਂ ਭਾਸ਼ਾ ਵੱਲ ਉਚੇਚਾ ਧਿਆਨ ਦਿੱਤਾ ਹੈ। ਭਾਵ ਉਸ ਆਮ ਤੇ ਸਾਧਾਰਣ ਭਾਸ਼ਾ 'ਚ ਇਹਨਾਂ ਸ਼ਖ਼ਸੀਅਤਾਂ ਬਾਰੇ ਜਾਣਕਾਰੀ ਦਿੱਤੀ ਹੈ। ਜਿਵੇਂ ਉਹ ਮੋਹਨ ਦਾਸ ਕਰਮਚੰਦ ਗਾਂਧੀ ਬਾਰੇ ਲਿਖਦਾ ਹੈ : "ਭਾਰਤੀ ਦੇ ਰਾਜਨੀਤਿਕ-ਸਮਾਜਿਕ ਨਕਸ਼ੇ ਉੱਪਰ ਕਈ ਲੀਡਰ ਅਤੇ ਸਮਾਜ-ਸੁਧਾਰਕ ਉਭਰੇ ਹਨ, ਜਿਹਨਾਂ ਨੂੰ ਭਾਰਤ ਜਨਤਾ ਨੇ ਭਰਵਾਂ ਸਨਮਾਨ ਦਿੱਤਾ ਹੈ, ਪਰ ਭਾਰਤੀ ਜਨਤਾ ਵਲੋਂ ਜੋ ਸ਼ਰਧਾ, ਨਿਸ਼ਠਾ ਅਤੇ ਆਸਥਾ ਮਹਾਤਮਾ ਗਾਂਧੀ ਨੂੰ ਪ੍ਰਾਪਤ ਹੈ, ਉਹ ਕਿਸੇ ਵਿਰਲੇ ਰਾਜਨੇਤਾ ਨੂੰ ਹੀ ਨਸੀਬ ਹੁੰਦੀ ਹੈ। ਸੰਸਕਾਰ ਵਜੋਂ ਆਸਥਾਵਾਨ ਭਾਰਤੀਆਂ ਦਾ ਕਿਸੇ ਸਿਆਸੀ ਲੀਡਰ ਨੂੰ 'ਮਹਾਤਮਾ' ਮੰਨ ਲੈਣਾ ਹੀ, ਇਸਦਾ ਸਭ ਤੋਂ ਵੱਡਾ ਪ੍ਰਮਾਣ ਹੈ।" ਇਹ ਪੁਸਤਕ ਨੌਜੁਆਨਾਂ ਲਈ ਪ੍ਰੇਰਣਾ-ਸ੍ਰੋਤ ਦਾ ਸੋਮਾ ਹੈ। ਨੈਸ਼ਨਲ ਬੁਕ ਟਰੱਸਟ, ਇੰਡੀਆ ਵਲੋਂ ਛਾਪੀ ਗਈ ਇਸ ਪੁਸਤਕ ਦਾ ਮੁੱਲ 55 ਰੁ: ਹੈ

## ਪਿਆਰਾ ਸਿੰਘ ਦਾਤਾ ਦਾ ਚੋਣਵਾਂ ਹਾਸ-ਵਿਅੰਗ

ਕੇ. ਐਲ. ਗਰਗ ਬਹੁ-ਸ਼ਖ਼ਸੀਅਤ ਦਾ ਲੇਖਕ ਹਨ। ਉਸ ਕਹਾਣੀਆਂ ਲਿਖੀਆਂ, ਵਿਅੰਗ ਲਿਖ ਕੇ ਆਪਣਾ ਲੋਹਾ ਮੰਨਵਾਇਆ, ਸਫ਼ਰਨਾਮਾ ਲਿਖਿਆ। ਅਨੁਵਾਦ ਕੀਤਾ ਤੇ ਕਈ ਪੁਸਤਕਾਂ ਦੀ ਸੰਪਾਦਕੀ ਦਾ ਕਾਰਜ ਕੀਤਾ। ਇਸ ਪੁਸਤਕ ਦੀ ਭੂਮਿਕਾ 'ਚ ਦਰਜ ਹੈ : "ਐਸ. ਐਸ. ਚਰਨ ਸਿੰਘ 'ਸ਼ਹੀਦ' ਤੋਂ ਬਾਅਦ ਵਾਲੀ ਪੀੜ੍ਹੀ ਵਿੱਚ ਦਾਤਾ ਜੀ ਦਾ ਕੱਦ-ਬੁੱਤ ਸਹਿਜੇ ਹੀ ਪਛਾਣਿਆ ਜਾ ਸਕਦਾ ਹੈ। ਉਹ ਡਾ. ਗੁਰਨਾਮ ਸਿੰਘ 'ਤੀਰ', ਸੂਬਾ ਸਿੰਘ ਤੇ ਅਨੰਤ ਸਿੰਘ ਕਾਬਲੀ ਦੇ ਸਮਕਾਲੀ ਰਹੇ। ਆਪਣੇ ਜੀਵਨ ਦੀ ਕੁੜੱਤਣ ਨੂੰ ਵੀ ਉਨ੍ਹਾਂ ਨੇ ਮਿਸ਼ਰੀ ਬਣਾ ਕੇ ਪੇਸ਼ ਕੀਤਾ। ਉਨ੍ਹਾਂ ਦੇ ਪਾਤਰ ਹਸਾ-ਹਸਾ ਢਿੱਡੀਂ ਪੀੜਾਂ ਤਾਂ ਪਾਉਂਦੇ ਹੀ ਹਨ, ਆਲੇ-ਦੁਆਲੇ ਪ੍ਰਤੀ ਸਾਨੂੰ ਸੂਝਵਾਨ ਵੀ ਬਣਾਉਂਦੇ ਹਨ। ਉਹ ਆਪਣੇ ਹਾਸ-ਵਿਅੰਗ ਰਾਹੀਂ ਨਵਾਂ, ਨਰੋਆ, ਸਿਹਤ-ਮੰਦ ਤੇ ਰੋਗ-ਰਹਿਤ ਸਮਾਜ ਸਿਰਜਣ ਦੇ ਇੱਛੁਕ ਸਨ। ਦਾਤਾ ਜੀ ਦੀਆਂ ਰਚਨਾਵਾਂ ਪੰਜਾਬੀ ਹਾਸ ਵਿਅੰਗ ਦੀ ਗਲੈਕਸੀ ਵਿੱਚ ਸਦਾ ਟਹਿਕਦੀਆਂ ਰਹਿਣਗੀਆਂ।"

ਇਸ ਪੁਸਤਕ 'ਚ ਦਾਤਾ ਜੀ ਦੇ 59 ਹਾਸ-ਵਿਅੰਗ ਸ਼ਾਮਿਲ ਕੀਤੇ ਗਏ ਹਨ ਜਿਨ੍ਹਾਂ 'ਚੋਂ ਤੋਹਫਾ, ਸਫਲ ਯਾਤਰਾ, ਗੱਪਬਾਜ਼, ਪੰਜਾਬੀ ਲੇਖਕ ਕਾਲੋਨੀ, ਭਾਈਆ, ਲੂਣ ਦਾ ਪਹਾੜ



ਵਿਸ਼ੇਸ਼ ਹਨ। ਕੇ. ਐਲ. ਗਰਗ ਦੀ ਬਾਣੀਆ ਅੱਖ ਨੂੰ ਸਲਾਮ ਤੇ ਨੈਸ਼ਨਲ ਬੁਕ ਟਰੱਸਟ ਵਲੋਂ ਚੰਗੀ ਪੁਸਤਕ ਛਾਪਣ ਲਈ ਮੁਬਾਰਕਾਂ।

## ਵਿਸ਼ਣੂ ਪ੍ਰਭਾਕਰ ਦੀਆਂ ਚੋਣਵੀਆਂ ਕਹਾਣੀ

ਜਦੋਂ ਵਿਸ਼ਣੂ ਪ੍ਰਭਾਕਰ ਦਾ ਨਾਂ ਆਉਂਦਾ ਹੈ ਤਾਂ ਉਸ ਵਲੋਂ ਲਿਖੀ ਗਈ ਸ਼ਰਤ ਚੰਦਰ ਦੀ ਜੀਵਨੀ 'ਆਵਾਰਾ ਮਸੀਹਾ' ਅਚਨਚੇਤ ਹੀ ਯਾਦ ਨਹੀਂ ਆਉਂਦੀ, ਇਹ ਰਚਨਾ ਤਾਂ ਸਾਡੇ ਮਨਾਂ ਅੰਦਰ ਵਸੀ ਹੋਈ ਹੈ। ਇਸ ਸੰਗ੍ਰਹਿ 'ਚ ਉਸ ਦੀਆਂ 1937 ਤੋਂ ਲੈ ਕੇ 1993 ਤੱਕ ਲਿਖੀਆਂ ਗਈਆਂ ਅਠਾਰਾਂ ਕਹਾਣੀਆਂ ਸੋਨਾ ਦੀ ਗੱਲ, ਬਟਵਾਰਾ, ਇੱਕ ਮਾਂ, ਇੱਕ ਦੇਸ, ਮੇਰਾ ਪੁੱਤਰ, ਟਾਂਗੇ ਵਾਲਾ, ਨਾਗ-ਫਾਂਸ, ਪਰਤਬ ਤੋਂ ਵੀ ਉੱਚਾ, ਚਾਚੀ, ਮਾਰਿਆ, ਖੰਡਿਤ-ਪੂਜਾ, ਸਾਂਚੇ ਤੇ ਕਲਾ, ਇਕ ਹੋਰ ਵਿਭਚਾਰਣੀ, ਇਕ ਅਧੂਰਾ ਖ਼ਤ, ਮੁਰੱਬੀ, ਸਾਨੂੰ ਢਾਹੁਣ ਵਾਲੇ, ਹਨੇਰੇ ਵਿਹੜੇ ਵਾਲਾ ਮਕਾਨ, ਲਾਵਾ, ਕਰਫ਼ਿਊ ਤੇ ਆਦਮੀ ਸ਼ਾਮਿਲ ਕੀਤੀਆਂ ਗਈਆਂ ਹਨ ਪਰ ਉਸ ਦੀ ਅਤੀ ਪ੍ਰਸਿੱਧ ਕਹਾਣੀ 'ਧਰਤੀ ਅਜੇ ਵੀ ਘੁੰਮ ਰਹੀ ਹੈ' ਨੂੰ ਸ਼ਾਮਿਲ ਨਹੀਂ ਕੀਤਾ ਗਿਆ। ਇਨ੍ਹਾਂ ਕਹਾਣੀਆਂ 'ਚ ਹਿੰਦੂ-ਮੁਸਲਿਮ ਸੰਬੰਧਾਂ, ਮੱਧ ਵਰਗ ਦੀਆਂ ਆਰਥਿਕ ਸਮੱਸਿਆਵਾਂ, ਬੰਗਾਲ ਦੇ ਅਕਾਲ ਸਮੇਂ ਪੈਦਾ ਹੋਈ ਸਥਿਤੀ, ਇਸਤਰੀ ਜੀਵਨ ਦੀ ਤ੍ਰਾਸਦੀ, ਸਾਹਿਤ-ਜਗਤ ਦੀਆਂ ਵਿਸੰਗਤੀਆਂ, ਲੇਖਕਾਂ ਦੀਆਂ ਬੇਬਸੀਆਂ, ਅਵਾਰਡਾਂ ਤੇ ਪੁਸਤਕਾਂ ਦੀ ਥੋਕ ਦੀ ਵਿਕਰੀ ਤੇ ਕਈ ਹੋਰ ਵਿਸ਼ਿਆਂ ਬਾਰੇ ਉਸ ਵੇਲੇ ਸਮੇਂ 'ਤੇ ਚਾਨਣਾ ਪਾਇਆ ਗਿਆ ਹੈ। ਉਸ ਦੀਆਂ ਇਹ 18 ਕਹਾਣੀਆਂ ਉਸ ਦੀ ਕਹਾਣੀਆਂ ਦੀ ਪ੍ਰਤੀਨਿਧਤਾ ਕਰਦੀਆਂ ਹਨ। ਇਸ ਸੰਗ੍ਰਹਿ 'ਚ ਸ਼ਾਮਿਲ ਕਹਾਣੀਆਂ ਚਾਚੀ, ਮਾਰਿਆ, ਲਾਵਾ, ਟਾਂਗੇ ਵਾਲਾ, ਮੁਰੱਬੀ, ਸ੍ਰਿਮਤੀ 'ਚ ਯਾਦ ਰਹਿਣ ਵਾਲੀਆਂ ਕਹਾਣੀਆਂ ਹਨ। ਡਾ. ਜਸਵਿੰਦਰ ਕੌਰ ਬਿੰਦਰਾ ਨੇ ਅਨੁਵਾਦ ਵੇਲੇ ਕਾਫੀ ਮਿਹਨਤ ਕੀਤੀ ਹੈ। ਉਦਾਹਰਣ ਵਜੋਂ 'ਸੋਨਾ ਦੀ ਗੱਲ' ਦਾ ਇਹ ਪੈਰਾ ਦੇਖਿਆ ਜਾ ਸਕਦਾ ਹੈ : "ਉਸ ਵਿੱਚ ਨਾ ਭੇਜਣ ਵਾਲੇ ਦਾ ਨਾਂ ਸੀ ਤੇ ਨਾ ਹੀ ਕੋਈ ਹੋਰ ਗੱਲ ਲਿਖੀ ਸੀ। ਸੋਨਾ ਦਾ ਹੋਰ ਕਿਹੜਾ ਕਰੀਬੀ ਸੀ, ਜੋ ਪੱਤਰ ਲਿਖਦਾ ? ਪਤੀ ਉਸ ਦਾ ਆਪਣਾ ਸੀ, ਉਸ ਨੂੰ ਗੁਆ ਕੇ ਉਹ ਫਿਰ ਇੱਕ ਵਾਰ ਇਕੱਲੀ ਸੀ। ਪੱਤਰ ਵਿਚ ਸੋਨਾ ਦਾ ਨਾਂ ਸੀ, ਇਸ ਲਈ ਅਜੀਤ ਸਮਝ ਗਿਆ ਤੇ ਸਮਝਣ ਮਗਰੋਂ ਉਸ ਨੇ ਪੱਤਰ ਫਾੜ ਕੇ ਸੁੱਟ ਦਿੱਤਾ। ਜੋ ਹੋਣਾ ਸੀ, ਉਹ ਹੋ ਗਿਆ ਸੀ। ਉਹ ਅਜੀਤ ਲਈ ਰੁਕਾਵਟ ਕਿਉਂ ਬਣੇ ? ਕਿਸੁਨ ਨੂੰ ਵੀ ਉਸ ਨੇ ਕੁਝ ਨਾ ਦੱਸਿਆ।" ਨੈਸ਼ਨਲ ਬੁਕ ਟਰੱਸਟ, ਇੰਡੀਆ ਵਲੋਂ ਛਾਪੀ ਗਈ ਇਸ ਪੁਸਤਕ ਦਾ ਮੁੱਲ 70 ਰੁ: ਹੈ।

## ਕਾਮਤਾਨਾਥ ਦੀਆਂ ਚੋਣਵੀਆਂ ਕਹਾਣੀਆਂ

ਇਸ ਪੁਸਤਕ ਦੀ ਭੂਮਿਕਾ ਰਾਜਕੁਮਾਰ ਨੇ ਲਿਖੀ ਹੈ। ਉਹ ਕਾਮਤਾਨਾਥ ਦੀਆਂ ਕਹਾਣੀਆਂ ਦੀ ਵੰਡ ਇਉਂ ਕਰਦੇ ਹਨ : "ਕਾਮਤਾਨਾਥ ਦੇ ਬਹੁਪੱਖੀ ਰਚਨਾ-ਸੰਸਾਰ ਨੂੰ ਮੋਟੇ ਤੌਰ ਤੇ ਤਿੰਨ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ। ਪਹਿਲੀ ਸ਼੍ਰੇਣੀ ਵਿਚ ਉਨ੍ਹਾਂ ਕਹਾਣੀਆਂ ਨੂੰ ਰੱਖ ਸਕਦੇ ਹਾਂ ਜਿਨ੍ਹਾਂ ਦੇ ਕੇਂਦਰ ਵਿੱਚ ਮਾਨਵੀ ਸਬੰਧ ਅਤੇ ਪਰਿਵਾਰਕ ਰਿਸ਼ਤੇ ਹਨ। ਦੂਜੀ ਸ਼੍ਰੇਣੀ ਵਿੱਚ ਅਜਿਹੀਆਂ ਕਹਾਣੀਆਂ ਆਉਂਦੀਆਂ ਹਨ ਜਿਨ੍ਹਾਂ ਦਾ ਆਗਾਜ਼ ਤਾਂ ਪਰਿਵਾਰ ਤੋਂ ਹੁੰਦਾ ਹੈ

ਪਰ ਉਹ ਪਰਿਵਾਰਕ ਦਾਇਰੇ ਤੱਕ ਸੀਮਿਤ ਨਹੀਂ ਰਹਿੰਦੀਆਂ, ਬਾਹਰ ਨਿਕਲ ਜਾਂਦੀਆਂ ਹਨ- ਵਿਅਕਤੀਗਤ ਅਤੇ ਸਰਵ-ਸਾਧਾਰਨ ਦੇ ਜੀਵਨ ਦੇ ਦਾਇਰੇ ਵਿਚ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ। ਤੀਜੀ ਸ਼੍ਰੇਣੀ ਵਿੱਚ ਉਨ੍ਹਾਂ ਕਹਾਣੀਆਂ ਨੂੰ ਲਿਆ ਜਾ ਸਕਦਾ ਹੈ ਜੋ ਸਰਵ-ਸਾਧਾਰਨ ਦੇ ਜੀਵਨ ਨਾਲ ਸੰਬੰਧਿਤ ਕਿਸੇ ਸਮੱਸਿਆ ਨੂੰ ਉਜਾਗਰ ਕਰਦੀਆਂ ਹਨ। ਇਹ ਵੰਡ ਇੱਕ ਕੰਮ-ਚਲਾਊ ਵੰਡ ਹੈ ਅਤੇ ਇਸ ਤੇ ਵਧੇਰੇ ਜ਼ੋਰ ਦੇਣ ਦਾ ਮੇਰਾ ਕੋਈ ਇਰਾਦਾ ਨਹੀਂ ਹੈ। ਅੱਗੇ ਇਨ੍ਹਾਂ ਕਹਾਣੀਆਂ ਨੂੰ ਇਸੇ ਕ੍ਰਮ ਵਿੱਚ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ।"

ਇਸ ਸੰਗ੍ਰਹਿ 'ਚ ਕਾਮਤਾਨਾਥ ਦੀਆਂ ਅਠਾਰਾਂ ਕਹਾਣੀਆਂ ਸ਼ਾਮਿਲ ਕੀਤੀਆਂ ਗਈਆਂ ਹਨ :- ਛੁੱਟੀਆਂ, ਸਾਰੀ ਰਾਤ, ਨਰਸਿੰਗ ਹੋਮ ਵਿੱਚ, ਡਰ, ਪਹਾੜ, ਤੀਜਾ ਸਾਹ, ਲਾਸ਼ਾਂ, ਦੇਵੀ ਪ੍ਰਗਟ ਹੋ ਗਈ, ਬੱਚਾ, ਖਲਨਾਇਕ, ਲੱਕੜ ਦੀ ਲੱਤ, ਕੈਨ ਮਤਲਬ ਸਕਣਾ, ਜਮ੍ਹਾਂ-ਹਾਸਿਲ, ਅਮਨ ਦਾ ਦੂਤ, ਸੰਨਿਆਸ, ਕੰਮ ਦਾ ਪਹੀਆ, ਹਾਰ ਅਤੇ ਸੰਕ੍ਰਮਣ।

ਉਹ ਮੂਲ ਰੂਪ 'ਚ ਮੁਨਸ਼ੀ ਪ੍ਰੇਮ ਚੰਦ ਦੀ ਪਰੰਪਰਾ ਦਾ ਕਹਾਣੀਕਾਰ ਹੈ ਪਰ ਉਸ ਨੇ ਪ੍ਰੇਮ ਚੰਦ ਦੀ ਪਰੰਪਰਾ ਨੂੰ ਆਪਣੇ ਡੰਗ ਨਾਲ ਵਿਸਥਾਰ ਦਿੱਤਾ। ਉਸ ਦੀਆਂ ਕਹਾਣੀਆਂ ਸਮਾਜਿਕ ਸਰੋਕਾਰ ਦੀਆਂ ਕਹਾਣੀਆਂ ਹਨ। ਉਸ ਦੀਆਂ ਕਹਾਣੀਆਂ 'ਚ 'ਕਥਾ-ਰਸ' ਹੈ। ਉਦਾਹਰਣ ਵਜੋਂ ਉਸ ਦੀਆਂ ਕਹਾਣੀਆਂ ਖਲਨਾਇਕ, ਸੰਨਿਆਸ, ਬੱਚਾ, ਡਰ, ਹਾਰ, ਪਹਾੜ ਤੇ ਲਾਸ਼ਾਂ ਦੇਖੀਆਂ ਜਾ ਸਕਦੀਆਂ ਹਨ। 'ਡਰ' ਕਹਾਣੀ ਇਨ੍ਹਾਂ ਸਤਰਾਂ ਨਾਲ ਸ਼ੁਰੂ ਹੁੰਦੀ ਹੈ :

"ਸ਼ਾਇਦ ਕੋਈ ਸਾਡੇ ਪਿੱਛਾ ਆ ਰਿਹਾ ਹੈ।" ਸੋਨਪਤੀ ਨੇ ਮਾਂ ਨੂੰ ਕਿਹਾ।

ਦੋਹਾਂ ਔਰਤਾਂ ਨੇ ਪਿੱਛੇ ਮੁੜ ਕੇ ਦੇਖਿਆ। ਕੁਝ ਦੂਰੀ ਤੇ ਦੋ ਬੰਦੇ ਆਪਸ ਵਿੱਚ ਗੱਲਾਂ ਕਰਦੇ ਉਹਨਾਂ ਦੇ ਪਿੱਛੇ-ਪਿੱਛੇ ਟੁਰੇ ਆ ਰਹੇ ਸਨ। ਸਾਹਮਣੇ ਸੁਨਸਾਨ ਸੜਕ ਸੀ। ਪਿੱਪਲ ਹੇਠਲੇ ਮਹਾਂਦੇਵ ਜੀ ਦੇ ਮੰਦਰ ਦਾ ਦੀਵਾ ਵੀ ਬੁਝ ਚੁੱਕਿਆ ਸੀ।

ਮਾਂ-ਬੇਟੀ ਵਿਚਕਾਰ ਕੋਈ ਗੱਲ ਨਹੀਂ ਹੋਈ।

ਪ੍ਰੋ. ਪੀਤਮ ਸਿੰਘ ਰਾਹੀ ਸਾਡੇ ਵਿਚਕਾਰ ਨਹੀਂ ਰਹੇ ਪਰ ਉਨ੍ਹਾਂ ਦੁਆਰਾ ਅਨੁਵਾਦਤ ਇਹ ਪੁਸਤਕ ਸਾਡੇ ਵਿਚਕਾਰ ਮੌਜੂਦ ਹੈ ਤੇ ਉਨ੍ਹਾਂ ਦੀ ਕਲਮ ਅੱਗੇ ਅਸੀਂ ਨਤਮਸਤਕ ਹਾਂ। ਨੈਸ਼ਨਲ ਬੁਕ ਟਰੱਸਟ, ਇੰਡੀਆ ਦਾ ਇਹ ਇਕ ਸ਼ਲਾਘਾਯੋਗ ਉਦਮ ਹੈ।

## ਸ਼ਹੀਦੀਨਾਮਾ/ਰਤਨ ਸਿੰਘ

ਜਿਵੇਂ ਕਿ ਇਸਦੇ ਨਾਂ ਤੋਂ ਹੀ ਇਹ ਪਤਾ ਚਲਦਾ ਹੈ ਕਿ ਇਹ ਤਿੰਨ ਸ਼ਹੀਦਾਂ ਕਰਤਾਰ ਸਿੰਘ ਸਰਾਭਾ, ਭਗਤ ਸਿੰਘ ਤੇ ਊਧਮ ਸਿੰਘ ਬਾਰੇ ਪੁਸਤਕ ਹੈ ਜਿਸ 'ਚ ਇਹਨਾਂ ਸ਼ਹੀਦਾਂ ਦੇ ਜੀਵਨ ਤੇ ਕੁਰਬਾਨੀ ਨੂੰ ਸ਼ਿਹਰਫੀਆਂ ਦੇ ਰੂਪ 'ਚ ਲਿਖਿਆ ਗਿਆ ਹੈ। ਇਨ੍ਹਾਂ ਤਿੰਨਾਂ ਯੋਧਿਆਂ ਦੀ ਆਜ਼ਾਦੀ ਦੀ ਜੰਗ 'ਚ ਅਹਿਮ ਭੂਮਿਕਾ ਰਹੀ ਹੈ।

ਰਤਨ ਸਿੰਘ ਨੇ ਸ਼ਿਹਰਫੀਆਂ 'ਚ ਭਗਤ ਸਿੰਘ ਤੇ ਉਸ ਸਮੇਂ ਬਾਰੇ ਇਉਂ ਲਿਖਿਆ ਹੈ:

ਪੂਰੇ ਰੋਹ ਵਿੱਚ ਲੋਕ ਪਏ ਆਖਦੇ ਨੇ
ਅਤਿ ਚੁੱਕੀ ਏ ਫਰੰਗੀਆਂ ਆਖਰਾਂ ਦੀ।
ਵਾਪਿਸ ਜਾ ਏਥੋਂ, ਵਾਪਿਸ ਜਾ ਏਥੋਂ
ਅਸੀਂ ਗੱਲ ਨਹੀਂ ਮੰਨਣੀ ਜਾਬਰਾਂ ਦੀ।
ਬਾਲਾਂ ਵਾਂਗ ਏਹ ਸਾਨੂੰ ਪਰਚਾਣ ਆਏ



ਗੂੜ੍ਹੀ ਚਾਲ ਏ ਸ਼ਾਤਿਰ ਸੌਦਾਗਰਾਂ ਦੀ।
ਅਹਿੰਸਾ ਸਾਡਾ ਈਮਾਨ ਹੈ ਰਤਨ ਸਿੰਘਾਂ
ਢਾਣੀ ਹੋਰ ਹੈ ਇਕ ਇਸ ਤੋਂ ਨਾਬਿਰਾਂ ਦੀ।

ਊਧਮ ਸਿੰਘ ਬਾਰੇ ਰਤਨ ਸਿੰਘ ਲਿਖਦਾ ਹੈ :

ਇਕ ਪਿੰਡ ਸਤਿਨਾਮ ਹੈ ਸਤਿ ਦੇ ਪਥ ਵਾਲਾ
ਏਹ ਸਤਿ ਸੱਚ ਦਾ ਤੇ ਰੱਬ ਦੇ ਨਾਂਅ ਦਾ ਏ।
ਸਰਦਾਰ ਊਧਮ ਸਿੰਘ ਸ਼ਹੀਦ ਦਾ ਪਿੰਡ ਏਹੋ
ਹੈ ਉੱਚਾ ਨਾਮੜਾ ਏਸ ਗਿਰਾਂ ਦਾ ਏ।
ਧਰਤ ਪੰਜਾਬ ਦੀ ਏਸ ਤੇ ਫ਼ਖ਼ਰ ਕਰਦੀ
ਏਹ ਤਾਂ ਹੱਕ ਸ਼ਹੀਦ ਦੀ ਥਾਂ ਦਾ ਏ।
ਬਾਪ ਟਹਿਲ ਸਿੰਘ ਹੈ ਨਵਾਂ ਹੀ ਸਿੰਘ ਸੱਜਿਆ
ਨਰੈਣ ਕੌਰ ਕਹਿੰਦੇ ਨਾਂਅ ਮਾਂ ਦਾ ਏ।

ਇਹ ਪੁਸਤਕ ਖੋਜ ਭਰਪੂਰ ਪੁਸਤਕ ਹੈ ਜਿਸ 'ਚ ਉਸ ਸਮੇਂ ਦੇ ਹਾਕਮਾਂ ਵੱਲੋਂ ਕੀਤੀਆਂ ਗਈਆਂ ਵਧੀਕੀਆਂ ਦਾ ਲੇਖਾ ਜੋਖਾ ਕੀਤਾ ਗਿਆ ਤੇ ਉਸ ਸਮੇਂ ਦੇ ਸ਼ਹੀਦਾਂ ਨੂੰ ਯਾਦ ਕੀਤਾ ਗਿਆ। ਇਹ ਪੁਸਤਕ ਨੈਸ਼ਨਲ ਬੁੱਕ ਟਰੱਸਟ, ਇੰਡੀਆ ਵੱਲੋਂ ਛਾਪੀ ਗਈ ਹੈ।

## ਪੰਜਾਬੀ ਨਾਟ-ਮੰਚ ਦਾ ਨਿਕਾਸ ਤੇ ਵਿਕਾਸ /ਡਾ. ਸਤੀਸ਼ ਕੁਮਾਰ ਵਰਮਾ

ਡਾ. ਸਤੀਸ਼ ਕੁਮਾਰ ਵਰਮਾ ਨਾਟ ਮੰਚ ਤੇ ਨਾਟਕ ਦੀ ਵਿਧਾ ਦੀ ਅਥਾਰਟੀ ਬਣ ਚੁੱਕਿਆ ਹੈ ਜਿਵੇਂ ਜੋਗਿੰਦਰ ਸਿੰਘ ਰਾਹੀ ਨਾਵਲ ਦੀ। ਇਸ ਪੁਸਤਕ ਵਿੱਚ ਨਾਟ ਮੰਚ ਨਾਲ ਸੰਬੰਧਤ ਅੱਠ ਆਧਿਆਵਾਂ ਵਿੱਚ ਨਾਟਕ ਮੰਚ ਦਾ ਲੇਖਾ ਜੋਖਾ ਕੀਤਾ ਗਿਆ ਹੈ। ਇਹ ਅਧਿਐਨ ਹੈ : ਪੰਜਾਬੀ ਮਨ ਤੇ ਨਾਟ-ਮੰਚ ਤੇ ਅੰਤਰ-ਸਰੋਕਾਰ, ਪੰਜਾਬੀ ਨਾਟ-ਮੰਚ ਦੀ ਨਿਕਾਸ-ਪ੍ਰਕਿਰਿਆ, ਪੰਜਾਬੀ ਨਾਟ-ਮੰਚ : ਨਿਕਾਸ ਤੋਂ ਵਿਕਾਸ ਵੱਲ, ਪੰਜਾਬੀ ਨਾਟ-ਮੰਚ ਦੀ ਵਿਕਾਸ-ਯਾਤਰਾ, ਪੰਜਾਬੀ ਨਾਟ-ਮੰਚ ਦੇ ਨਵੇਂ ਪ੍ਰਯੋਗ, ਪੰਜਾਬੀ ਨਾਟ-ਮੰਚ ਦੇ ਨਵੇਂ ਪਾਸਾਰ, ਪੰਜਾਬੀ ਨਾਟ-ਮੰਚ ਦੇ ਨਵੇਂ ਦਿਸਹੱਦੇ, ਪੰਜਾਬੀ ਨਾਟ-ਮੰਚ ਤੇ ਇੱਕੀਵੀਂ ਸਦੀ। ਇਹ ਪੁਸਤਕ ਵਿਦਿਆਰਥੀਆਂ, ਖੋਜਾਰਥੀਆਂ ਤੇ ਅਧਿਆਪਕਾਵਾਂ ਲਈ ਬਹੁਮੁੱਲੀ ਹੈ। ਇਹ ਪੁਸਤਕ ਨੈਸ਼ਨਲ ਬੁੱਕ ਟਰੱਸਟ, ਇੰਡੀਆ ਵੱਲੋਂ ਛਾਪੀ ਗਈ ਹੈ ਤੇ ਪੜ੍ਹਨਯੋਗ ਹੈ। ਇਸਦਾ ਮੁੱਲ 70 ਰੁ: ਹੈ।

**ਨੈਸ਼ਨਲ ਬੁੱਕ ਟਰੱਸਟ, ਇੰਡੀਆ**
**ਦੀਆਂ ਨਵੀਆਂ ਪੁਸਤਕਾਂ**

ਗੁਰੂ ਨਾਨਕ ਦੇਵ/ਡਾ. ਗੋਪਾਲ ਸਿੰਘ, ਗੁਰੂ ਨਾਨਕ ਬਾਣੀ/ ਭਾਈ ਜੋਧ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਮਾਨਵ ਏਕਤਾ/ਮਹਿੰਦਰ ਕੌਰ ਗਿੱਲ (ਡਾ), ਬਾਬਾ ਸ਼ੇਖ ਫ਼ਰੀਦ/ਗੁਰਬਚਨ ਸਿੰਘ ਤਾਲਿਬ, ਅਕਾਲੀ ਲਹਿਰ/ਡਾ. ਮਹਿੰਦਰ ਸਿੰਘ

# ਵਹਿਣ (ਨਾਵਲ)

ਪਰਵਾਸੀ ਪੰਜਾਬੀ ਗਲਪਕਾਰਾਂ ਵਿੱਚ ਦਰਸ਼ਨ ਸਿੰਘ ਧਿਰ ਦਾ ਸਥਾਨ ਮਹੱਤਵਪੂਰਨ ਹੈ। ਲੰਮੇ ਸਮੇਂ ਤੋਂ ਉਸਨੇ ਆਪਣੀ ਸਾਹਿਤਕ ਘਾਲਣਾ ਜਾਰੀ ਰੱਖੀ ਹੋਈ ਹੈ। ਪਰਵਾਸੀ ਨਾਵਲ ਨੂੰ ਵਿਸ਼ੇਗਤ ਵਿਸ਼ਾਲਤਾ ਦੇਣ ਵਿਚ ਉਸਦੀ ਭੂਮਿਕਾ ਸਲਾਹੁਣਯੋਗ ਹੈ।

ਦਰਸ਼ਨ ਸਿੰਘ ਧੀਰ ਦਾ ਨਵਾਂ ਨਾਵਲ 'ਵਹਿਣ' ਲੋਕਗੀਤ ਪ੍ਰਕਾਸ਼ਨ ਵਲੋਂ ਛਾਪਿਆ ਗਿਆ ਹੈ। ਨਾਵਲ ਸਿੱਧੇ ਤੌਰ 'ਤੇ ਆਵਾਸ ਤੇ ਪਰਵਾਸ ਦੀ ਵਿਭਿੰਨ ਬਿਰਤਾਂਤਕ-ਲੋਕੇਲ ਨੂੰ ਅਧਾਰ ਬਣਾਉਂਦਾ ਅਠਾਰ੍ਹਵੀਂ ਤੇ ਉਨੀਵੀਂ ਸਦੀ ਦੇ ਸਮਾਜ ਵਿਚ ਜਾਗੀਰਦਾਰੀ ਪ੍ਰਬੰਧ ਦੇ ਪਤਨ ਤੇ ਸ਼ਹਿਰੀ ਸਰਮਾਏਦਾਰੀ ਜਮਾਤ ਦੇ ਗਠਨ ਨਾਲ ਜੁੜੇ ਕਾਰਨਾਂ ਨੂੰ ਪੇਸ਼ ਕਰਦਾ ਹੈ। ਲੇਖਕ ਸਮੇਂ ਦੇ ਵਗਦੇ ਵਹਿਣ ਨੂੰ ਬਿਰਤਾਂਤਕ ਚਿਹਨਕਾਰੀ ਦੁਆਰਾ ਪੇਸ਼ ਕਰਕੇ ਪੱਛਮੀ ਤੇ ਪੂਰਬੀ ਸਮਾਜ ਵਿਚ ਫਿਊਡਲ ਸਿਸਟਮ ਦੀਆਂ ਅਲਾਮਤਾਂ ਤੇ ਲੋਕ-ਜਬਰ ਨੂੰ ਉਹਨਾਂ ਆਧਾਰਭੂਤ ਮਸਲਿਆਂ ਤਹਿਤ ਰੇਖਾਂਕਤ ਕਰਦਾ ਹੈ ਜਿਹਨਾਂ ਦੇ ਥੋਥੇ ਕੀਮਤ-ਪ੍ਰਬੰਧ ਦੇ ਢਹਿ ਢੇਰੀ ਹੋਣ ਪਿੱਛੋਂ ਪੂੰਜੀ ਅਧਾਰਿਤ ਸਰਮਾਏਦਾਰੀ ਕਲਾਸ ਦੀ ਪੈਦਾਇਸ਼ ਹੋਈ। ਨਾਵਲ ਵਿਚ ਪੱਛਮੀ ਸਮਾਜ ਦੇ ਕੇਂਦਰ ਇੰਗਲੈਂਡ ਦੇ ਫਿਊਡਲ ਸਿਸਟਮ ਦੀਆਂ ਐਯਾਸ਼ੀਆਂ, ਅਖੌਤੀ ਦਿਖਾਵਾ, ਮਨ ਪ੍ਰਚਾਵਾ ਤੇ ਸਵੈ-ਕੇਂਦਰਿਤ ਜੀਵਨ ਸ਼ੈਲੀ ਦਾ ਆਧਾਰ ਚੈਸਟਰਫੀਲਡ ਦੇ ਜਾਗੀਰਦਾਰ ਰੌਨ ਦੀ ਵਿਲਾਸਤਾ ਨੂੰ ਬਣਾਇਆ ਗਿਆ ਹੈ। ਇਹ ਦੌਰ ਸਤਾਰ੍ਹਵੀਂ ਅਠਾਰ੍ਹਵੀਂ ਸਦੀ ਦਾ ਹੈ ਜਦੋਂ ਰੌਨ ਚੈਸਟਰਫੀਲਡ ਵਰਗੇ ਜੂਏਬਾਜ਼ ਜਾਗੀਰਦਾਰ ਆਪਣੀਆਂ ਜਾਗੀਰਾਂ ਸਰਮਾਏਦਾਰੀ ਕੇਂਦਰਿਤ ਵਪਾਰੀ ਸ਼੍ਰੇਣੀ ਕੋਲ ਗਿਰਵੀ ਰੱਖ ਰਹੇ ਸਨ। ਜੈਕ ਹਾਰਪਰ ਇਸੇ ਸ਼੍ਰੇਣੀ ਦਾ ਪ੍ਰਤੀਨਿਧ ਪਾਤਰ ਹੈ ਜਿਸਦੀਆਂ ਅਗਲੀਆਂ ਪੀੜ੍ਹੀਆਂ ਬਰਮਿੰਘਮ ਸ਼ਹਿਰ ਦੀ ਕਾਰ ਇੰਡਸਟਰੀ ਤੇ ਮਾਨਚੈਸਟਰ ਦੀ ਟੈਕਸਟਾਈਡ ਇੰਡਸਟਰੀ ਵਿਚ ਪੈਸਾ ਨਿਵੇਸ਼ ਕਰਦੀਆਂ ਨਿਰੰਤਰ ਉੱਨਤੀ ਕਰਦੀਆਂ ਜਾਂਦੀਆਂ ਹਨ। ਜੈਕ ਹਾਰਪਰ ਦਾ ਪੁੱਤਰ ਹੀ ਬਾਅਦ ਵਿਚ ਇੰਗਲੈਂਡ ਵਰਗੇ ਦੇਸ਼ ਦੀ ਵਪਾਰਕ ਕੰਪਨੀ ਈਸਟ ਇੰਡੀਆਂ ਦਾ ਜਨਰਲ ਮੈਨੇਜਰ ਬਣਦਾ ਹੈ ਤੇ ਭਾਰਤ ਵਰਗੇ ਮੁਲਕਾਂ ਨੂੰ ਬਸਤੀਵਾਦੀ ਗੁਲਾਮੀ ਵੱਲ ਧਕੇਲਦਾ ਹੈ। ਰੌਨ ਚੇਸਟਰਫੀਲਡ ਦੀ ਪਤਨੀ ਆਪਣੇ ਪਤੀ ਵਲੋਂ ਹਾਰੀ ਜਾਗੀਰ ਲਈ ਨਿਆਂ ਦੀ ਤਲਾਸ਼ ਵਿਚ ਅਦਾਲਤ ਪੁੱਜਦੀ ਹੈ ਪਰ ਜੱਜ ਟੈਰੀ ਈਗਲ, ਜਿਸਦੇ ਪੁਰਖੇ ਜਾਗੀਰਦਾਰਾਂ ਦੀ ਸੇਵਾ ਕਰਦੇ ਵੀ ਦੁਖਾਂਤ ਭੋਗਦੇ ਰਹੇ ਪੱਖਪਾਤ ਦਾ ਸ਼ਿਕਾਰ ਹੋ ਕੇ ਤੇ ਪੁਰਖਿਆ 'ਤੇ ਹੋਏ ਜੁਲਮਾਂ ਦਾ ਬਦਲਾ ਲੈਣ ਵਜੋਂ ਫੈਸਲਾ ਜੈਕ ਕੇ ਹੱਕ ਵਿਚ ਕਰ ਦਿੰਦਾ ਹੈ। ਇੰਗਲੈਂਡ ਦੇ ਸਮਾਜਿਕ, ਰਾਜਸੀ, ਨਿਆਂਇਕ, ਆਰਥਿਕ ਤੇ ਰਾਜਸੀ ਪ੍ਰਬੰਧ ਦੀ ਤਬਦੀਲੀ ਨੂੰ ਆਧਾਰ ਦਰਸਾ ਕੇ ਨਾਵਲਕਾਰ ਨੇ ਜਾਗੀਰਦਾਰੀ ਸਮਾਜ ਦੇ ਖਾਤਮੇ ਤੇ ਪੂੰਜੀ ਕੇਂਦਰਿਤ ਜਮਾਤ ਦੇ ਉਠਾਣ ਨਾਲ ਜੁੜੇ ਸਰੋਕਾਰਾਂ ਦੀ ਘਟਨਾਵੀਂ ਪੇਸ਼ਕਾਰੀ ਕੀਤੀ ਹੈ। ਉਦਯੋਗਾਂ, ਆਵਾਜਾਈ ਦੇ ਸਾਧਨਾਂ, ਸ਼ਹਿਰੀ ਮਜ਼ਦੂਰ ਵਰਗ ਆਦਿ ਦੇ ਹੋਂਦ ਧਾਰਨ ਪਿੱਛੋਂ ਦੇ ਸਾਧਨਾਂ, ਸ਼ਹਿਰੀ ਮਜਦੂਰ ਵਰਗਾ ਆਦਿ ਦੇ ਹੋਂਦ ਧਾਰਨ ਪਿਛੋਂ ਜਾਗੀਰਦਾਰੀ ਯੁਗ ਦੇ ਐਯਾਸ਼ ਲੋਕਾਂ ਦੀ ਨਵੀਂ ਪੀੜ੍ਹੀ ਦਾ ਦੁਖਾਂਤ ਪੇਸ਼ ਕਰਦਿਆਂ ਨਾਵਲਕਾਰ ਨੇ ਤਬਦੀਲੀ ਨੂੰ ਸਮੇਂ ਦੇ ਵਹਿਣ ਨਾਲ ਪੇਸ਼ ਕਰਦਿਆਂ ਨਾਵਲਕਾਰ ਨੇ ਤਬਦੀਲੀ ਨੂੰ ਸਮੇਂ ਦੇ ਵਹਿਣ ਨਾਲ ਤੁਲਨਾ ਦਿੱਤੀ ਹੈ। ਇਸੇ ਸੰਦਰਭ ਵਿਚ ਜੇਨ ਚੈਸਟਰਫੀਲਡ ਦਾ ਪਿਤਾ ਮਿ. ਗਿਲਬੋਰ ਉਸਨੂੰ ਕਹਿੰਦਾ ਹੈ, "ਉਹ ਨਵੀਂ ਪੈਦਾ ਹੋ ਰਹੀ ਸਰਮਾਏਦਾਰ ਜਾਂ ਵਪਾਰੀ ਜਮਾਤ ਦਾ ਪ੍ਰਤੀਨਿੱਧ ਏ ਜਿਸਨੇ ਤੇਰੀ ਜਾਗੀਰ ਹੜੱਪੀ ਏ,...ਕਿਉਂਕਿ ਅਸੀਂ ਸਮੇਂ ਨਾਲ ਬਦਲਣਾ ਸਿੱਖ ਨਹੀਂ ਸਕੇ।" (ਪੰਨਾ 241)

"ਜੰਗਲੀ ਮਨੁੱਖ ਤੋਂ ਟ੍ਰਾਇਬਲ ਸੋਸਾਇਟੀ ਦਾ ਬਣਨਾ ਤੇ ਟ੍ਰਾਇਬਲ ਸੋਸਾਇਟੀ ਨੂੰ ਲਿਤਾੜ ਕੇ ਫਿਊਡਲ ਸਿਸਟਮ ਦਾ ਹੋਂਦ 'ਚ ਆਉਣਾ ਤੇ ਹੁਣ ਫਿਊਡਲ ਸਿਸਟਮ ਨੂੰ ਰੋਲ ਕੇ ਸਰਮਾਏਦਾਰੀ ਪ੍ਰਬੰਧ ਦਾ ਆਪਣੀ ਹੋਂਦ ਅਖਤਿਆਰ ਕਰਨਾ।...ਜਦੋਂ ਇਸ ਪ੍ਰਬੰਧ ਦੇ ਕਰਤੇ ਤੇ ਇਸਦੇ ਵੇਗ ਨਾਲੋਂ ਪਿੱਛੇ ਰਹਿ ਗਏ



ਉਹ ਉਹਦੀ ਥਾਂ ਕਿਸੇ ਹੋਰ ਸਿਸਟਮ ਨੂੰ ਕ੍ਰਿਏਟ ਕਰ ਲਵੇਗਾ...।"

(ਪੰਨਾ 243)

ਜੇਨ ਚੇਸਟਰਫੀਲਡ ਸੰਘਰਸ਼ਸ਼ੀਲ ਔਰਤ ਪਾਤਰ ਹੈ ਜਿਹੜੀ ਨਿਆਂ ਲਈ ਕਾਰਜਸ਼ੀਲ ਰਹਿਣ ਦੇ ਨਾਲ ਨਾਲ ਸੋਸ਼ਲਿਸਟ ਵਿਚਾਰਧਾਰਾ ਅਧੀਨ ਆਪਣੇ ਨੌਕਰਾਂ ਨੂੰ ਕਿਰਤ ਦਾ ਵੱਡਾ ਹਿੱਸਾ ਦਿੰਦੀ ਹੈ ਪਰ ਬਾਅਦ ਵਿਚ ਖੇਤੀ ਅਧਾਰਿਤ ਮਜ਼ਦੂਰੀ ਦੇ ਖਾਤਮੇ ਨਾਲ ਇਹਨਾਂ ਕਿਰਤੀਆਂ ਨੂੰ ਸ਼ਹਿਰਾਂ ਵੱਲ ਹਿਜ਼ਰਤ ਕਰਕੇ ਟੈਕਸਟਾਈਲ ਫੈਕਟਰੀਆਂ ਦੇ ਵਾਹਨ ਉਦਯੋਗਾਂ ਵਿਚ ਕੰਮ ਕਰਨਾ ਪੈਂਦਾ ਹੈ। ਇਹਨਾਂ ਸਰੋਕਾਰਾਂ ਨੂੰ ਲੇਖਕ ਨੇ ਪਰਵਾਸੀ ਭੂ-ਖੇਤਰ ਦੇ ਗੋਰੇ ਪਾਤਰਾਂ, ਤਤਕਾਲੀ ਘਟਨਾਵਾਂ ਅਤੇ ਸਮਾਜਿਕ-ਸਥਿਤੀਆਂ ਦੇ ਅਨੁਰੂਪ ਪੇਸ਼ ਕੀਤਾ ਹੈ। ਪਾਤਰਾਂ ਵਿਚ ਹੈਗੀ ਕਾਰਲਾਇਲ, ਟੈਡ ਹਾਰਵੀ, ਜੈਕਰ ਹਾਰਪਰ, ਰੋਲ ਚੇਸਟਰਫੀਲਡ ਦੀ ਵਾਰਤਾਲਾਪ ਤੋਂ ਇਲਾਵਾ ਜੇਨ ਚੇਸਟਰਫੀਲਡ ਤੇ ਪਿਤਾ ਗਿਲਮੌਰ ਦਾ ਸੰਵਾਦ ਇਸ ਪਾਸੇ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਘਟਨਾਵਾਂ ਦੇ ਅੰਤ 'ਤੇ ਨਾਵਲਕਾਰ ਸਿੱਧਾ ਦਖਲ ਦੇ ਕੇ ਬੇਸ਼ੱਕ ਬਿਰਤਾਂਤ ਦੀ ਸਹਿਜ ਚਾਲ ਨੂੰ ਤੋੜਦਾ ਵੀ ਹੈ।

ਨਾਵਲ ਦਾ ਦੂਜਾ ਪਾਸਾਰ ਇਸਦੇ ਆਰੰਭ ਹੋਣ ਨਾਲ ਜੁੜਿਆ ਹੈ। ਪੰਜਾਬ ਦੀ ਪਰਵਾਸੀ ਪੀੜ੍ਹੀ ਵੀਹਵੀਂ ਸਦੀ ਦੇ ਅੱਠਵੇਂ-ਨੌਵੇਂ ਦਹਾਕੇ ਦੌਰਾਨ ਪਰਵਾਸ ਦੀਆਂ ਸਮਾਜਕ ਸਭਿਆਚਾਰਕ ਸਥਿਤੀਆਂ ਦੀ ਗ੍ਰਿਫਤ ਵਿਚ ਆ ਜਾਂਦੀ ਹੈ ਇਸ ਤੋਂ ਪਹਿਲਾਂ ਤਰਲੋਚਨ ਨਾਂ ਦੇ ਪੰਜਾਬੀ ਪਾਤਰ ਦਾ ਪਰਵਾਸ ਧਾਰਨਾ, ਮਿੱਤਰ ਜਤਿੰਦਰ ਦੇ ਪਾਰ ਠਹਿਰਨਾ, ਪੰਜਾਬ ਪੁੱਜ ਕੇ ਵਿਆਹ ਉਪਰੰਤ ਪਤਨੀ ਰਾਜਿੰਦਰ ਨਾਲ ਚੈਸਟਰਫੀਲਡ ਦੀ ਕਾਡਸਲ ਬਸਤੀ ਵਿਚ ਰਹਿਣਾ, ਪੁੱਤਰ ਹਰਜੋਤ ਦਾ ਨਸ਼ੇੜੀ ਹੋਣਾ, ਧੀ ਅਮਰਜੀਤ ਦਾ ਯੂਨੀ. ਦੇ ਪ੍ਰੋ. ਮਾਈਕਲ ਹਾਈਪਰ ਨਾਲ ਪ੍ਰੇਮ-ਸੰਬੰਧ ਰੱਖਣਾ ਆਦਿ ਨਾਲ ਜੁੜੇ ਬਿਰਤਾਂਤ-ਖੰਡ ਸ਼ਾਮਿਲ ਹਨ। ਪ੍ਰੋ. ਮਾਈਕਲ ਸਕੀਲੋਰਿਸ ਦੀ ਬੀਮਾਰੀ ਤੋਂ ਪੀੜਤ ਹੈ ਜਿਸ ਬੀਮਾਰੀ ਦੀ ਚਿਹਨਕਾਰੀ ਕਰਦਿਆਂ ਲੇਖਕ ਬਦਲਦੇ ਸਮਾਜਕ ਪਰਿਵੇਸ਼ ਵਿਚ ਜਦ ਤਹਿਤ ਗ੍ਰਹਿਣ ਕੀਤੇ ਉਹਨਾਂ 'ਜ਼ੀਨਸ' ਨੂੰ ਰੇਖਾਂਕਤ ਕਰਦਾ ਹੈ ਜਿਹੜੇ ਸਮੇਂ ਦੇ ਵਹਿਣ ਪਿੱਛੋਂ ਵੀ ਸੰਬੰਧ ਸਮਾਜਕ ਦੀਆਂ ਅਗਲੇਰੀਆਂ ਪੀੜਵੀਆਂ ਵਿਚ ਪਾਏ ਮਿਲਦੇ ਹਨ। ਪ੍ਰੋ. ਮਾਈਕਲ ਬਸਤੀਵਾਦੀ ਮੁਲਖਾਂ 'ਤੇ ਰਾਜ ਕਰ ਚੁੱਕੀ ਸ਼੍ਰੇਣੀ ਦੀ ਅਗਲੀ ਪੀੜ੍ਹੀ ਨਾਲ ਵਾਬਸਤਾ ਹੈ ਅਮਰਜੀਤ ਗੁਲਾਮ ਰਹੀ ਪੀੜ੍ਹੀ ਦੇ 'ਜੀਨਸ' ਸਾਂਭੀ ਹੈ ਤੇ ਇਹ ਅਣਜੋੜਤਾ ਨਾਵਲ ਦੇ ਅੰਤ ਤੱਕ ਹਾਜ਼ਰ ਰਹਿੰਦੀ ਹੈ। ਅਮਰਜਤੀ ਦੇ ਪਿਤਾ ਤਰਲੋਚਨ ਦੀ ਪੰਜਵੀਂ ਪੀੜ੍ਹੀ ਦੇ ਬਜ਼ੁਰਗ ਭਾਰਤ ਵਿਚ ਅੰਗਰੇਜ਼ੀ ਸ਼ਾਸਨ ਖਿਲਾਫ ਜਦੋਂ ਜਹਿਦ ਕਰਦੇ ਰਹੇ, ਧਰਮਿੰਦਰ ਸਿੰਘ ਕੰਗ ਬੰਗਾਲ (ਢਾਕਾ) ਵਿਖੇ ਈਸਟ ਇੰਡੀਆ ਕੰਪਨੀ ਦੀਆਂ ਵਪਾਰਕ ਨੀਤੀਆਂ ਖਿਲਾਫ ਸੰਘਰਸ਼ ਕਰਦਾ ਰਿਹਾ, ਉਸਦਾ ਪੁੱਤਰ ਮਹਿੰਦਰ ਪਾਲ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਮਾਨਾਂਵਾਲਾ (ਫਿਰੋਜ਼ਪੁਰ) ਦੀ ਲੜਾਈ ਵਿਚ ਸਖ਼ਤ ਜ਼ਖ਼ਮੀ ਹੋਇਆ ਤੇ ਮਹਾਰਾਜਾ ਤੇ ਦਰਬਾਰ ਦੀਆਂ ਬੁਰਛਾਗਰਦੀਆਂ, ਲਾਲ ਸਿੰਘ, ਮਹਾਰਾਣੀ ਜਿੰਦਾ ਤੇ ਹੋਰ ਅਹਿਲਕਾਰਾਂ ਦੀਆਂ ਸਰਗਰਮੀਆਂ ਨੂੰ ਨੇੜਿਉਂ ਦੇਖਣ ਵਾਲਾ ਰਿਹਾ ਇਸ ਤੋਂ ਇਲਾਵਾ ਅੰਗਰੇਜ਼ੀ ਗਲਤਨਤ ਦੇ ਪੰਜਾਬ 'ਤੇ ਕਬਜ਼ੇ ਤੇ ਲੋਕਾਂ ਦੀ ਗੁਲਾਮੀ ਨੂੰ ਵਾਚਣ ਦਾ ਗਵਾਹ ਰਿਹਾ। ਨਾਵਲ ਵਿਚ ਇਨ੍ਹਾਂ ਘਟਨਾਕ੍ਰਮੀ ਦੇ ਰੌਚਿਕ ਵੇਰਵੇਂ ਹਾਜ਼ਰ ਹਨ। ਜਿਹਨਾਂ ਦੁਆਰਾ ਭਾਰਤ ਦੀਆਂ ਨਿੱਕੀਆਂ-ਨਿੱਕੀਆਂ ਰਿਆਸਤਾਂ ਦੀ ਨਵਾਬੀ ਦਾ ਪਤਨ, ਅਹਿਲਕਾਰਾਂ ਦੀ ਗੱਦਾਰੀ, ਫਿਊਡਲ ਪ੍ਰਬੰਧ ਦੀਆਂ ਥੋਥੀਆਂ ਪਰੰਪਰਾਵਾਂ, ਫਰੰਗੀਆਂ ਦੀ ਕੂਟਨੀਤੀ, ਆਮ ਜਨਤਾ ਦੇ ਨਿਰੰਤਰ ਗੁਲਾਮੀ ਤੇ ਪੂੰਜੀ ਕੇਂਦਰਿਤ ਆਰਥਿਕਤਾ ਦੀ ਸਥਾਪਨਾ, ਉਦਯੋਗਾਂ, ਉਤਪਾਦਕ ਸਾਧਨਾਂ ਪ੍ਰਤੀ ਹਾਕਮਾਂ ਦੀ ਸਵੈ ਕੇਂਦਰਿਤ ਨੀਤੀ ਆਦਿ ਸਰੋਕਾਰ ਭਲੀ-ਭਾਂਤ ਰੂਪਮਾਨ ਹੁੰਦੇ ਹਨ।

ਇੰਝ ਨਾਵਲਕਾਰ ਆਪਣੀ ਕਥਾ ਦਾ ਕੈਨਵਸ ਵਿਸ਼ਾਲ ਕਰ ਲੈਂਦਾ ਹੈ ਜਿਸਦਾ ਸੰਬੰਧ ਇੰਗਲੈਂਡ ਦੇ ਸਮਾਜਿਕ ਪ੍ਰਬੰਧ ਦੀ ਤਬਦੀਲੀ ਪਿੱਛੋਂ ਬਸਤੀਵਾਦੀ ਦੇਸ਼ਾਂ ਵਿਚ ਈਸਟ ਇੰਡੀਆ ਕੰਪਨੀ ਦੇ ਦਖਲ ਤੇ ਸਿਆਸੀ ਪਕੜ ਕਾਰਨ ਭਾਰਤ ਜਿਹੇ ਦੇਸ਼ਾਂ ਦੇ ਨਵਾਬੀ-ਜਾਗੀਰਦਾਰੀ ਸਮਾਜ ਦੇ ਪਤਨ ਨਾਲ ਜੋੜਦਾ ਹੈ।

ਤਬਦੀਲੀ ਦੇ ਵਹਿਣ ਨੂੰ ਜਾਰੀ ਰੱਖਦਾ ਲੇਖਕ ਜਿੱਥੇ ਪੂੰਜੀਵਾਦ ਪਿਛੋਂ ਨਵ-ਪੂੰਜੀਵਾਦੀ ਦੇਸ਼ਾਂ ਦੀ ਸਥਿਤੀ, ਬਸਤੀਵਾਦੀ ਮੁਲਖਾਂ ਤੋਂ ਲੋਕਾਂ ਦੀ ਇਹਨਾਂ ਦੇਸ਼ਾਂ ਨੂੰ ਹਿਜ਼ਰਤ ਨੂੰ ਰੇਖਾਂਕਿਤ ਕਰਦਾ ਹੈ ਉਥੇ ਹੀ ਪੀੜ੍ਹੀਆਂ ਦੇ ਜੀਨਜ਼ ਵੀ ਪੇਸ਼ ਕਰਦਾ ਹੈ ਜਿਹੜੇ ਹੈਰੇਡਿਟੀ ਤਹਿਤ ਚੱਲਦੇ ਆਪਣਾ ਪ੍ਰਭਾਵ ਮੱਧਮ ਬੇਸ਼ੱਕ ਕਰ ਦੇਣ ਪਰ ਖਤਮ ਨਹੀਂ ਕਰਦੇ।

ਪ੍ਰੋ. ਮਾਈਕਲ ਤੇ ਅਮਰਜੀਤ ਨਾਂ ਦੇ ਪ੍ਰੇਮੀ ਪਾਤਰ ਪੀੜ੍ਹੀਆਂ ਦੀ ਹੈਰੇਡਿਟੀ ਦੇ ਚਿੰਨ੍ਹ ਹਨ ਜਿਹਨਾਂ ਦੇ ਪ੍ਰੇਮ-ਸੰਬੰਧ ਸਿਰੇ ਨਹੀਂ ਚੜ੍ਹਦੇ ਤੇ ਵਿਭਿੰਨ ਸਮਾਜਕ-ਸਥਿਤੀਆਂ, ਪਰਿਵਾਰਕ ਹਾਲਾਤਾਂ, ਜੱਦ ਆਦਿ ਦੇ ਪ੍ਰਤੀਮਾਨ ਆਪਣੀ-ਆਪਣੀ ਪੁਜੀਸ਼ਨ ਲਈ ਰੱਖਦੇ ਹਨ, ਅਮਰਜੀਤ ਦੇ ਪਿਤਾ ਤਰਲੋਚਨ ਅਨੁਸਾਰ, "ਜਿਨ੍ਹਾਂ ਨਾਲ ਸਾਡੇ ਪੁਰਖੇ ਲੜਦੇ ਸ਼ਹੀਦ ਹੋਏ ਸਨ ਤੇ ਜਿਨ੍ਹਾਂ ਨੇ ਨਿਆਣਿਆਂ, ਪਤਨੀਆਂ, ਭੈਣਾਂ, ਭਰਾਵਾਂ, ਮਾਪਿਆਂ ਤੇ ਚਾਚਿਆਂ-ਤਾਇਆਂ ਨੇ ਉਨ੍ਹਾਂ ਲਈ ਤੜਪਦਿਆਂ ਆਪਣੇ ਦੀਦੇ ਗਾਲ ਦਿੱਤੇ ਸਨ, ਅਸੀਂ ਹੁਣੇ ਆਪਣੇ ਉਨ੍ਹਾਂ ਦੁਸ਼ਮਣਾਂ ਨਾਲ ਰਿਸ਼ਤੇਦਾਰੀ ਗੰਢ ਲਈਏ ? ਨ੍ਹੀਂ, ਇਹ ਗੱਲ ਨਈਂ ਹੋ ਸਕਦੀ ! ਕਦੀ ਵੀ ਨਈ੍ਹੀ !" (ਪੰਨਾ-498)

ਨਾਵਲ ਦਾ ਬਿਰਤਾਂਤਕ-ਸੰਗਠਨ ਅਤੀ ਵਿਸ਼ਾਲ ਹੈ, ਬਿਰਤਾਂਤ ਦੀ ਵਿਧੀ ਫਲੈਸ਼ ਬੈਕ ਹੈ ਜਿਥੋਂ ਸਦੀਆਂ ਦੇ ਵਖਰੇਵੇਂ ਪਾ ਕੇ ਸਮਕਾਲ ਤੱਕ ਦੇ ਆਵਾਸੀ ਤੇ ਪਰਵਾਸੀ ਸਰੋਕਾਰ ਪੇਸ਼ ਹੋਏ ਹਨ। ਬਿਰਤਾਂਤ ਦੀ ਫਲੈਸ਼ ਬੈਕ ਦਾ ਇਕ ਸਿਰਾ ਸੋਲ੍ਹਵੀਂ-ਸਤਾਰ੍ਹਵੀਂ ਸਦੀ ਦੇ ਬਿਟ੍ਰਿਸ਼ ਸਮਾਜ ਦੇ ਟੁੱਟਦੇ ਫਿਊਡਲ ਸਿਸਟਮ ਨਾਲ ਜੁੜਦਾ ਹੈ। ਇਥੇ ਬਿਰਤਾਂਤ ਦੀ ਦੂਜੀ ਲੜੀ ਈਸਟ ਇੰਡੀਆ ਕੰਪਨੀ ਵੱਲੋਂ ਬੰਗਾਲ ਵਿਚ ਦਾਖਿਲ ਹੋਣ, ਨਵਾਬ ਸਿਰਾਜੁਦੀਨ ਦੌਲਾ ਦੀ ਹਾਰ, ਮੀਰ ਜਾਫਰ ਦੀ ਗੱਦਾਰੀ, ਕੰਪਨੀ ਦੇ ਉਚ ਅਹੁਦੇਦਾਰਾਂ, ਲਿੱਲੀ ਰੈਡਹਿਲ, ਵਿਦੇਸ਼ ਮੰਤਰੀ ਹਾਰਬਰਟ ਹਾਰਪਰ, ਫੌਜ ਕਮਾਂਡਰ ਜਨਰਲ ਜਾਹਨਸਨ ਦੀਆਂ ਕੂਟਨੀਤੀਆਂ ਨੂੰ ਪੇਸ਼ ਕਰਦਾ ਹੈ ਨਾਲ ਹੀ ਬੰਗਾਲ ਦੇ ਮੁਢਲੇ ਆਜ਼ਾਦੀ ਘੁਲਾਟੀਆਂ ਦੀਆਂ ਜੁਝਾਰੂ ਗਤੀਵਿਧੀਆਂ ਦਰਜ ਹਨ। ਇਸ ਪਿਛੋਂ ਅਵਧ ਦੇ ਨਵਾਬ ਦੀ ਹਾਰ, ਦਿੱਲੀ 'ਤੇ ਕਬਜਾਂ ਪਿਛੋਂ ਮਹਾਰਾਜਾ ਰਣਜੀਤ ਸਿੰਘ ਦੇ ਅਹਿਲਕਾਰਾਂ ਦੀ ਗੱਦਾਰੀ, ਅੰਗਰੇਜ਼ਾਂ ਨਾਲ ਮਿਲੀਭੁਗਤ, ਦਰਬਾਰੀ ਬੁਰਜ਼ਾਗਰਦੀ, ਮਾਨਾਵਾਲੀ ਦੀ ਜੰਗ, ਲਾਲ ਸਿੰਘ ਦੀ ਗੱਦਾਰੀ ਆਦਿ ਨੂੰ ਇਤਿਹਾਸਕ ਸਚਮੁੱਚਤਾ ਤਹਿਤ ਪੇਸ਼ ਕੀਤਾ ਗਿਆ ਹੈ।

ਭਾਰਤ ਦੇ ਸੂਬਿਆਂ ਵਿਚ ਜਾਗੀਰਦਾਰੀ ਸਿਸਟਮ ਦੇ ਖਾਤਮੇ ਪਿਛੋਂ ਪੂੰਜੀ ਅਧਾਰਿਤ ਸਮਾਜ ਦੀ ਸਥਾਪਨਾ ਨਾਲ ਆਏ ਆਰਥਿਕ, ਸਮਾਜਕ, ਸਭਿਆਚਾਰਕ, ਰਾਜਸੀ, ਵਿਵਸਾਇਕ ਬਦਲਾਅ ਵੀ ਰੂਪਮਾਨ ਹੋਏ ਹਨ ਜਿਸ ਨਾਲ ਟੈਕਸਟ ਦੀ ਭਰੋਸੇਯੋਗਤਾ ਤੇ ਨਾਵਲੀ ਵਿਧਾ ਦੀ ਵਿਸ਼ਾਲਤਾ ਦੇ ਲੱਛਣ ਪੇਸ਼ ਹੋਏ ਹਨ।

ਕੁਲ ਮਿਲ ਕੇ ਰੌਚਿਕ ਘਟਨਾਵਾਂ, ਇਤਿਹਾਸਕ ਬਿਰਤਾਂਤਕਾਰੀ, ਸੰਵਾਦ ਨੁਮਾ ਵਾਰਤਾਲਾਪ, ਪਾਤਰਾਂ ਦੀ ਸਪੱਸ਼ਟਤਾ, ਸੰਤੁਲਿਤ ਦ੍ਰਿਸ਼ਟੀਕੋਣ, ਭਾਸ਼ਾਈ ਪ੍ਰਸੰਗਿਕਤਾ ਵਾਲਾ ਇਹ ਨਾਵਲ ਪਾਤਰਾਂ ਦੀਆਂ ਬ੍ਰਾਚਾਂ, ਸੁਪਨਿਆਂ, ਮੌਨ-ਵੇਰਵਿਆਂ, ਪਿਛਲਝਾਤਾਂ ਦੁਆਰਾ ਵਿਸ਼ਾਲ ਬਿਰਤਾਂਤ-ਲੜੀਆਂ ਨੂੰ ਇਕਮਿਕ ਕਰ ਦਿੰਦਾ ਹੈ।

ਇਸਦੇ ਬਾਵਜੂਦ ਵੀ ਨਾਵਲ ਵਿਚ ਆਪਾਵਿਰੋਧੀ ਟਿੱਪਣੀਆਂ, ਬੇਲੋੜੇ ਵੇਰਵਿਆਂ, ਗੋਰੇ ਸਮਾਜ ਦੀ ਦੇਸੀ ਪੇਸ਼ਕਾਰੀ ਤੇ ਤਤਕਾਲੀ ਸਮਾਜੀ ਚੇਤਨਾ ਤੋਂ ਰਹਿਤ ਬਿਰਤਾਂਤਕਾਰੀ ਜਿਹੀਆਂ ਘਾਟਾਂ ਨੂੰ ਵੀ ਹਾਜ਼ਰ ਰਹਿੰਦੀਆਂ ਹਨ।



## ਦਲਿਤ ਜੀਵਨ ਦਾ ਦੁਖਾਂਤ ਬੋਧ-ਮਰਨ ਰੁੱਤ
## /ਡਾ. ਪ੍ਰਗਟ ਸਿੰਘ

ਭਗਵੰਤ ਰਸੂਲਪੁਰੀ ਪੰਜਾਬੀ ਕਹਾਣੀ ਦੇ ਨਵੇਂ ਪੋਚ ਦਾ ਉਹ ਕਹਾਣੀਕਾਰ ਹੈ ਜਿਸਨੂੰ ਪੰਜਾਬੀ ਕਹਾਣੀ ਦੇ ਆਲੋਚਕ/ਸਮੀਖਿਅਕ ਚੌਥੀ ਪੀੜ੍ਹੀ ਦਾ ਨਾਂ ਦਿੰਦੇ ਹਨ। ਭਗਵੰਤ ਰਸੂਲਪੁਰੀ ਹੁਣ ਤੱਕ ਚਾਨਣ ਦੀ ਲੀਕ (ਦੇਸ ਰਾਜ ਕਾਲੀ ਨਾਲ ਸਾਂਝੀ) 1992, ਮੈਂ ਸ਼ੈਤਾਨ ਤੇ ਇੰਦੂਮਣੀ 1997, ਤੀਜਾ ਨੇਤਰ 2005 ਪੁਸਤਕਾਂ ਪੰਜਾਬੀ ਕਥਾ ਸਾਹਿਤ ਨੂੰ ਦੇ ਚੁੱਕਾ ਹੈ। 'ਮਰਨ ਰੁੱਤ' ਭਗਵੰਤ ਰਸੂਲਪੁਰੀ ਦਾ ਚੌਥਾ ਕਹਾਣੀ ਸੰਗ੍ਰਹਿ ਹੈ। ਇਸ ਕਹਾਣੀ ਸੰਗ੍ਰਹਿ ਨਾਲ ਭਗਵੰਤ ਰਸੂਲਪੁਰੀ ਪੰਜਾਬੀ ਕਹਾਣੀ ਦੇ ਖੇਤਰ ਵਿਚ ਵਿਲੱਖਣ ਹਸਤਾਖਰ ਹੋ ਨਿਬੜਦਾ ਹੈ। ਇਸ ਕਹਾਣੀ ਸੰਗ੍ਰਹਿ ਵਿਚ ਕੁਲ ਅੱਠ ਕਹਾਣੀਆਂ ਨੂੰ ਸੰਗ੍ਰਹਿਤ ਕੀਤਾ ਹੈ। ਇਹ ਸਾਰੀਆਂ ਕਹਾਣੀਆਂ ਵੱਖ-ਵੱਖ ਸਮੇਂ ਵਿਭਿੰਨ ਮੈਗਜ਼ੀਨਾਂ/ਪਰਚਿਆਂ ਜਿਵੇਂ-ਸ਼ਬਦ, ਪ੍ਰਵਚਨ, ਤ੍ਰਿਸ਼ੰਕੂ, ਲਕੀਰ, ਸਿਰਜਣਾ, ਸਮਕਾਲੀ ਸਾਹਿਤ ਵਿੱਚ ਛੱਪ ਚੁੱਕੀਆਂ ਹਨ। ਰਸੂਲਪੁਰੀ ਦੀਆਂ ਇਹਨਾਂ ਅੱਠ ਕਹਾਣੀਆਂ ਵਿਚੋਂ ਸੱਤ ਤਾਂ ਪੂਰੀ ਤਰ੍ਹਾਂ ਦਲਿਤ ਜੀਵਨ ਨਾਲ ਸੰਬੰਧਿਤ ਹਨ ਪਰ ਅੱਠਵੀਂ ਕਹਾਣੀ 'ਕਿੱਥੇ ਗਈ ਹਮੀਦਾ ?' ਦਲਿਤ ਜੀਵਨ ਨਾਲ ਸੰਬੰਧਿਤ ਨਾ ਹੋ ਕੇ 1947 ਦੀ ਵੰਡ ਨਾਲ ਸੰਬੰਧਤ ਹੈ। ਪੰਜਾਬੀ ਕਹਾਣੀ ਦੇ ਖੇਤਰ ਵਿਚ ਦਲਿਤ ਦ੍ਰਿਸ਼ਟੀਕੋਣ ਨੂੰ ਜਿਸ ਪ੍ਰਕਾਰ ਰਸੂਲਪੁਰੀ ਪੇਸ਼ ਕਰਦਾ ਹੈ ਉਸ ਨਾਲ ਸਮਾਜ ਵਿਚ ਦਲਿਤਾਂ ਨਾਲ ਲੰਮੀ ਇਤਿਹਾਸਕ ਪ੍ਰਕਿਰਿਆ ਦੌਰਾਨ ਹੋਏ ਭੇਦ-ਭਾਵ, ਦਲਿਤਾਂ ਵਿਚ ਸਿਸਟਮ ਵਿਰੁੱਧ ਪੈਦਾ ਹੋਈ ਚੇਤਨਤਾ ਅਤੇ ਦਲਿਤ ਵਰਗ ਦੀ ਮਾਨਸਿਕਤਾਂ ਦੀਆਂ ਵਿਭਿੰਨ ਪਰਤਾਂ ਬਾ-ਖੂਬੀ ਸਾਹਮਣੇ ਆਉਂਦੀਆਂ ਹਨ।

ਇਸ ਕਹਾਣੀ ਸੰਗ੍ਰਹਿ ਦੀ ਪਹਿਲੀ ਕਹਾਣੀ 'ਰਹਿਮਤ ਮਸੀਹ ਮੱਟੂ ਦੀ ਜੀਵਨੀ' ਅਜਿਹੀ ਸੱਸਕਤ ਕਹਾਣੀ ਹੈ ਜੋ ਦਲਿਤ ਸਮਾਜ ਵਿਚਲੇ ਵਿਅਕਤੀਆਂ ਦੇ ਵਿਭਿੰਨ ਸਰੋਕਾਰਾਂ ਅਤੇ ਉਹਨਾਂ ਦੀ ਦੁਖਾਂਤਕ ਹੋਣੀ ਤੇ ਚਾਨਣਾ ਪਾਉਂਦੀ ਹੈ। ਕਹਾਣੀ ਦਲਿਤ ਸਮਾਜ ਵਿਚਲੇ ਉਸ ਵਰਗ ਦੇ ਅੰਤਰ-ਵਿਰੋਧਾਂ ਨੂੰ ਚਿਤਰਦੀ ਹੈ ਜਿਹੜਾ ਇਕ ਪਾਸੇ ਆਪਣੀ ਜਾਤ ਨੂੰ ਛੁਪਾਉਣ ਲਈ ਧਰਮ ਤਬਦੀਲੀ ਕਰਦਾ ਹੈ ਪ੍ਰੰਤੂ ਜਾਤ ਉਸ ਦਾ ਖਹਿੜਾ ਨਹੀਂ ਛੱਡਦੀ। ਦੂਜੇ ਪਾਸੇ ਉਹ ਆਰਥਿਕ ਤੌਰ 'ਤੇ ਸਾਧਨ-ਸਪੰਨ ਹੋ ਕੇ ਕਰੀਮੀ ਲੇਅਰ ਵਿਚ ਤਾਂ ਜਾ ਪਹੁੰਚਦਾ ਹੈ ਪ੍ਰੰਤੂ ਇੱਥੇ ਵੀ ਜਾਤੀਗਤ-ਵਿਤਕਰੇ ਦਾ ਅਹਿਸਾਸ ਉਸ ਦੇ ਅਵਚੇਤਨ ਦਾ ਹਿੱਸਾ ਬਣਿਆ ਰਹਿੰਦਾ ਹੈ।

ਕਹਾਣੀ ਦਾ ਇਕ ਅਹਿਮ ਪਾਸਾਰ ਸਾਡੇ ਸਿੱਖਿਆਤੰਤਰ ਵਿਚ ਫੈਲੇ ਜਾਤੀਗਤ ਅੰਤਰ-ਵਿਰੋਧ ਨੂੰ ਸਾਹਮਣੇ ਲਿਆਉਣਾ ਵੀ ਹੈ ਕਿ ਕਿਸ ਤਰ੍ਹਾਂ ਸਵਰਨ ਜਾਤੀ ਦੇ ਲੋਕ ਸਕੂਲਾਂ, ਕਾਲਜਾਂ, ਦਫਤਰਾਂ ਵਿਚ ਨਿਮਨ ਜਾਤ ਦੇ ਲੋਕਾਂ ਨੂੰ ਜਾਤੀ ਮਿਹਣੇ ਮਾਰਦੇ ਹਨ ਪ੍ਰੰਤੂ ਇਸ ਨਿਮਨ ਜਾਤੀ ਦੇ ਵਿਅਕਤੀ ਕੋਲ ਵੀ ਜਦੋਂ ਸੱਤਾ/ਤਾਕਤ ਆ ਜਾਂਦੀ ਹੈ ਤਾਂ ਉਹ ਵੀ ਇਸ ਦਾ ਦੁਰਉਪਯੋਗ ਕਰਨ ਦਾ ਯਤਨ ਕਰਦਾ ਹੈ। ਦਲਿਤ ਚੇਤਨਾ ਦੇ ਇਕ ਅਹਿਮ ਪੱਖ ਨੂੰ ਦ੍ਰਿਸ਼ਟੀਗੋਚਰ ਕਰਦੀ ਕਹਾਣੀ ਹੈ 'ਜੜ੍ਹਾਂ'। ਦਲਿਤ ਵਰਗ ਨਾਲ ਸੰਬੰਧ ਰੱਖਦਾ ਗਿਆਨ ਜਦੋਂ ਵਿਦੇਸ਼ ਤੋਂ ਆ ਕੇ ਆਪਣੇ ਸਮਾਜ ਲਈ ਪ੍ਰਗਤੀ ਦੇ ਰਾਹ ਤਲਾਸ਼ਣ ਹਿੱਤ ਅੰਬੇਡਕਰ ਦੀ ਬੁੱਧ-ਪੱਖੀ ਵਿਚਾਰਧਾਰਾ ਤੇ ਕਾਰਜ ਕਰਨਾ ਲੋਚਦਾ ਹੈ ਤਾਂ ਇਸ ਦਾ ਸਭ ਤੋਂ ਪਹਿਲਾਂ ਵਿਰੋਧ ਆਪਣੇ ਪਿਓ ਤੇ ਆਂਢ-ਗੁਆਂਢ ਤੋਂ ਦੇਖਣ ਨੂੰ ਮਿਲਦਾ ਹੈ, "ਕਾਕਾ ! ਤੂੰ ਸਿਆਣਾ ਬਣ...ਦੇਖ ਪੁੱਤ ਆਪਾਂ ਸਾਰੇ ਗੁਰੂ ਰਵਿਦਾਸ ਦੇ ਲੜ ਲੱਗੇ ਹੋਏ ਹਾਂ। ਰਵਿਦਾਸੀਏ ਚਮਾਰ ਹਾਂ ਆਪਾਂ।........ਆਪਾਂ ਆਪਣੇ ਗੁਰੂ ਨੂੰ ਨਹੀਂ ਛੱਡਣਾ ਆਪਣਾ ਗੁਰੂ ਰਵਿਦਾਸ ਆ।" (ਪੰਨਾ-35) ਭਾਰਤੀ ਸਮਾਜ ਦੇ ਅਵਚੇਤਨ ਵਿਚ ਧਾਰਮਿਕ ਸੰਸਕਾਰ ਇਕ

ਲੰਮੀ ਇਤਿਹਾਸਕ ਪ੍ਰੈਕਟਿਸ ਕਾਰਨ ਇਸ ਤਰ੍ਹਾਂ ਖੁਣੇ ਜਾ ਚੁੱਕੇ ਹਨ ਕਿ ਇਹਨਾਂ ਵਿਚ ਜਲਦੀ ਕਿਸੇ ਤਬਦੀਲੀ ਲਿਆਉਣੀ ਸੰਭਵ ਨਹੀਂ ਜਾਪਦੀ। ਚੇਤਨ ਤੌਰ ਤੇ ਭਾਵੇਂ ਗਿਆਨ ਦਲਿਤ ਵਰਗ ਵਿਚ ਧਾਰਮਿਕ ਤੌਰ ਤੇ ਚੇਤਨਤਾ ਲਿਆਉਣੀ ਚਾਹੁੰਦਾ ਪ੍ਰੰਤੂ ਉਸ ਦੇ ਅਵਚੇਤਨ ਵਿਚ ਵੀ ਸਥਾਪਤੀ ਵੱਲੋਂ ਘੜੇ ਧਾਰਮਿਕਤਾ ਦੇ ਪਛਾਣ ਚਿੰਨ੍ਹਾਂ ਦੀ 'ਜੜ੍ਹ' ਤੋਂ ਮੁਕਤ ਹੋਣ ਦੀ ਸਮਰੱਥਾ ਨਹੀਂ ਜਾਪਦੀ।

ਭਗਵੰਤ ਦੇ ਸਮੁੱਚੇ ਕਥਾ ਸਾਹਿਤ 'ਚ ਸ਼ਕਤੀਸ਼ਾਲੀ ਔਰਤ ਪਾਤਰ ਦਾ ਵਿਭਿੰਨ ਰੂਪ 'ਚ ਵਾਰ-ਵਾਰ ਆਉਣਾ ਲੇਖਕ ਦੇ ਇਸ ਪਾਤਰ ਨਾਲ ਨਿੱਜੀ ਲਗਾਵ ਦਾ ਕਾਰਨ ਲੱਗਦਾ ਹੈ, ਇਹ ਔਰਤ 'ਲੰਘ ਚਲੀ' ਕਹਾਣੀ ਵਿਚ ਵਿਭਿੰਨ ਪਰਤਾਂ ਸਮੇਤ ਹਾਜ਼ਰ ਹੈ। ਕਹਾਣੀ ਦੀ ਮੈਂ ਪਾਤਰ ਦਲਿਤ ਭਾਈਚਾਰੇ ਨਾਲ ਸੰਬੰਧ ਰੱਖਦੀ ਅਜਿਹੀ ਔਰਤ ਹੈ ਜਿਸ ਦਾ ਦੁਖਾਂਤ ਕਈ ਪੱਧਰਾਂ ਉਪਰ ਵਿਚਰਦਾ ਹੈ। ਪਹਿਲਾਂ ਉਸਦਾ ਪੂਰਨ ਨਾਲ ਮੰਗਣਾ ਸਿਰੇ ਨਾ ਚੜ੍ਹਨ ਕਾਰਨ ਪੂਰਨ ਦੀ ਘਾਟ ਉਸ ਦੀ ਜ਼ਿੰਦਗੀ ਦੀ ਸਭ ਤੋਂ ਵੱਡੀ ਘਾਟ ਬਣ ਕੇ ਰਹਿ ਜਾਂਦੀ ਹੈ। ਦੂਜਾ ਪਤੀ ਦੀ ਬੇ-ਵਕਤੀ ਮੌਤ ਉਸ ਨੂੰ ਜ਼ਿੰਦਗੀ ਦੇ ਸਫ਼ਰ 'ਚ ਅੱਧ ਵਿਚਕਾਰੇ ਛੱਡ ਜਾਂਦੀ ਹੈ। ਤੀਜਾ ਧੀਆਂ ਪੁੱਤਰਾਂ ਦਾ ਦੁੱਖ: ਉਸਦਾ ਮੁੰਡਾ ਕਰਤਾਰਾ ਰਾਜਗੀਰੀ ਕਰਦਾ ਤੀਜੀ ਮੰਜਲ ਤੋਂ ਡਿੱਗ ਕੇ ਮਰ ਗਿਆ, ਵੱਡਾ ਮੁੰਡਾ ਹਰਨਾਮਾ ਭਾਵੇਂ ਪੁਲਿਸ 'ਚ ਨੌਕਰੀ ਕਰਦਾ ਸੀ ਪ੍ਰੰਤੂ ਪੰਜਾਬ ਸੰਕਟ ਸਮੇਂ ਦਹਿਸ਼ਤਗਰਦੀ ਦਾ ਸ਼ਿਕਾਰ ਹੋਇਆ ਪਾਗਲ ਹੋ ਗਿਆ ਅਤੇ ਛੋਟਾ ਸੁਰਿੰਦਰ ਬੇ-ਔਲਾਦ ਰਹਿ ਗਿਆ। ਉਸੇ ਤਰ੍ਹਾਂ ਵੱਡੀ ਕੁੜੀ ਘਰ ਬੈਠੀ ਹੈ, ਗੱਭਲੀ ਦੇ ਸਹੁਰੇ ਬੜੇ ਚੰਦਰੇ ਆ, ਛੋਟੀ ਕੁੜੀ ਰੰਡੇਪਾ ਕੱਟ ਰਹੀ ਹੈ। ਭਗਵੰਤ ਦੇ ਸਮੁੱਚੇ ਕਥਾ ਸਾਹਿਤ ਵਾਂਗ ਇਸ ਕਹਾਣੀ ਦੀ ਮੈਂ ਪਾਤਰ ਵੀ ਅਜਿਹੀਆਂ ਕਰੂਰ ਦੁਖਾਂਤਕ ਸਥਿਤੀਆਂ ਦੇ ਬਾਵਜੂਦ ਭਾਵੇਂ ਨਿਰਾਸ਼ ਤਾਂ ਹੈ ਪਰ ਜ਼ਿੰਦਗੀ ਤੋਂ ਉਪਰਾਮ ਹੋਣ ਦੀ ਬਜਾਏ ਇਸ ਨੂੰ 'ਰੱਬ ਦੀ ਰਜ਼ਾ' ਜਾਂ 'ਲੰਘ ਚੱਲੀ' ਵਜੋਂ ਤਸੱਵਰ ਕਰਦੀ ਹੈ।

ਕਹਾਣੀ ਦਾ ਇਕ ਅਹਿਮ ਪਹਿਲੂ ਦਲਿਤਾਂ ਵਿਚ ਆ ਰਹੀ ਚੇਤਨਤਾ ਨੂੰ ਵੀ ਪੇਸ਼ ਕਰਨਾ ਹੈ। ਮੈਂ ਪਾਤਰ ਦੇ ਪੋਤਰੇ ਜਸਦਿਆਲ ਦੇ ਇਹ ਵਿਚਾਰ "ਧਨਵਾਨਾਂ ਦਾ ਪੈਸਾ ਤੇ ਵੱਡੇ ਜ਼ਿਮੀਂਦਾਰਾਂ ਦੀਆਂ ਜ਼ਮੀਨਾਂ ਖੋਹ ਕੇ ਦਲਿਤਾਂ ਵਿਚ ਵੰਡ ਦੇਣੀਆਂ, ਸਾਡੇ ਚੂਹੜੇ-ਚਮਾਰ ਅਜੇ ਵੀ ਬੇ-ਸਮਝ ਹਨ ਸਾਡੇ ਮਗਰ ਸਾਰੇ ਲੱਗ ਨਹੀਂ ਰਹੇ, ਜੇ ਸਾਰੇ ਸਾਡੇ ਮਗਰ ਲੱਗ ਜਾਣ ਤਾਂ ਅਸੀਂ ਦੂਜੇ ਦਿਨ ਰਾਜ ਕਰਨ ਲੱਗ ਜਾਵਾਂਗੇ।" (ਪੰਨਾ-80) ਦਲਿਤਾਂ ਵਿਚ ਪੈਦਾ ਹੋ ਰਹੀ ਚੇਤਨਾ ਦੀ ਗਵਾਹੀ ਭਰਦੇ ਹਨ ਕਿ ਕਿਸ ਤਰ੍ਹਾਂ ਉਹ ਆਰਥਿਕ ਨਾ ਬਰਾਬਰੀ ਪ੍ਰਤੀ ਤਾਂ ਜਾਗਰੂਕ ਹੋਏ ਹੀ ਹਨ। ਉਥੇ ਰਾਜਸੀ ਪੱਖ ਤੋਂ ਜਿੱਥੇ ਪਹਿਲੀ ਪੀੜੀ ਸਿਰਫ਼ ਕਾਂਗਰਸੀ ਪਾਰਟੀ ਨਾਲ ਜੁੜੀ ਪ੍ਰਤੀਤ ਹੁੰਦੀ ਹੈ। ਉਥੇ ਅਜੋਕੇ ਦੌਰ ਵਿਚ ਕਾਂਸੀ ਰਾਮ ਬਹੁਜਨ ਸਮਾਜ ਪਾਰਟੀ ਉਹਨਾਂ ਲਈ ਆਪਣੀ ਵਿਲੱਖਣ ਪਹਿਚਾਣ ਦਾ ਜ਼ਰੀਆ ਬਣਦੀ ਪ੍ਰਤੀਤ ਹੋ ਰਹੀ ਹੈ।

'ਮਰਨ ਰੁੱਤ' ਮੈਂ ਪਾਤਰ ਤੇ ਕੇਂਦਰਤ ਰਹਿੰਦੀ ਕਹਾਣੀ ਹੈ। ਉਂਝ ਕਹਾਣੀ ਦੇ ਕਈ ਪਾਸਾਰ ਹਨ। ਕਹਾਣੀ ਵਿਚਲਾ ਮੈਂ ਪਾਤਰ ਸਾਡੇ ਆਧੁਨਿਕ ਸਮਾਜ ਦੇ ਉਸ ਮਖੌਟਾਧਾਰੀ ਕਲਚਰ 'ਚ ਜਿਉਂਦਾ ਹੈ ਜਿੱਥੇ ਪਿਤਾ ਦੀ ਮੌਤ ਉਪਰ ਅਫਸੋਸ ਕਰਨ ਲਈ ਉਸ ਦੇ ਦੋਸਤ ਸ਼ਰਾਬ ਨੂੰ ਜ਼ਰੀਆ ਬਣਾ ਕੇ ਜਸ਼ਨ ਮਨਾਉਣ ਦਾ ਯਤਨ ਕਰਦੇ ਹਨ। ਕਹਾਣੀ ਵਿਚਲਾ ਸਾਧਨ ਸਪੰਨ ਦਲਿਤ ਪਾਤਰ ਆਪਣੇ ਪਿਉ ਦੁਆਰਾ ਗੁਜ਼ਾਰੀ ਬਦਨਾਮ ਜ਼ਿੰਦਗੀ ਨੂੰ ਛੁਪਾਉਣ/ਲੁਕੋਣ ਕਾਰਨ ਕਈ ਤਰ੍ਹਾਂ ਦੀਆਂ ਮਾਨਸਿਕ ਗੁੰਝਲਾਂ ਦਾ ਸ਼ਿਕਾਰ ਹੈ। ਉਸਦੇ ਅਚੇਤਨ 'ਚ ਪਿਤਾ ਪ੍ਰਤੀ ਈਰਖਾ/ਗੁੱਸਾ ਉਸਦੇ ਬਚਪਨ 'ਚ ਹੀ ਧੁਰ ਅੰਦਰ ਲੱਥ ਜਾਂਦਾ ਹੈ ਜਦੋਂ ਉਸਦੇ ਪਿਉ ਨੂੰ ਪੁਲਿਸ ਦੁਆਰਾ ਦੱਸ ਨੰਬਰੀਆਂ ਐਲਾਨ ਕੇ ਕਈ ਥਾਣਿਆਂ ਵਿਚ ਫੋਟੋ ਲਗਾ ਦਿੱਤੀ ਜਾਂਦੀ ਹੈ।




ਮੈਂ ਪਾਤਰ ਦੀ ਮਾਂ ਜਿਸਨੂੰ ਉਸਦੇ ਪਤੀ ਨੇ ਸਾਰੀ ਉਮਰ ਕੋਈ ਸੁੱਖ ਨਹੀਂ ਦਿੱਤਾ ਉਹ ਵੀ ਪਤਾ ਨਹੀਂ ਕਿਹੜੇ ਸੰਸਕਾਰਾਂ ਅਧੀਨ ਜਾਂ ਮਜ਼ਬੂਰੀਆਂ ਵੱਸ ਆਪਣੇ ਪਤੀ ਦੀਆਂ ਲੋੜਾਂ ਪੂਰਤੀ ਕਰਦੀ ਜਾਪਦੀ ਹੈ, "ਚੱਲ ਕਾਕਾ ਦਿਖਾ ਦੇ ਏਹਨੂੰ ਡਾਕਟਰ ਦੇ" (ਪੰਨਾ-100) ਸਾਡੇ ਸੰਸਕਾਰ ਕਰੂਰ ਪ੍ਰਸਥਿਤੀਆਂ ਉਪਰ ਵੀ ਭਾਰੂ ਪੈਂਦੇ ਜਾਪਦੇ ਹਨ। ਦੂਜੇ ਪਾਸੇ ਮੌਤ ਦਾ ਡਰ ਕਿਸ ਤਰ੍ਹਾਂ ਸਾਡੇ ਅਚੇਤਨ 'ਚ ਵਸਿਆ ਹੈ ਇਸ ਦਾ ਪਤਾ ਮੈਂ ਪਾਤਰ ਦੇ ਪਿਤਾ ਦੀ ਸਥਿਤੀ ਤੋਂ ਲੱਗਦਾ ਹੈ ਜਦੋਂ ਪਿੰਡ ਦਾ ਡਾਕਟਰ ਉਸਨੂੰ ਹਾਰਟ ਅਟੈਕ ਦੇ ਦੋ ਦੌਰੇ ਪੈਣ ਤੋਂ ਬਾਅਦ ਤੀਜੇ ਸਮੇਂ ਸੰਭਾਵੀ ਮੌਤ ਦੇ ਖਤਰੇ ਦਾ ਜ਼ਿਕਰ ਕਰਦਾ ਹੈ। "ਤੇ ਮੇਰਾ ਪਿਓ ਭੱਜਾ ਆਇਆ ਸੀ, ਮੈਂ ਉਸਦੇ ਵੱਲ ਗਹੁ ਨਾਲ ਦੇਖਿਆ, "ਉਹਦੇ ਚਿਹਰੇ ਤੇ ਮਰਨ ਬਿੰਦੂ ਬਹੁਤ ਗੂੜਾ ਹੋ ਰਿਹਾ ਹੈ।" (ਪੰਨਾ-100)

ਦਲਿਤ ਵਰਗ ਨਾਲ ਸੰਬੰਧਤ ਔਰਤ ਤ੍ਰਾਸਦੀ ਦੀ ਕਹਾਣੀ ਹੈ 'ਡਾਕੂਮੈਂਟਰੀ'। ਭਾਵੇਂ ਸਾਡੇ ਸਮਾਜ ਵਿਚ ਔਰਤ ਦੀ ਸਥਿਤੀ ਦੂਜੈਲੀ ਹੈ ਪਰ ਦਲਿਤ ਸਮਾਜ ਵਿਚ ਔਰਤ ਦੀ ਸਥਿਤੀ ਹੋਰ ਵੀ ਜ਼ਿਆਦਾ ਦੁਖਾਂਤਕ, ਜਿੱਥੇ ਇਕ ਪਾਸੇ ਉਹ ਜਾਤੀ ਵਿਤਕਰੇ ਦਾ ਸ਼ਿਕਾਰ ਹੈ ਉਥੇ ਅਨਪੜ੍ਹ ਤੇ ਆਰਥਿਕ ਤੌਰ ਤੇ ਪੱਛੜੇ ਹੋਣ ਕਰਕੇ ਸਮਾਜ ਵਿਚ ਗੁਲਾਮਾਂ ਵਰਗੀ ਸਥਿਤੀ ਭੋਗਦੀ ਹੈ। ਕਹਾਣੀ ਵਿਚਲੀ ਮਾਸੀ ਵਰਿਆਮੀ ਨੂੰ ਉਸਦਾ ਪਤੀ ਤੇ ਪੁੱਤਰ ਨੇ ਛੱਡ ਕੇ ਭਰਾਵਾਂ ਕੋਲ ਬਿਠਾ ਦਿੱਤਾ। ਆਪਣੇ ਪੇਕੇ ਪਰਿਵਾਰ ਬੈਠੀ ਵੀ ਮਾਸੀ ਆਪਣੀ ਔਲਾਦ ਪ੍ਰਤੀ ਪੂਰੀ ਤਰ੍ਹਾਂ ਚਿੰਤਤ ਦਿਖਾਈ ਦਿੰਦੀ ਹੈ। ਉਹ ਆਪਣੀ 'ਢਿੱਡ ਦੀ ਆਦਰ' ਆਪਣੇ ਪੁੱਤਰ ਨਾਲ ਰਿਸ਼ਤਾ ਜੋੜੀ ਰੱਖਣਾ ਚਾਹੁੰਦੀ ਹੈ। ਉਸ ਦੇ ਮਨ ਵਿਚ ਆਪਣੀ ਔਲਾਦ ਪ੍ਰੀਤ ਮਾਂ ਵਾਲੀਆਂ ਕਈ ਤਰ੍ਹਾਂ ਦੀਆਂ ਖਵਾਹਿਸ਼ਾਂ ਵੀ ਹਨ ਜਿਵੇਂ "ਜੇ ਮੁੰਡਾ ਮੇਰੇ ਕੋਲ ਹੁੰਦਾ ਮੈਂ ਉਹਦੇ ਸਾਰੇ ਸ਼ਗਨ ਕਰਨੇ ਸੀ। ਆਪਣੀ ਨੂੰਹ ਤੋਂ ਪਾਣੀ ਵਾਰ ਕੇ ਪੀਣਾ ਸੀ। ਕੁੜਮਣੀ ਨਾਲ ਮਿਲਣੀ ਕਰਨੀ ਸੀ," (ਪੰਨਾ-115) ਕਹਾਣੀਕਾਰ ਨੇ ਦਲਿਤ ਔਰਤ ਦੇ ਮਨ ਦੀਆਂ ਵਿਭਿੰਨ ਤੈਹਾਂ ਵਿਚ ਲੱਥ ਕੇ ਯਥਾਰਥਕ ਚਿੱਤਰਣ ਕੀਤਾ ਹੈ ਕਿ ਕਿਸ ਤਰ੍ਹਾਂ ਉਹ ਜ਼ਿੰਦਗੀ ਦੇ ਹਰ ਪੜਾਅ ਤੇ ਦੁੱਖ ਝੱਲਦੀ ਹੋਈ ਵੀ ਪੁੱਤਰ ਮੋਹ ਤੋਂ ਮੁਕਤ ਨਹੀਂ ਹੋ ਪਾਉਂਦੀ।

ਸਮੁੱਚੇ ਪੰਜਾਬੀ ਕਥਾ ਸਾਹਿਤ ਦੇ ਇਤਿਹਾਸ ਤੇ ਝਾਤ ਪਾਈ ਜਾਵੇ ਤਾਂ ਦਲਿਤ ਵਰਗ ਦੀ ਕਹਾਣੀ ਹਰ ਦੌਰ 'ਚ ਲਿਖੀ ਜਾਂਦੀ ਰਹੀ ਹੈ। ਪ੍ਰੰਤੂ ਅਜੋਕੀ ਪੰਜਾਬੀ ਕਹਾਣੀ 'ਚ ਭਗਵੰਤ ਰਸੂਲਪੁਰੀ ਅਜਿਹਾ ਕਹਾਣੀਕਾਰ ਹੈ ਜੋ ਦਲਿਤ ਚਿੰਤਨ ਦੀ ਪਰੰਪਰਾ ਨੂੰ ਅੱਗੇ ਹੀ ਨਹੀਂ ਤੋਰਦਾ ਸਗੋਂ ਦਲਿਤ ਲੋਕਾਂ ਦੇ ਮਨਾਂ ਦੀਆਂ ਬਹੁ-ਪਰਤਾਂ ਦਾ ਸੂਖ਼ਮਮਈ ਚਿਤੇਰਾ ਵੀ ਹੋ ਨਿਬੜਦਾ ਹੈ। ਰਸੂਲਪੁਰੀ ਪੰਜਾਬੀ ਕਹਾਣੀ ਨੂੰ ਇਕ ਨਵੇਂ ਅਨੁਭਵ ਤੇ ਨਵੀਂ ਕਥਾ-ਸ਼ੈਲੀ ਰਾਹੀਂ ਪੇਸ਼ ਕਰਨ ਵਾਲਾ ਸ਼ੱਸਕਤ ਕਥਾਕਾਰ ਹੈ ਜੋ ਖਾਸ ਤੌਰ ਤੇ ਦੁਆਬੇ ਖਿੱਤੇ ਦੇ ਦਲਿਤ ਅਤੇ ਔਰਤਾਂ ਦੀਆਂ ਵਿਭਿੰਨ ਪਰਤਾਂ ਉਘਾੜਦਾ ਹੈ। 'ਮਰਨ ਰੁੱਤ' ਕਹਾਣੀ ਸੰਗ੍ਰਹਿ ਉਸਦੇ ਕਥਾ ਸਫ਼ਰ ਦਾ ਇਕ ਪੜਾਅ ਹੈ ਮੁਕਾਮ ਨਹੀਂ। ਪੰਜਾਬੀ ਦੇ ਇਸ ਦਰਵੇਸ਼ ਕਹਾਣੀਕਾਰ ਤੋਂ ਪੰਜਾਬੀ ਕਹਾਣੀ ਦੇ ਪਾਠਕ ਵਰਗ ਨੂੰ ਕਾਫੀ ਉਮੀਦਾਂ ਹਨ।

## ਦਲਵੀਰ ਕੌਰ ਦਾ ਨਵਾਂ
## ਕਾਵਿ-ਸੰਗ੍ਰਹਿ





ਸੰਜੋਅ ਲਿਆ ਹੈ
ਤੀਜੇ ਨੇਤਰ 'ਚ
ਅਣਥੱਕ ਸੁਪਨਾ
ਤੁਰਨਾ ਹੈ ਅੰਦਰਲੇ
ਚਾਨਣ ਦੀ ਲੋਏ
ਝਾਕਣ ਲਈ ਸਿਰਜੇ

**ਲੋਕਗੀਤ ਪ੍ਰਕਾਸ਼ਨ**
**ਚੰਡੀਗੜ੍ਹ**



ਸਮਰੱਥ ਕਹਾਣੀਕਾਰ
## ਹਰਜਿੰਦਰ ਸਿੰਘ ਸੂਰੇਵਾਲੀਆ
ਦਾ ਨਵਾਂ ਕਹਾਣੀ-ਸੰਗ੍ਰਹਿ




ਉਸਦੀਆਂ ਕਹਾਣੀਆਂ ਸਾਧਾਰਨ ਮਨੁੱਖ ਦੀ ਸਾਧਾਰਨਤਾ ਦਾ ਉਲੇਖ ਕਰਦੀਆਂ ਬੇਹੱਦ ਸਹਿਜ ਭਾਅ ਹੀ ਪਾਠਕਾਂ ਨੂੰ ਅਜਿਹੇ ਬਿੰਦੂਆਂ ਵੱਲ ਤੋਰ ਲੈ ਜਾਂਦੀਆਂ ਹਨ, ਜਿਹਨਾਂ ਤੋਂ ਪਾਠਕ ਜਾਣੂ ਤਾਂ ਭਾਵੇਂ ਪਹਿਲੋਂ ਵੀ ਹੁੰਦਾ ਹੈ, ਪਰ ਇਹਨਾਂ ਅੰਦਰਲੀ ਪੇਚੀਦਗੀ ਤੇ ਗੰਭੀਰਤਾ ਉਸਦੀ ਸੂਝ-ਬੂਝ ਦਾ ਹਿੱਸਾ ਨਹੀਂ ਬਣੀ ਹੁੰਦੀ।.....ਉਸ ਦੀਆਂ ਕਹਾਣੀਆਂ ਦਾ ਦੂਜਾ ਅਹਿਮ ਪਹਿਲੂ ਮਨੁੱਖ ਦੇ ਜਿਣਸੀ ਤੇ ਸੰਭੋਗੀ ਅਮਲਾਂ ਨੂੰ ਅਜਿਹੀ ਸੱਭਿਅਕ ਦ੍ਰਿਸ਼ਟੀ ਅਤੇ ਸੰਕੇਤਕ ਭਾਸ਼ਾ-ਬੋਲੀ ਰਾਹੀਂ ਪੇਸ਼ ਕਰਨਾ ਹੈ, ਜਿਸ ਦੀ ਉਦਾਹਰਣ ਸ਼ਾਇਦ ਅਜੋਕੀ ਪੰਜਾਬੀ ਕਹਾਣੀ-ਲੇਖਣੀ ਵਿਚ ਅਸਲੋਂ ਹੀ ਗਾਇਬ ਦਿਸਦੀ ਹੈ।

**-ਲਾਲ ਸਿੰਘ**

ਪੰਨੇ : **92** ਮੁੱਲ : **130 ਰੁਪਏ**
ਪ੍ਰਕਾਸ਼ਕ-ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ

ਹਰਜੀਤ ਅਟਵਾਲ ਮਾਲਕ ਤੇ ਪ੍ਰਕਾਸ਼ਕ ਨੇ ਛਾਪੜਾ ਪ੍ਰਿੰਟਿੰਗ ਪ੍ਰੈਸ, ਡੰਨ ਮੁਹੱਲਾ, ਜਲੰਧਰ ਤੋਂ ਛਪਵਾ ਕੇ ਪਿੰਡ ਤੇ ਡਾਕਖਾਨਾ ਫਰਾਲਾ, ਜ਼ਿਲ੍ਹਾ ਜਲੰਧਰ ਤੋਂ ਜਾਰੀ ਕੀਤਾ।